ਸੋਮਵਾਰ, 20 ਜਨਵਰੀ, 2025
7 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 231

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 20 JANUARY, 2025 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



ਰਾਸ਼ਟਰਪਤੀ ਦੀ ਸਹੁੰ ਚੁੱਕਣ ਤੋਂ ਪਹਿਲਾਂ ਡੋਨਾਲਡ ਟਰੰਪ ਨੂੰ ਮਿਲਦੇ ਹੋਏ ਰਿਲਾਇੰਸ ਦੇ ਮਾਲਕ ਮੁਕੇਸ਼ ਅੰਬਾਨੀ ਤੇ ਉਨ੍ਹਾ ਦੀ ਪਤਨੀ ਅਨੀਤਾ ਅੰਬਾਨੀ।

## ਡੱਲੇਵਾਲ ਦੇ ਡਰਿੱਪ ਲੱਗੀ

**ਮੂਨਕ/ਸਮਰਾਲਾ (ਰਾਜਪਾਲ ਸਿੰਗਲਾ/ਸੁਰਜੀਤ ਸਿੰਘ)**

ਕੇਂਦਰ ਸਰਕਾਰ ਤੋਂ 14 ਫਰਵਰੀ ਨੂੰ ਮੀਟਿੰਗ ਦੇ ਮਿਲੇ ਸੱਦੇ ਤੋਂ ਬਾਅਦ ਜਿੱਥੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਡਾਕਟਰੀ ਸਹਾਇਤਾ ਲੈਣੀ ਸ਼ੁਰੂ ਕਰ ਦਿੱਤੀ ਹੈ, ਉੱਥੇ ਹੀ ਉਨ੍ਹਾਂ ਨਾਲ ਯਕਜ਼ਹਿਤੀ ਵਜੋਂ ਮਰਨ ਵਰਤ ਰੱਖਣ ਵਾਲੇ ਪੰਜਾਬ ਦੇ 111 ਕਿਸਾਨਾਂ ਨੇ ਪੰਜਵੇਂ ਤੇ ਹਰਿਆਣਾ ਦੇ 10 ਕਿਸਾਨਾਂ ਨੇ ਤੀਜੇ ਦਿਨ ਐਤਵਾਰ ਆਪਣਾ ਮਰਨ ਵਰਤ ਖਤਮ ਕਰ ਦਿੱਤਾ। ਖਨੌਰੀ ਬਾਰਡਰ 'ਤੇ ਮੌਜੂਦ ਡਾਕਟਰਾਂ ਦੀ ਟੀਮ ਨੇ ਸ਼ਨਿੱਚਰਵਾਰ ਅੱਧੀ ਰਾਤ ਤੋਂ ਡੱਲੇਵਾਲ ਦਾ ਇਲਾਜ ਸ਼ੁਰੂ ਕਰਦਿਆਂ ਡਰਿੱਪ ਲਾ ਦਿੱਤੀ। ਉਂਜ ਡੱਲੇਵਾਲ ਨੇ ਕਿਹਾ ਕਿ ਉਹ ਕੇਂਦਰ ਨਾਲ 14 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਤੱਕ ਮਰਨ ਵਰਤ ਜਾਰੀ ਰੱਖਣਗੇ। ਕਿਸਾਨ ਆਗੂਆਂ ਕਾਕਾ ਸਿੰਘ ਕੋਟੜਾ, ਸੁਖਜੀਤ ਸਿੰਘ ਹਰਦੋਝੰਡੇ ਤੇ ਬਲਦੇਵ ਸਿੰਘ ਸਿਰਸਾ ਨੇ 121 ਕਿਸਾਨਾਂ ਨੂੰ ਜੂਸ ਪਿਆ ਕੇ ਮਰਨ ਵਰਤ ਖਤਮ ਕਰਵਾਇਆ ਤੇ ਉਨ੍ਹਾਂ ਨੂੰ ਹਰਿਆਣਾ ਸਰਹੱਦ ਤੋਂ ਜੈਕਾਰਿਆਂ ਦੀ ਗੂੰਜ 'ਚ ਮੋਰਚੇ ਵਾਲੀ ਥਾਂ 'ਤੇ ਵਾਪਸ ਲਿਆਂਦਾ ਗਿਆ। ਕੋਟੜਾ ਨੇ ਕਿਹਾ ਕਿ ਅੰਦੋਲਨ ਅਜੇ ਖਤਮ ਨਹੀਂ ਹੋਇਆ ਹੈ, ਸਗੋਂ ਕੇਂਦਰ ਨਾਲ ਗੱਲਬਾਤ ਦਾ ਦੌਰ ਮੁੜ ਸ਼ੁਰੂ ਹੋਣ ਜਾ ਰਿਹਾ ਹੈ, ਜੋ ਪਿਛਲੇ ਸਾਲ ਫਰਵਰੀ ਤੋਂ ਰੁਕਿਆ ਹੋਇਆ ਸੀ। ਕਿਸਾਨਾਂ ਦੇ ਸੰਘਰਸ਼ ਦੇ ਦਬਾਅ ਅੱਗੇ ਝੁਕਦਿਆਂ ਕੇਂਦਰ ਸਰਕਾਰ ਨੇ ਡੈੱਡਲਾਕ ਨੂੰ ਤੋੜਦਿਆਂ ਗੱਲਬਾਤ ਦੀ ਤਜਵੀਜ਼ ਭੇਜੀ। ਇਸੇ ਦੌਰਾਨ ਪਟਿਆਲਾ ਰੇਂਜ ਦੇ ਡੀ ਆਈ ਜੀ ਮਨਦੀਪ ਸਿੰਘ ਸਿੱਧੂ ਤੇ ਐੱਸ ਐੱਸ ਪੀ ਡਾ. ਨਾਨਕ ਸਿੰਘ ਡੱਲੇਵਾਲ ਨੂੰ ਮੈਡੀਕਲ ਸਹਾਇਤਾ ਲੈਣ ਦੌਰਾਨ ਮਿਲੇ।



### ਡਾ. ਸਵੈਮਾਨ ਨੇ ਮੀਟਿੰਗ 14 ਤੱਕ ਲਟਕਾਉਣ 'ਤੇ ਸਵਾਲ ਚੁੱਕਿਆ

**ਚੰਡੀਗੜ੍ਹ** : ਡਾ. ਸਵੈਮਾਨ ਸਿੰਘ ਨੇ ਡੱਲੇਵਾਲ ਦੇ ਇਲਾਜ ਨੂੰ ਲੈ ਕੇ ਸਵਾਲ ਚੁੱਕਦਿਆਂ ਕਿਹਾ ਹੈ ਕਿ ਗੱਲਬਾਤ ਸ਼ੁਰੂ ਕਰਨ ਦੀ 14 ਫਰਵਰੀ ਦੀ ਤਰੀਕ ਤੱਕ ਉਨ੍ਹਾ ਨੂੰ ਜਿਉਂਦਾ ਰੱਖਣਾ ਬਿਲਕੁਲ ਅਸੰਭਵ ਹੈ। ਉਨ੍ਹਾ ਦੀ ਸਿਹਤ ਨੂੰ ਲੈ ਕੇ ਗਲਤ ਜਾਣਕਾਰੀ ਫੈਲਾਈ ਜਾ ਰਹੀ ਹੈ। ਉਨ੍ਹਾ ਕਿਹਾ ਹੈ ਕਿ ਜੇ ਕੇਂਦਰ ਸਰਕਾਰ ਸੰਜੀਦਾ ਹੈ ਤਾਂ 14 ਤਰੀਕ ਦੀ ਉਡੀਕ ਕਿਉਂ ਕੀਤੀ ਜਾ ਰਹੀ ਹੈ। ਡੱਲੇਵਾਲ ਕੋਲ ਇੱਕ ਪੱਕੇ ਸਰਕਾਰੀ ਡਾਕਟਰ ਦੀ ਲੋੜ ਹੈ।

### ਕੇਂਦਰ ਤੁਰੰਤ ਗੱਲ ਕਰੇ : ਖੁੱਡੀਆਂ

**ਚੰਡੀਗੜ੍ਹ** : ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਤਵਾਰ ਕਿਹਾ ਕਿ ਜੇ ਕੇਂਦਰ ਸਰਕਾਰ ਦੇ ਇਰਾਦੇ ਠੀਕ ਹਨ ਤਾਂ ਉਸ ਨੂੰ ਧਰਨਾਕਾਰੀ ਕਿਸਾਨਾਂ ਨਾਲ 14 ਫਰਵਰੀ ਦੀ ਥਾਂ ਇਕ ਜਾਂ ਦੋ ਦਿਨਾਂ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ।

## ਮਹਾਂਕੁੰਭ 'ਚ ਸਿਲੰਡਰ ਫਟਣ ਨਾਲ 18 ਟੈਂਟ ਸੜੇ



**ਪ੍ਰਯਾਗਰਾਜ** : ਇਥੇ ਚੱਲ ਰਹੇ ਮਹਾਕੁੰਭ ਮੇਲੇ ਦੌਰਾਨ ਐਤਵਾਰ ਸਿਲੰਡਰਾਂ ਵਿੱਚ ਹੋਏ ਧਮਾਕੇ ਕਰਕੇ 18 ਟੈਂਟਾਂ ਨੂੰ ਅੱਗ ਲੱਗ ਗਈ। ਅਖਾੜਾ ਪੁਲਸ ਥਾਣੇ ਦੇ ਇੰਚਾਰਜ ਭਾਸਕਰ ਮਿਸ਼ਰਾ ਨੇ ਕਿਹਾ—ਮਹਾਕੁੰਭ ਮੇਲੇ ਦੇ ਸੈਕਟਰ 19 ਵਿੱਚ ਦੋ ਸਿਲੰਡਰਾਂ 'ਚ ਧਮਾਕਿਆਂ ਨਾਲ ਅੱਗ ਲੱਗੀ। ਪ੍ਰਯਾਗਰਾਜ ਦੇ ਡੀ ਸੀ ਨੇ ਕਿਹਾ ਕਿ ਅੱਗ ਸ਼ਾਮੀਂ ਸਾਢੇ ਚਾਰ ਵਜੇ ਗੀਤਾ ਪ੍ਰੈੱਸ ਦੇ ਟੈਂਟ ਵਿੱਚ ਲੱਗੀ। ਕਿਸੇ ਜਾਨੀ ਨੁਕਸਾਨ ਦੀ ਖਬਰ ਨਹੀਂ ਹੈ ਤੇ ਸਥਿਤੀ ਕੰਟਰੋਲ ਵਿੱਚ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਨੇ ਘਟਨਾਸਥਾਨ ਦਾ ਦੌਰਾ ਕੀਤਾ ਅਤੇ ਅੱਗ ਬੁਝਾਉਣ ਵਾਲਿਆਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਵੀ ਯੋਗੀ ਨੂੰ ਫੋਨ ਕਰਕੇ ਹਾਲ ਜਾਣਿਆ। ਮਹਾਕੁੰਭ-2025 ਦੇ ਅਧਿਕਾਰਤ ਐਕਸ ਹੈਂਡਲ ਤੋਂ ਜਾਰੀ ਪੋਸਟ ਵਿੱਚ ਕਿਹਾ ਗਿਆ—ਬਹੁਤ ਦੁਖਦਾਈ! ਮਹਾਕੁੰਭ ਵਿਚ ਅੱਗ ਲੱਗਣ ਦੀ ਘਟਨਾ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ। ਪ੍ਰਸ਼ਾਸਨ ਵੱਲੋਂ ਫੌਰੀ ਰਾਹਤ ਤੇ ਬਚਾਅ ਕਾਰਜ ਯਕੀਨੀ ਬਣਾਏ ਗਏ ਹਨ। ਅਸੀਂ ਹਰ ਕਿਸੇ ਦੀ ਸੁਰੱਖਿਆ ਲਈ ਮਾਂ ਗੰਗਾ ਅੱਗੇ ਪ੍ਰਾਰਥਨਾ ਕਰਦੇ ਹਾਂ।

### ਗਿਆਨੇਂਦਰ ਪ੍ਰਤਾਪ ਸਿੰਘ ਸੀ ਆਰ ਪੀ ਐੱਫ ਦੇ ਨਵੇਂ ਡੀ ਜੀ



**ਨਵੀਂ ਦਿੱਲੀ** : ਅਸਾਮ ਦੇ ਡੀ ਜੀ ਪੀ ਗਿਆਨੇਂਦਰ ਪ੍ਰਤਾਪ ਸਿੰਘ ਨੂੰ ਸੀ ਆਰ ਪੀ ਐੱਫ ਦਾ ਨਵਾਂ ਡਾਇਰੈਕਟਰ ਜਨਰਲ ਨਿਯੁਕਤ ਕੀਤਾ ਗਿਆ ਹੈ। ਉਹ 1991 ਬੈਚ ਦੇ ਅਸਾਮ-ਮੇਘਾਲਿਆ ਕੇਡਰ ਦੇ ਆਈ ਪੀ ਐੱਸ ਅਧਿਕਾਰੀ ਹਨ। ਕੇਂਦਰੀ ਅਮਲਾ ਮੰਤਰਾਲੇ ਮੁਤਾਬਕ ਸਿੰਘ ਦਾ ਕਾਰਜਕਾਲ ਉਨ੍ਹਾ ਦੀ ਸੇਵਾਮੁਕਤੀ ਦੀ ਉਮਰ 30 ਨਵੰਬਰ 2027 ਤੱਕ ਰਹੇਗਾ। ਅਨੀਸ਼ ਦਿਆਲ ਸਿੰਘ ਦੀ 31 ਦਸੰਬਰ 2024 ਨੂੰ ਸੇਵਾਮੁਕਤੀ ਮਗਰੋਂ ਵਿਤੁਲ ਕੁਮਾਰ ਕੋਲ ਸੀ ਆਰ ਪੀ ਐੱਫ ਮੁਖੀ ਦਾ ਕਾਰਜਕਾਰੀ ਚਾਰਜ ਸੀ।

### ਪੈਰਾਗਲਾਈਡਿੰਗ ਦੌਰਾਨ ਮਹਿਲਾ ਤੇ ਇੰਸਟਰੱਕਟਰ ਦੀ ਮੌਤ

**ਪਣਜੀ** : ਉੱਤਰੀ ਗੋਆ ਵਿੱਚ ਪੈਰਾਗਲਾਈਡਿੰਗ ਕਰਦਿਆਂ ਪੁਣੇ ਦੀ ਰਹਿਣ ਵਾਲੀ ਸੈਲਾਨੀ ਸ਼ਿਵਾਨੀ ਦਾਬਲੇ (27) ਤੇ ਉਸ ਦੇ ਇੰਸਟਰੱਕਟਰ ਸੁਮਲ ਨੇਪਾਲੀ (26) ਦੀ ਸ਼ਨਿੱਚਰਵਾਰ ਸ਼ਾਮੀਂ ਪੰਜ ਵਜੇ ਦੇ ਕਰੀਬ ਕੇਰੀ ਪਿੰਡ ਕੋਲ ਖੱਡ 'ਚ ਡਿੱਗਣ ਕਾਰਨ ਮੌਤ ਹੋ ਗਈ। ਅਧਿਕਾਰੀ ਨੇ ਕਿਹਾ ਕਿ ਦਾਬਲੇ ਨੇ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੀ ਐਡਵੈਂਚਰ ਸਪੋਰਟਸ ਕੰਪਨੀ ਨਾਲ ਪੈਰਾਗਲਾਈਡਿੰਗ ਕੀਤੀ। ਦੋਵਾਂ ਨੇ ਜਿਵੇਂ ਹੀ ਇੱਕ ਚੋਟੀ ਤੋਂ ਉਡਾਣ ਭਰੀ, ਪੈਰਾਗਲਾਈਡਰ ਖੱਡ ਵਿੱਚ ਡਿੱਗ ਗਿਆ। ਐਡਵੈਂਚਰ ਸਪੋਰਟਸ ਕੰਪਨੀ ਦੇ ਮਾਲਕ ਸ਼ੇਖਰ ਰਾਇਜ਼ਾਦਾ ਖਿਲਾਫ ਮਨੁੱਖੀ ਜਾਨ ਖਤਰੇ ਵਿੱਚ ਪਾਉਣ ਤਹਿਤ ਮੈਂਡਰਮ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ।

### ਮਨੂੰ ਭਾਕਰ ਦੇ ਮਾਮੇ ਤੇ ਨਾਨੀ ਦੀ ਹਾਦਸੇ 'ਚ ਮੌਤ

**ਚੰਡੀਗੜ੍ਹ** : ਪੈਰਿਸ ਉਲੰਪਿਕ 'ਚ ਦੋ ਕਾਂਸੀ ਤਮਗੇ ਜਿੱਤਣ ਵਾਲੀ ਨਿਸ਼ਾਨੇਬਾਜ਼ ਮਨੂੰ ਭਾਕਰ ਦੀ ਨਾਨੀ ਤੇ ਮਾਮੇ ਦੀ ਐਤਵਾਰ ਸਵੇਰੇ ਹਰਿਆਣਾ ਦੇ ਚਰਖੀ ਦਾਦਰੀ 'ਚ ਮਹਿੰਦਰਗੜ੍ਹ ਬਾਈਪਾਸ 'ਤੇ ਮੌਤ ਹੋ ਗਈ, ਜਦੋਂ ਉਨ੍ਹਾਂ ਦੇ ਸਕੂਟਰ ਦੀ ਬਰੇਜ਼ਾ ਕਾਰ ਨਾਲ ਟੱਕਰ ਹੋ ਗਈ। ਹਾਦਸੇ ਮਗਰੋਂ ਕਾਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

## ਹਮਾਸ ਤੇ ਇਜ਼ਰਾਈਲ ਵਿਚਾਲੇ ਜੰਗਬੰਦੀ ਦਾ ਅਮਲ ਸ਼ੁਰੂ

**ਡੀਰ-ਅਲ-ਬਲਾਹ (ਗਾਜ਼ਾ ਪੱਟੀ)**

ਹਮਾਸ ਵੱਲੋਂ ਰਿਹਾਅ ਕੀਤੇ ਜਾਣ ਵਾਲੇ ਤਿੰਨ ਬੰਦੀਆਂ ਦੇ ਨਾਂਅ ਦੱਸਣ ਮਗਰੋਂ ਐਤਵਾਰ ਗਾਜ਼ਾ ਵਿੱਚ ਤਿੰਨ ਘੰਟੇ ਦੀ ਦੇਰੀ ਨਾਲ ਜੰਗਬੰਦੀ ਦਾ ਅਮਲ ਸ਼ੁਰੂ ਹੋ ਗਿਆ। ਜੰਗਬੰਦੀ ਦੇ ਪਹਿਲੇ ਗੇੜ ਤਹਿਤ ਗਾਜ਼ਾ ਤੋਂ 33 ਬੰਦੀਆਂ ਨੂੰ ਰਿਹਾਅ ਕੀਤਾ ਜਾਵੇਗਾ, ਜਦੋਂਕਿ ਇਜ਼ਰਾਈਲ ਸੈਂਕੜੇ ਫਲਸਤੀਨੀ ਕੈਦੀਆਂ ਤੇ ਹੋਰ ਬੰਦੀਆਂ ਨੂੰ ਰਿਹਾਅ ਕਰੇਗਾ। ਇਜ਼ਰਾਈਲੀ ਫੌਜਾਂ ਗਾਜ਼ਾ ਅੰਦਰ ਬਫ਼ਰ ਜ਼ੋਨ 'ਚੋਂ ਪਿੱਛੇ ਹਟਣਗੀਆਂ ਤੇ ਘਰੋਂ ਬੇਘਰ ਹੋਏ ਫਲਸਤੀਨੀ ਘਰਾਂ ਨੂੰ ਮੁੜਨਗੇ। ਗਾਜ਼ਾ ਦੇ ਸਿਹਤ ਮੰਤਰਾਲੇ ਮੁਤਾਬਕ ਪਿਛਲੇ 14 ਮਹੀਨਿਆਂ ਤੋਂ ਜਾਰੀ ਜੰਗ ਵਿੱਚ ਹੁਣ ਤੱਕ 46000 ਤੋਂ ਵੱਧ ਫਲਸਤੀਨੀਆਂ ਦੀ ਜਾਨ ਜਾਂਦੀ ਰਹੀ ਹੈ।



ਬੇਘਰ ਹੋਏ ਫਲਸਤੀਨੀ ਗਾਜ਼ਾ ਪੱਟੀ 'ਚ ਆਪਣੇ ਘਰਾਂ ਨੂੰ ਮੁੜਦੇ ਹੋਏ।

ਇਸ ਤੋਂ ਪਹਿਲਾਂ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਐਤਵਾਰ ਵੱਡੇ ਤੜਕੇ ਕਿਹਾ ਸੀ ਕਿ ਗਾਜ਼ਾ ਵਿੱਚ ਜੰਗਬੰਦੀ ਦਾ ਅਮਲ ਉਦੋਂ ਤੱਕ ਸ਼ੁਰੂ ਨਹੀਂ ਹੋਵੇਗਾ, ਜਦੋਂ ਤੱਕ ਹਮਾਸ ਉਨ੍ਹਾਂ ਤਿੰਨ ਬੰਦੀਆਂ ਦੇ ਨਾਂਅ ਮੁਹੱਈਆ ਨਹੀਂ ਕਰਵਾਉਂਦਾ, ਜਿਨ੍ਹਾਂ ਨੂੰ ਤਿੰਨ ਫਲਸਤੀਨੀ ਕੈਦੀਆਂ ਬਦਲੇ ਛੱਡਿਆ ਜਾਣਾ ਹੈ। ਇਜ਼ਰਾਈਲ ਨੇ ਐਲਾਨ ਕੀਤਾ ਕਿ ਉਸ ਨੂੰ ਆਪਣੇ ਫੌਜੀ ਓਰੋਨ ਸ਼ੌਲ ਦੀ ਲਾਸ਼ ਮਿਲ ਗਈ ਹੈ, ਜੋ 2014 ਇਜ਼ਰਾਈਲ-ਹਮਾਸ ਜੰਗ ਵਿੱਚ ਗੋਲੀਬੰਦੀ ਤੋਂ ਠੀਕ ਪਹਿਲਾਂ ਵਿਸ਼ੇਸ਼ ਅਪਰੇਸ਼ਨ ਦੌਰਾਨ ਮਾਰਿਆ ਗਿਆ ਸੀ। 2014 ਦੀ ਜੰਗ ਮਗਰੋਂ ਸ਼ੌਲ ਤੇ ਇਕ ਹੋਰ ਇਜ਼ਰਾਈਲੀ ਫੌਜੀ ਹੈਦਰ ਗੋਲਡਿਨ ਦੀਆਂ ਦੇਹਾਂ ਗਾਜ਼ਾ ਵਿੱਚ ਰਹਿ ਗਈਆਂ ਸਨ। ਇਨ੍ਹਾਂ ਫੌਜੀਆਂ ਦੇ ਪਰਵਾਰਾਂ ਵੱਲੋਂ ਕੀਤੇ ਜਨਤਕ ਅੰਦੋਲਨਾਂ ਦੇ ਬਾਵਜੂਦ ਲਾਸ਼ਾਂ ਨਹੀਂ ਮੋੜੀਆਂ ਗਈਆਂ ਸਨ। ਹਮਾਸ ਨੇ ਕਿਹਾ ਕਿ ਤਕਨੀਕੀ ਕਾਰਨਾਂ ਕਰਕੇ ਨਾਂਅ ਦੇਣ ਵਿੱਚ ਦੇਰੀ ਹੋਈ। ਉਹ ਜੰਗਬੰਦੀ ਕਰਾਰ ਨੂੰ ਅਮਲ ਵਿੱਚ ਲਿਆਉਣ ਲਈ ਵਚਨਬੱਧ ਹੈ।

## ਕੇਜਰੀਵਾਲ ਦੀ ਗੱਡੀ 'ਤੇ ਹਮਲਾ ਕਰਨ ਵਾਲੇ ਭਾਜਪਾ ਉਮੀਦਵਾਰ ਦੇ ਕਰੀਬੀ : ਆਤਿਸ਼ੀ



**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਭਾਜਪਾ ਉਸ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਖਤਮ ਕਰਨ ਦੀ ਸਾਜ਼ਿਸ਼ ਕਰ ਰਹੀ ਹੈ। ਸਨਿੱਚਰਵਾਰ ਕੇਜਰੀਵਾਲ ਦੀ ਗੱਡੀ 'ਤੇ ਹਮਲਾ ਕਰਨ ਵਾਲੇ ਭਾਜਪਾ ਉਮੀਦਵਾਰ ਪ੍ਰਵੇਸ਼ ਵਰਮਾ ਦੇ ਨਾਲ ਘੁੰਮਦੇ ਅਕਸਰ ਨਜ਼ਰ ਆਏ ਹਨ। ਮੁੱਖ ਮੰਤਰੀ ਆਤਿਸ਼ੀ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੱਡੀ 'ਤੇ ਪਥਰਾਅ ਕਰਨ ਵਾਲੇ ਜਰਾਇਮਪੇਸ਼ਾ ਹਨ ਤੇ ਉਨ੍ਹਾਂ ਖਿਲਾਫ ਡਾਕਾ ਤੇ ਕਤਲ ਦੀ ਕੋਸ਼ਿਸ਼ ਦੇ ਕੇਸ ਚੱਲ ਰਹੇ ਹਨ। ਆਤਿਸ਼ੀ ਨੇ ਕਿਹਾ ਕਿ ਰਾਹੁਲ ਉਰਫ ਸ਼ੈਂਕੀ ਵਰਮਾ ਦਾ ਕਰੀਬੀ ਹੈ।

ਇਸੇ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਉਨ੍ਹਾ ਦੀ ਜਾਨ ਦੇਸ਼ ਲਈ ਸਮਰਪਤ ਹੈ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਨੇ ਅਜਿਹਾ ਚੋਣ ਪ੍ਰਚਾਰ ਪਹਿਲਾਂ ਕਦੇ ਨਹੀਂ ਦੇਖਿਆ, ਜਿੱਥੇ ਇਕ ਸਾਬਕਾ ਮੁੱਖ ਮੰਤਰੀ ਉੱਤੇ ਕਾਤਲਾਨਾ ਹਮਲੇ ਦੀ ਕੋਸ਼ਿਸ਼ ਕੀਤੀ ਗਈ ਹੋਵੇ।

## ਸੰਘ-ਭਾਜਪਾ ਨਾਲ ਵਿਚਾਰਧਾਰਕ ਲੜਾਈ ਲੜਨਗੇ ਕਮਿਊਨਿਸਟ : ਬੰਤ ਬਰਾੜ

**ਦੋਰਾਹਾ, (ਹਰਮਿੰਦਰ ਸੇਠ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਇੱਥੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਐਡਵੋਕੇਟ ਪਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਸੂਬਾ ਸਕੱਤਰ ਸਾਥੀ ਬੰਤ ਬਰਾੜ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਆਰ ਐੱਸ ਐੱਸ ਅਤੇ ਬੀ ਜੇ ਪੀ ਜੋ ਸੱਤਾ 'ਤੇ ਕਾਬਜ਼ ਹਨ, ਦੀ ਵਿਚਾਰਧਾਰਾ ਸਾਡੇ ਸਮਾਜ ਅਤੇ ਦੇਸ਼ ਲਈ ਬਹੁਤ ਹੀ ਘਾਤਕ ਹੈ, ਪਰ ਕਮਿਊਨਿਸਟਾਂ ਦਾ ਇਤਿਹਾਸ ਰਿਹਾ ਹੈ ਕਿ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵੇਲੇ ਵੀ ਕੁਰਬਾਨੀਆਂ ਦਿੱਤੀਆਂ ਅਤੇ ਉਸ ਤੋਂ ਬਾਅਦ ਵੀ ਲੋਕਾਂ ਦੇ ਮਸਲਿਆਂ ਨੂੰ ਲੈ ਕੇ, ਚਾਹੇ ਉਹ ਜ਼ਮੀਨੀ ਸੁਧਾਰ ਹੋਣ, ਮਹਿੰਗਾਈ ਦਾ ਮੁੱਦਾ ਹੋਵੇ ਜਾਂ ਬੇਰੁਜ਼ਗਾਰੀ ਦਾ ਮੁੱਦਾ ਹੋਵੇ, ਅਸੀਂ ਸਭ ਤੋਂ ਅੱਗੇ ਹੋ ਕੇ ਲੜੇ ਹਾਂ ਅਤੇ ਹੁਣ ਆਰ ਐੱਸ ਐੱਸ ਅਤੇ ਬੀ ਜੇ ਪੀ ਦੀ ਵਿਚਾਰਧਾਰਾ ਨਾਲ ਵੀ ਕਮਿਊਨਿਸਟ ਪੂਰੀ ਸ਼ਕਤੀ ਨਾਲ ਲੜਨਗੇ। ਕਾਮਰੇਡ ਬਰਾੜ ਨੇ ਪਾਰਟੀ ਦੇ ਬਣਨ ਵੇਲੇ ਤੋਂ ਲੈ ਕੇ ਅੱਜ ਤੱਕ ਉਸ ਦੇ ਇਤਿਹਾਸ ਬਾਰੇ ਵਿਸਤਾਰ ਨਾਲ ਚਾਨਣਾ ਪਾਇਆ ਅਤੇ ਸਮੇਂ-ਸਮੇਂ 'ਤੇ ਦੇਸ਼ ਨੂੰ ਅਤੇ ਪਾਰਟੀ ਨੂੰ ਦਰਪੇਸ਼ ਮੁਸ਼ਕਲਾਂ ਦੀ ਚਰਚਾ ਵੀ ਕੀਤੀ। ਉਹਨਾ ਕਿਹਾ ਕਿ ਪਾਰਟੀ ਦੀ 25ਵੀਂ (ਸਿਲਵਰ ਜੁਬਲੀ) ਕਾਂਗਰਸ ਜੋ ਪਾਰਟੀ ਦੇ ਸੌਵੇਂ ਸਾਲ ਵਿੱਚ ਚੰਡੀਗੜ੍ਹ ਵਿਖੇ ਹੋ ਰਹੀ ਹੈ, ਲਈ ਤਿਆਰੀਆਂ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀਆਂ ਹਨ। ਉਹਨਾ ਨੇ ਲੁਧਿਆਣਾ ਜ਼ਿਲ੍ਹੇ ਦੀ ਪਾਰਟੀ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਇਹ ਜ਼ਿਲ੍ਹਾ ਹਮੇਸ਼ਾ ਹੀ ਸੂਬੇ ਵਿੱਚ ਮੂਹਰਲੀਆਂ ਕਤਾਰਾਂ ਵਿੱਚ ਰਿਹਾ ਹੈ ਅਤੇ ਹੁਣ ਵੀ ਇਸ ਕਾਂਗਰਸ ਨੂੰ ਨੇਪਰੇ ਚਾੜ੍ਹਨ ਵਿੱਚ ● ਬਾਕੀ ਸਫ਼ਾ 2 'ਤੇ




## ਆਈ ਆਈ ਟੀ ਡਾਇਰੈਕਟਰ ਵੱਲੋਂ ਗਊ ਮੂਤਰ ਦਾ ਪ੍ਰਵਚਨ

**ਚੇਨੱਈ** : ਆਈ ਆਈ ਟੀ ਮਦਰਾਸ ਦੇ ਡਾਇਰੈਕਟਰ ਵੀ ਕਾਮਾਕੋਟੀ ਦੀ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਉਹ ਕਥਿਤ ਤੌਰ 'ਤੇ ਗਊਮੂਤਰ ਦੇ 'ਚਕਿਤਸਕ ਗੁਣਾਂ' ਦੀ ਗੱਲ ਕਰ ਰਹੇ ਹਨ। ਉਨ੍ਹਾ ਕਥਿਤ ਤੌਰ 'ਤੇ ਗਊਮੂਤਰ ਦੇ 'ਐਂਟੀ ਬੈਕਟੀਰੀਅਲ, ਐਂਟੀ-ਫੰਗਲ ਤੇ ਪਾਚਨ ਸੁਧਾਰ ਗੁਣਾਂ' ਬਾਰੇ ਗੱਲ ਕੀਤੀ। ਉਨ੍ਹਾ ਕਿਹਾ ਕਿ ਇਹ ਵੱਡੀ ਅੰਤੜੀ ਨਾਲ ਸੰਬੰਧਤ ਬਿਮਾਰੀ 'ਇਰੀਟੇਬਲ ਬਾਊਲ ਸਿੰਡਰੋਮ' ਜਿਹੀ ਹਾਲਤ ਵਿਚ ਕਾਰਗਰ ਹੈ ਤੇ ਉਨ੍ਹਾ ਇਸ ਦੇ 'ਚਕਿਤਸਕ ਗੁਣਾਂ' ਦੀ ਵਕਾਲਤ ਕੀਤੀ। ਉਨ੍ਹਾ ਮੱਟੂ ਪੋਂਗਲ (15 ਜਨਵਰੀ 2025) ਵਾਲੇ ਦਿਨ ਗਊ ਸੰਰਕਸ਼ਣ ਸ਼ਾਲਾ ਵਿੱਚ ਕਰਵਾਏ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ। ਉਨ੍ਹਾ ਪ੍ਰੋਗਰਾਮ ਦੌਰਾਨ ਇੱਕ ਸੰਨਿਆਸੀ ਦੇ ਜੀਵਨ ਦੀ ਘਟਨਾ ਦੇ ਹਵਾਲੇ ਨਾਲ ਇਹ ਟਿੱਪਣੀ ਕੀਤੀ, ਜਿਸ ਨੇ ਤੇਜ਼ ਬੁਖਾਰ ਹੋਣ 'ਤੇ ਗਊਮੂਤਰ ਪੀਤਾ ਸੀ। ਉਧਰ ਕਾਂਗਰਸ ਆਗੂ ਕਾਰਤੀ ਪੀ ਚਿਦੰਬਰਮ ਨੇ ਇਨ੍ਹਾਂ ਟਿੱਪਣੀਆਂ ਦੀ ਨਿੰਦਾ ਕੀਤੀ ਅਤੇ ਕਿਹਾ—ਆਈ ਆਈ ਟੀ ਮਦਰਾਸ ਦੇ ਡਾਇਰੈਕਟਰ ਵੱਲੋਂ ਅਜਿਹੀਆਂ ਗੱਲਾਂ ਕਰਨਾ ਗੈਰਵਾਜਬ ਹੈ।

## ਮੋਦੀ ਵੱਲੋਂ ਚੋਣ ਕਮਿਸ਼ਨ ਦੀ ਉਸਤਤ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਆਪਣੇ ਮਾਸਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਚੋਣ ਕਮਿਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨੇ ਲੋਕਾਂ ਦੀ ਤਾਕਤ ਨੂੰ ਮਜ਼ਬੂਤ ਕਰਨ ਲਈ ਤਕਨਾਲੋਜੀ ਦੀ ਤਾਕਤ ਦਾ ਇਸਤੇਮਾਲ ਕੀਤਾ ਅਤੇ ਨਿਰਪੱਖ ਚੋਣ ਅਮਲ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਦਿਖਾਈ। ਮੋਦੀ ਦਾ ਇਹ ਪ੍ਰੋਗਰਾਮ ਆਮ ਕਰਕੇ ਹਰੇਕ ਮਹੀਨੇ ਦੇ ਆਖਰੀ ਐਤਵਾਰ ਨੂੰ ਪ੍ਰਸਾਰਤ ਹੁੰਦਾ ਹੈ, ਪਰ ਅਗਲੇ ਹਫਤੇ ਗਣਤੰਤਰ ਦਿਵਸ ਦੇ ਮੱਦੇਨਜ਼ਰ ਇਹ ਪ੍ਰੋਗਰਾਮ ਅਗਾਊਂ ਪ੍ਰਸਾਰਤ ਕੀਤਾ ਗਿਆ ਹੈ। ਮੋਦੀ ਨੇ ਚੋਣ ਕਮਿਸ਼ਨ ਦੀ ਤਾਰੀਫ ਅਜਿਹੇ ਮੌਕੇ ਕੀਤੀ ਹੈ, ਜਦੋਂ 25 ਜਨਵਰੀ ਨੂੰ ਨੈਸ਼ਨਲ ਵੋਟਰਜ਼ ਡੇਅ ਮਨਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਸਮੇਂ-ਸਮੇਂ 'ਤੇ ਚੋਣ ਅਮਲ ਦੇ ਆਧੁਨਿਕੀਕਰਨ ਦੇ ਨਾਲ ਇਸ ਨੂੰ ਮਜ਼ਬੂਤ ਵੀ ਕੀਤਾ ਹੈ। ਕਾਬਿਲੇਗੌਰ ਹੈ ਕਿ ਵਿਰੋਧੀ ਧਿਰਾਂ ਵੱਲੋਂ ਈ ਵੀ ਐੱਮਜ਼ ਦੀ ਨਿਰਪੱਖਤਾ ਨੂੰ ਲੈ ਕੇ ਲਗਾਤਾਰ ਸਵਾਲ ਚੁੱਕੇ ਜਾ ਰਹੇ ਹਨ ਤੇ ਮੋਦੀ ਦੀਆਂ ਉਪਰੋਕਤ ਟਿੱਪਣੀਆਂ ਨੂੰ ਈ ਵੀ ਐੱਮਜ਼ ਦੀ ਤਾਈਦ ਵਜੋਂ ਦੇਖਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਜ਼ਾਦ ਹੋਣ ਤੋਂ ਬਾਅਦ ਭਾਰਤ ਦੀ ਜਮਹੂਰੀਅਤ ਵਜੋਂ ਵਿਹਾਰਕਤਾ 'ਤੇ ਸ਼ੱਕ ਪ੍ਰਗਟਾਇਆ ਗਿਆ ਸੀ, ਪਰ ਦੇਸ਼ ਨੇ ਉਸ ਨੂੰ ਗਲਤ ਸਾਬਤ ਕਰ ਦਿੱਤਾ।




## ਮੋਗਾ ਡੀ ਏ ਸੀ 'ਚ ਤੀਜੀ ਤੇ ਚੌਥੀ ਮੰਜ਼ਲ ਦੇ ਵਿਸਥਾਰ ਦਾ ਨੀਂਹ ਪੱਥਰ




**ਮੋਗਾ (ਇਕਬਾਲ ਸਿੰਘ ਖਹਿਰਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਐਤਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ (ਡੀ.ਏ.ਸੀ.) ਦੇ ਵਿਸਥਾਰ ਦਾ ਨੀਂਹ ਪੱਥਰ ਰੱਖਿਆ। ਇਮਾਰਤ ਦੀ ਤੀਜੀ ਅਤੇ ਚੌਥੀ ਮੰਜ਼ਲ ਦੀ ਉਸਾਰੀ ਵਾਲੇ ਇਸ ਪ੍ਰਾਜੈਕਟ 'ਤੇ 10.31 ਕਰੋੜ ਰੁਪਏ ਦੀ ਲਾਗਤ ਆਵੇਗੀ।ਮਾਨ ਨੇ ਦੱਸਿਆ ਕਿ ਵੱਖ-ਵੱਖ ਦਫ਼ਤਰਾਂ ● ਬਾਕੀ ਸਫ਼ਾ 2 'ਤੇ

## ਦਾਨ ਸਿੰਘ ਵਾਲਾ ਦੇ ਗਰੀਬਾਂ 'ਤੇ ਜਾਨਲੇਵਾ ਹਮਲਾ ਕਰਨ ਤੇ ਘਰਾਂ ਨੂੰ ਫੂਕਣ ਵਾਲੇ ਗੁੰਡਿਆਂ 'ਤੇ ਸਾਜ਼ਿਸ਼ ਰਚਣ, ਐੱਸ ਸੀ ਤੇ ਟੈਰਰਿਸਟ ਐਕਟ ਦੀ ਧਾਰਾ ਵੀ ਲਾਈ ਜਾਵੇ : ਜੋਗਾ

**ਬਠਿੰਡਾ/ ਤਲਵੰਡੀ ਸਾਬੋ (ਬਖਤੌਰ ਢਿੱਲੋਂ/ਜਗਦੀਪ ਗਿੱਲ)**

ਬੀਤੀ 9 ਤੇ 10 ਜਨਵਰੀ ਦੀ ਦਰਮਿਆਨੀ ਰਾਤ ਪਿੰਡ ਦਾਨ ਸਿੰਘ ਵਾਲਾ ਦੀ ਜੀਵਨ ਸਿੰਘ ਬਸਤੀ ਵਿਚ ਗੁੰਡਿਆਂ ਵੱਲੋਂ ਬਕਾਇਦਾ ਅਗਾਊਂ ਸਾਜ਼ਿਸ਼ ਬਣਾ ਕੇ ਮਜ਼ਹਬੀ ਸਿੱਖ ਭਾਈਚਾਰੇ ਦੇ ਗਰੀਬਾਂ ਉੱਤੇ ਕੀਤੇ ਹਥਿਆਰਬੰਦ ਕਾਤਲਾਨਾ ਹਮਲੇ ਤੇ ਅੱਗ ਲਾ ਕੇ ਸਾੜੇ ਗਏ 8 ਘਰਾਂ ਦੀ ਘਟਨਾ ਬਾਰੇ ਮੁਲਜ਼ਮਾਂ ਉੱਤੇ ਦਰਜ ਮੁਕੱਦਮੇ ਵਿਚ ਸਾਜ਼ਿਸ਼ ਰਚਣ ਦੀ ਧਾਰਾ 120 ਬੀ, ਐੱਸ ਸੀ ਐਕਟ, ਰਾਤ ਦੇ ਹਨੇਰੇ ਵਿਚ ਘਰਾਂ ਵਿਚ ਦਾਖਲ ਹੋ ਕੇ ਗੰਭੀਰ ਫੌਜਦਾਰੀ ਜੁਰਮ ਕਰਨ, ਡਾਕਾ ਮਾਰਨ ਅਤੇ ਟੈਰਰਿਸਟ ਐਕਟ ਦੀ ਧਾਰਾ ਜੋੜੀ ਜਾਵੇ ਅਤੇ ਹਰ ਨੁਕਸਾਨੇ ਪਰਵਾਰ ਦਾ ਸਰਕਾਰੀ ਖਰਚੇ ਉੱਤੇ ਇਲਾਜ ਤੇ 10-10 ਲੱਖ ਦਾ ਮੁਆਵਜ਼ਾ ਦਿੱਤਾ ਜਾਵੇ। ਇਹ ਮੰਗ ਸੀ ਪੀ ਆਈ ਦੇ ਸੂਬਾਈ ਆਗੂ ਜਗਜੀਤ ਸਿੰਘ ਜੋਗਾ ਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਕੌਂਸਲ ਮੈਂਬਰ ਸੁਰਜੀਤ ਸਿੰਘ ਸੋਹੀ ਦੀ ਅਗਵਾਈ ਵਿਚ 13 ਮੈਂਬਰੀ ਟੀਮ ਵੱਲੋਂ ਘਟਨਾ ਸਥਾਨ ਦੇ ਕੀਤੇ ਸਰਵੇਖਣ ਤੋਂ ਬਾਅਦ ਪ੍ਰੈੱਸ ਨੂੰ ਜਾਰੀ ਕੀਤੇ ਲਿਖਤੀ ਬਿਆਨ ਵਿੱਚ ਕੀਤੀ ਗਈ ਹੈ। ਆਗੂਆਂ ਅਨੁਸਾਰ ਪਹਿਲਾਂ ਤੋਂ ਤਿਆਰ ਕੀਤੇ ਪੈਟਰੋਲ ਬੰਬਾਂ ਨਾਲ ਘਰਾਂ ਉੱਤੇ ਕੀਤਾ ਹਮਲਾ ਇੱਕ ਅੱਤਵਾਦੀ ਘਟਨਾ ਹੈ। ਉਹਨਾ ਪ੍ਰਸ਼ਾਸਨ ਉੱਤੇ ਗਲਤ ਸੂਚਨਾ ਦੇਣ ਦਾ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਜ਼ਖਮੀਆਂ ਦੇ ਇਲਾਜ ਦਾ ਖਰਚਾ ਸਰਕਾਰ ਨਹੀਂ ਖੁਦ ਪੀੜਤ ਚੁੱਕ ਰਹੇ ਹਨ। ਪ੍ਰਿੰਟ ਤੇ ਇਲੈਕਟ੍ਰਾਨਿਕ ● ਬਾਕੀ ਸਫ਼ਾ 2 'ਤੇ



## ਅੱਜ-ਨਾਮਾ

ਅਫਸਰ ਕੇਂਦਰ ਤੋਂ ਜਦੋਂ ਸੀ ਚੱਲ ਆਏ,
ਕਿਸਾਨਾਂ ਨਾਲ ਸੀ ਚੱਲ ਪਈ ਗੱਲ ਬੇਲੀ।
ਨਹੀਂ ਸੀ ਮੰਤਰੀ ਕੇਂਦਰ ਤੋਂ ਆਪ ਆਏ,
ਅਫਸਰ ਦਿੱਤਾ ਸੀ ਕਿਸੇ ਨੂੰ ਘੱਲ ਬੇਲੀ।
ਅਗਲੀ ਬੈਠਕ ਦੀ ਮਿਤੀ ਆ ਤੈਅ ਹੋਈ,
ਲੱਭਦਾ ਬੈਠਕ ਤੋਂ ਕੇਂਦਰ ਹੈ ਭੱਲ ਬੇਲੀ।
ਬੈਠਕ ਵਿੱਚ ਜਦ ਬਹਿਣੀਆਂ ਧਿਰਾਂ ਦੋਵੇਂ,
ਪਤਾ ਨਹੀਂ ਲੱਭੂ ਕਿ ਨਾ ਕੁਝ ਹੱਲ ਬੇਲੀ।
ਕੋਈ ਨਾ ਕੇਂਦਰ ਦਾ ਹਾਲੇ ਯਕੀਨ ਆਵੇ,
ਕੀ ਕੁਝ ਕਰੇਗੀ ਭਾਰਤ ਸਰਕਾਰ ਬੇਲੀ।
ਕੱਢਣ ਦੇਊਗੀ ਦੁੱਧ ਦੀ ਧਾਰ ਕਿ ਨਹੀਂ,
ਜਾਂ ਫਿਰ ਛੜ ਉਹ ਜਾਊਗੀ ਮਾਰ ਬੇਲੀ।

-ਤੀਸ ਮਾਰ ਖਾਂ

## ਪੰਜਾਬੀ ਜ਼ੁਬਾਨ ਨੂੰ ਆਪਣਿਆਂ ਤੋਂ ਵਧੇਰੇ ਖਤਰਾ : ਫਖਰ ਜ਼ਮਾਨ




**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰਨ ਦੇ ਸੱਦੇ ਨਾਲ ਲਾਹੌਰ ਵਿਖੇ ਤਿੰਨ ਰੋਜ਼ਾ 34ਵੀਂ ਵਿਸ਼ਵ ਪੰਜਾਬੀ ਕਾਨਫਰੰਸ ਐਤਵਾਰ ਸ਼ੁਰੂ ਹੋ ਗਈ। ਕਾਨਫਰੰਸ ਦੇ ਮੁੱਖ ਪ੍ਰਬੰਧਕ ਅਤੇ ਪਾਕਿਸਤਾਨ ਦੇ ਸਾਬਕਾ ਵਜ਼ੀਰ ਫਖਰ ਜ਼ਮਾਨ ਨੇ ਕਾਨਫਰੰਸ ਦੇ ਉਦਘਾਟਨੀ ਸੰਬੋਧਨ ਵਿੱਚ ਕਿਹਾ ਕਿ ਪੰਜਾਬੀ ਜ਼ੁਬਾਨ ਨੂੰ ਬਿਗਾਨਿਆਂ ਨਾਲੋਂ ਵੱਧ ਆਪਣਿਆਂ ਤੋਂ ਖਤਰਾ ਹੈ, ਇਸ ਲਈ ਅਜਿਹੇ ਉਪਰਾਲੇ ਪੰਜਾਬੀਆਂ ਦੀ ਅਲਖ ਜਗਾਉਣ ਵਿੱਚ ਸਹਾਈ ਸਿੱਧ ਹੁੰਦੇ ਹਨ। ਉਨ੍ਹਾ ਕਿਹਾ ਕਿ ਪਿਛਲੇ 40 ਸਾਲਾਂ ਵਿੱਚ ਸਾਡੇ ਉਪਰਾਲਿਆਂ ਕਾਰਨ ਦੁਨੀਆ ਭਰ ਵਿੱਚ ਰਹਿੰਦੇ ਪੰਜਾਬੀ ਇੱਕ ਮੰਚ ਉਤੇ ਇਕੱਠਾ ਕਰਨ ਵਿੱਚ ਸਫਲ ਹੋਏ ਹਾਂ।

ਕਾਨਫਰੰਸ ਵਿੱਚ ਹਿੱਸਾ ਲੈਣ ਲਈ ਭਾਰਤ ਤੋਂ 65 ਮੈਂਬਰੀ ਵਫਦ ਗਿਆ ਹੈ। ਵਿਸ਼ਵ ਪੰਜਾਬੀ ਕਾਨਫਰੰਸ ਦੇ ਭਾਰਤੀ ਚੈਪਟਰ ਦੇ ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ ਨੇ ਲਾਹੌਰ ਸ਼ਹਿਰ ਦੀ ਤਾਰੀਫ ਕਰਦਿਆਂ ਕਿਹਾ ਕਿ ਇਸ ਸ਼ਹਿਰ ਨੇ ਪੰਜਾਬੀ ਬੋਲੀ, ਤਹਿਜ਼ੀਬ ਤੇ ਭਾਸ਼ਾ ਨੂੰ ਸਾਂਭ ਕੇ ਰੱਖਿਆ ਹੈ। ਉਨ੍ਹਾ ਪਿਛਲੇ ਸਮੇਂ ਵਿੱਚ ਵਿੱਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਫੇਰ ਸਮੁੱਚੇ ਵਫਦ ਵੱਲੋਂ ਇੱਕ ਮਿੰਟ ਦਾ ਮੋਨ ਰੱਖਿਆ ਗਿਆ।

ਉੱਘੇ ਕਵੀ ਅਤੇ ਪੰਜਾਬੀ ਵਿਰਾਸਤ ਲੋਕ ਅਕਾਡਮੀ ਦੇ ਚੇਅਰਮੈਨ ਗੁਰਭਜਨ ਸਿੰਘ ਗਿੱਲ ਨੇ ਵਿਸ਼ਵ ਪੰਜਾਬੀ ਕਾਨਫਰੰਸ ਦੀ ਸ਼ੁਰੂਆਤ ਤੋਂ ਲੈ ਕੇ ਇਸ ਨੂੰ ਕਾਮਯਾਬ ਕਰਨ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਯਾਦ ਕੀਤਾ, ਜਿਨ੍ਹਾਂ ਵਿੱਚ ਸੁਤਿੰਦਰ ਨੂਰ, ਹਰਵਿੰਦਰ ਸਿੰਘ ਹੰਸਪਾਲ, ਅਜਮੇਰ ਔਲਖ, ਪ੍ਰਿੰਸੀਪਲ ਸਰਵਣ ਸਿੰਘ, ਵਰਿਆਮ ਸੰਧੂ ਦਾ ਖਾਸ ਜ਼ਿਕਰ ਕੀਤਾ। ਉਨ੍ਹਾਂ ਕਾਨਫਰੰਸ ਦਾ ਸਿਹਰਾ ਵਿਸ਼ੇਸ਼ ਤੌਰ ਉਤੇ ਫਖਰ ਜ਼ਮਾਨ ਦੀ ਅਗਵਾਈ ਸਿਰ ਬੰਨ੍ਹਿਆ। ਉਨ੍ਹਾ ਕਿਹਾ ਕਿ ਕਾਨਫਰੰਸ ਸਦਕਾ ਅੱਜ ਗੁਰਮੁਖੀ ਦੀਆਂ ਕਿਤਾਬਾਂ ਹੁਣ ਸ਼ਾਹਮੁਖੀ ਵਿੱਚ ਵੀ ਪ੍ਰਕਾਸ਼ਿਤ ਹੋਣ ਲੱਗੀਆਂ ਹਨ। ਉਨ੍ਹਾਂ ਸਾਂਝੇ ਪੰਜਾਬ ਦੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਆਪਸੀ ਪਿਆਰ ਤੇ ਸਦਭਾਵਨਾ ਦਾ ਹੋਕਾ ਦਿੱਤਾ। ਉਨ੍ਹਾ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਨੇ ਸਾਂਝ ਦੇ ਪੁਲ ਬੰਨ੍ਹਣ ਦਾ ਕੰਮ ਕੀਤਾ ਹੈ। ● ਬਾਕੀ ਸਫ਼ਾ 2 'ਤੇ



# ਵੱਡੇ ਘਰਾਂ ਦੀਆਂ ਵੱਡੀਆਂ ਮਿਰਚਾਂ : ਬਾਦਲ ਦਾ ਘੋੜਾ 21 ਕਰੋੜ ਪਵਾ ਗਿਆ ਮੁੱਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਾਰਨ ਕੌਮਾਂਤਰੀ ਪੱਧਰ ਤੇ ਚਰਚਿਤ ਪਿੰਡ ਬਾਦਲ ਦੇ ਘੋੜੇ 'ਡੇਵਿਡ' ਨੇ ਲਗਜ਼ਰੀ ਕਾਰਾਂ ਦੇ ਸ਼ੌਕੀਨਾਂ ਦੀ ਮੜਕ ਭੰਨ ਦਿੱਤੀ, ਜੋ ਕੌਮੀ ਪੱਧਰ ਦੇ ਮੁਕਤਸਰ ਮੇਲੇ 'ਚ ਅਹਿਮ ਹਸਤੀਆਂ, ਵਿਦੇਸ਼ੀਆਂ ਤੇ ਧਨਾਢ ਪੰਜਾਬੀਆਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਵੱਡੇ ਘਰਾਂ ਦੀਆਂ ਵੱਡੀਆਂ ਮਿਰਚਾਂ ਵਾਂਗ ਪਿੰਡ ਬਾਦਲ ਦੇ ਇਸ ਘੋੜੇ ਦਾ ਮੁੱਲ 21 ਕਰੋੜ ਦੱਸਿਆ ਗਿਆ ਹੈ, ਜਿਸ ਨੂੰ ਇੱਕ ਨਜ਼ਰ ਨਾਲ ਦੇਖਣ ਲਈ ਲੋਕ ਤਰਲੋਮੱਛੀ ਹੋ ਰਹੇ ਹਨ।

ਸ੍ਰੀ ਮੁਕਤਸਰ ਸਾਹਿਬ ਵਿਖੇ ਲੱਗੇ ਕੌਮੀ ਪੱਧਰ ਦੇ ਘੋੜਾ ਮੇਲੇ ਨਾਲ ਜੁੜੇ ਇਹ ਤੱਥ ਹਨ, ਜਿਸ 'ਚ ਦੇਸ਼ ਵਿਦੇਸ਼ ਤੋਂ ਘੋੜਿਆਂ ਦੇ ਪਾਲਕ ਅਤੇ ਕਾਰੋਬਾਰੀ ਘੋੜੇ ਖਰੀਦਣ ਤੇ ਵੇਚਣ ਲਈ ਪੁੱਜਦੇ ਹਨ। ਮਾਰਵਾੜੀ ਨਸਲ ਨਾਲ ਸਬੰਧਤ ਇਹ ਘੋੜਾ, ਜਿਸਦਾ ਨਾਂਅ ਡੇਵਿਡ ਹੈ, ਸੰਜਮ ਸਟੱਡ ਫਾਰਮ ਬਾਦਲ ਦਾ ਹੈ।

'ਡੇਵਿਡ' ਦੇ ਪਾਲਕ ਵਿਕਰਮਜੀਤ ਸਿੰਘ ਵਿੱਕੀ ਬਰਾੜ ਨੇ ਦੱਸਿਆ ਕਿ ਇਸ ਘੋੜੇ ਦੀ ਕੀਮਤ 21 ਕਰੋੜ ਹੈ। ਵਿੱਕੀ ਬਰਾੜ ਦਾ ਕਹਿਣਾ ਸੀ ਕਿ ਜਦੋਂ ਇਸ ਘੋੜੇ ਦਾ ਜਨਮ ਹੋਇਆ ਤਾਂ ਉਦੋਂ ਹੀ ਇਸਦੀ ਕੀਮਤ ਇੱਕ ਕਰੋੜ ਤੱਕ ਲੱਗ ਗਈ ਸੀ, ਜੋ ਉਨ੍ਹਾਂ ਲਈ ਬੇਹੱਦ ਮਾਣ ਵਾਲੀ ਗੱਲ ਹੈ। ਉਨ੍ਹਾਂ ਦਾਅਵਾ ਕੀਤਾ ਕਿ 38 ਮਹੀਨਿਆਂ ਦਾ ਘੋੜਾ 'ਡੇਵਿਡ' 72 ਇੰਚ ਉੱਚਾ ਹੈ, ਜੋ ਭਾਰਤ ਵਿੱਚ ਸਭ ਤੋਂ ਵੱਧ ਹੈ। ਇਸ ਮੇਲੇ 'ਚ ਘੋੜੇ ਘੋੜੀਆਂ ਦੇਖਣ ਲਈ ਰਾਜਸਥਾਨ ਤੋਂ ਆਏ ਨੌਜਵਾਨ ਜਸਵਿੰਦਰਜੀਤ ਸਿੰਘ ਧਾਲੀਵਾਲ ਦਾ ਕਹਿਣਾ ਸੀ ਕਿ ਡੇਵਿਡ ਦੀ ਕੀਮਤ ਦੇ ਬਰਾਬਰ ਕੌਮਾਂਤਰੀ ਮਾਪਦੰਡਾਂ ਵਾਲੀਆਂ ਅੱਧੀ ਦਰਜਨ ਲਗਜ਼ਰੀ ਕਾਰਾਂ ਖਰੀਦੀਆਂ ਜਾ ਸਕਦੀਆਂ ਹਨ। ਇਹ ਘੋੜਾ ਮੰਡੀ 20 ਜਨਵਰੀ ਤੱਕ ਲੱਗੇਗੀ। ਮੰਡੀ 'ਚ ਪੰਜਾਬ ਤੋਂ ਇਲਾਵਾ ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ ਤੇ ਹੋਰ ਸੂਬਿਆਂ ਦੇ ਘੋੜਾ ਪਾਲਕ ਆਉਂਦੇ ਹਨ। ਡਿਪਟੀ ਕਮਿਸ਼ਨਰ ਰਜੇਸ਼ ਤ੍ਰਿਪਾਠੀ ਨੇ ਮੇਲੇ ਦਾ ਪੈਦਲ ਦੌਰਾ ਕੀਤਾ ਤੇ ਘੋੜਿਆਂ ਦੀਆਂ ਨਸਲਾਂ ਤੇ ਖੁਰਾਕ ਤੋਂ ਇਲਾਵਾ ਪੰਛੀਆਂ ਤੇ ਕੁੱਤਿਆਂ ਆਦਿ ਬਾਰੇ ਜਾਣਕਾਰੀ ਲਈ। ਮੇਲੇ ਦੌਰਾਨ ਤਲਵੰਡੀ ਦੇ ਭਾਈ ਡੱਲਾ ਸਟੱਡ ਫਾਰਮ, ਬਰਕੰਦੀ ਦੇ ਯਾਦਵਿੰਦਰ ਸਟੱਡ ਫਾਰਮ ਦਾ 64 ਇੰਚ ਕੱਦ ਵਾਲਾ ਨੁੱਕਰਾ ਘੋੜਾ ਸਿਕੰਦਰ, ਹਰਿਆਣਾ ਦੇ ਚੌਧਰੀ ਸਟੱਡ ਫਾਰਮ ਦਾ ਘੋੜਾ ਗੁਨਵਾਣ ਵੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

# ਲਾਇਬ੍ਰੇਰੀ ਤੇ ਸਟੱਡੀ ਸੈਂਟਰ ਦਾ ਉਦਘਾਟਨ

## * ਮੈਡੀਕਲ ਕਾਲਜ ਦੀ ਉਸਾਰੀ ਦਾ ਕੰਮ ਸ਼ੁਰੂ ਹੋਵੇਗਾ





**ਮਾਲੇਰਕੋਟਲਾ (ਅਸਗਰ ਪਰਿਹਾਰ)** ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਮਸਜਿਦ ਬੰਗਲੇ ਵਾਲੀ, ਸ਼ੇਰਵਾਨੀ ਗੇਟ ਵਿਖੇ 50 ਲੱਖ ਰੁਪਏ ਦੀ ਲਾਗਤ ਨਾਲ ਬਣੀ ਆਧੁਨਿਕ 'ਇਮਾਮ ਗ਼ਜ਼ਾਲੀ ਲਾਇਬ੍ਰੇਰੀ ਤੇ ਸਟੱਡੀ ਸੈਂਟਰ' ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਬਠਿੰਡਾ-ਕਮ ਪ੍ਰਸ਼ਾਸਕ ਪੰਜਾਬ ਵਕਫ਼ ਬੋਰਡ ਸ਼ੌਕਤ ਅਹਿਮਦ ਪਾਰੇ, ਸੀ.ਈ.ਓ ਪੰਜਾਬ ਵਕਫ ਬੋਰਡ ਲਤੀਫ ਅਹਿਮਦ ਥਿੰਦ, ਸਰਪੰਚ ਗੁਰਮੀਤ ਸਿੰਘ ਬੁਰਜ, ਅਬਦੁਲ ਹਲੀਮ ਐਮ.ਡੀ ਮਿਲਕੋਵੈਲ, ਸੋਸ਼ਲ ਮੀਡੀਆ ਇੰਚਾਰਜ ਯਾਸਰ ਅਰਫਾਤ, ਅਸ਼ਰਫ ਅਬਦੁੱਲਾ, ਕੌਂਸਲਰ ਮੁਹੰਮਦ ਨਜ਼ੀਰ ਰਾਹੀਲਾ ਖਾਨ, ਸਬਾ ਸ਼ਾਹੀਨ, ਮੁਹੰਮਦ ਜਮੀਲ, ਇਲਿਆਸ ਅੰਸਾਰੀ, ਮੁਹੰਮਦ ਹਨੀਫ਼ ਤੋਂ ਇਲਾਵਾ ਬੋਰਡ ਅਧੀਨ ਚੱਲਦੇ ਵਿੱਦਿਅਕ ਅਦਾਰਿਆਂ ਦਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਪੰਜਾਬ ਵਕਫ ਬੋਰਡ ਵੱਲੋਂ ਤਿਆਰ ਕੀਤੀ ਆਧੁਨਿਕ ਲਾਇਬ੍ਰੇਰੀ ਤੇ ਅਧਿਐਨ ਕੇਂਦਰ ਭਵਿੱਖਮੁਖੀ ਸਹੂਲਤ ਵਿਦਿਆਰਥੀਆਂ ਲਈ ਸਿੱਖਣ ਦੇ ਤਜਰਬੇ 'ਚ ਕ੍ਰਾਂਤੀ ਲਿਆਉਣ ਲਈ ਤਿਆਰ ਕੀਤੀ ਗਈ ਹੈ, ਜੋ ਨੌਜਵਾਨਾਂ ਨੂੰ ਅਕਾਦਮਿਕ ਕੰਮਾਂ ਲਈ ਇੱਕ ਵਿਸ਼ਵ-ਪੱਧਰੀ ਵਾਤਾਵਰਣ ਪ੍ਰਦਾਨ ਕਰਨ 'ਚ ਸਹਾਇਕ ਸਿੱਧ ਹੋਵੇਗੀ।

ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਸਿੱਖਿਆ ਦੇ ਮਹੱਤਵ ਅਤੇ ਅਜਿਹੀਆਂ ਸਹੂਲਤਾਂ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ, "ਇਹ ਅਧਿਐਨ ਕੇਂਦਰ ਅਤੇ ਲਾਇਬ੍ਰੇਰੀ ਵਿਸ਼ਵ ਪੱਧਰੀ ਵਿਦਿਅਕ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ। ਸਾਡਾ ਉਦੇਸ਼ ਵਿਦਿਆਰਥੀਆਂ ਨੂੰ ਗਿਆਨ, ਹੁਨਰ ਅਤੇ ਸਰੋਤਾਂ ਨਾਲ ਸਸ਼ਕਤ ਕਰਨਾ ਹੈ। ਆਪਣੇ ਅਕਾਦਮਿਕ ਕੰਮਾਂ 'ਚ ਉੱਤਮਤਾ ਪ੍ਰਾਪਤ ਕਰਨ ਅਤੇ ਹਰ ਖੇਤਰ 'ਚ ਭਵਿੱਖ ਦਾ ਨੇਤਾ ਬਣਨ ਲਈ ਜ਼ਰੂਰੀ ਹੈ।ਡਿਪਟੀ ਕਮਿਸ਼ਨਰ ਬਠਿੰਡਾ-ਕਮ ਪ੍ਰਸ਼ਾਸਕ ਪੰਜਾਬ ਵਕਫ ਬੋਰਡ ਸ਼ੌਕਤ ਅਹਿਮਦ ਪੈਰੇ ਨੇ ਕਿਹਾ ਕਿ 'ਇਮਾਮ ਗਜ਼ਾਲੀ ਲਾਇਬ੍ਰੇਰੀ ਅਤੇ ਸਟੱਡੀ ਸੈਂਟਰ' ਸਿੱਖਣ ਤੇ ਅਕਾਦਮਿਕ ਉੱਤਮਤਾ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਤੇ ਆਮ ਲੋਕਾਂ ਨੂੰ ਕਿਤਾਬਾਂ ਨਾਲ ਜੋੜਨ ਅਤੇ ਉਨ੍ਹਾਂ ਦੇ ਗਿਆਨ 'ਚ ਵਾਧਾ ਕਰਨ ਦੇ ਮਕਸਦ ਤਹਿਤ ਇਸ ਦਾ ਨਿਰਮਾਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਕਫ ਬੋਰਡ ਸਿੱਖਿਆ, ਸਿਹਤ ਤੇ ਕਿੱਤਾਮੁਖੀ ਕੋਰਸਾਂ ਨੂੰ ਵਧਾਵਾ ਦੇਣ ਲਈ ਹਮੇਸ਼ਾ ਤਤਪਰ ਹੈ। ਬੋਰਡ ਦਾ ਮਨੋਰਥ ਸਿੱਖਿਆ ਤੇ ਸਿਹਤ ਦੇ ਵਿਸਥਾਰ ਲਈ ਲਗਾਤਾਰ ਕੰਮ ਕਰਨਾ ਹੈ।

## 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਵੰਡੀਆਂ 2 ਕਰੋੜ ਤੋਂ ਵੱਧ ਦੀਆਂ ਗ੍ਰਾਂਟਾਂ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 2 ਕਰੋੜ 5 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਪ੍ਰਵਾਨਗੀ ਪੱਤਰ ਤੇ ਚੈੱਕ ਪ੍ਰਦਾਨ ਕੀਤੇ।

ਗ੍ਰਾਮ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵੀਆਂ ਬਣੀਆਂ ਗ੍ਰਾਮ ਪੰਚਾਇਤਾਂ ਦੇ ਸਮੂਹ ਸਰਪੰਚਾਂ ਤੇ ਪੰਚਾਂ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਪਿੰਡਾਂ ਦੇ ਵਸਨੀਕਾਂ ਦੇ ਕੰਮ ਬਿਨਾਂ ਪੱਖਪਾਤ ਤੇ ਪਾਰਦਰਸ਼ੀ ਢੰਗ ਨਾਲ ਕੀਤੇ ਜਾਣ ਅਤੇ ਪਿੰਡਾਂ ਵਿੱਚ ਸਾਰੀਆਂ ਬੁਨਿਆਦੀ ਸਹੂਲਤਾਂ ਉਪਲਬਧ ਕਰਾਉਣ ਵਿੱਚ ਕੋਈ ਢਿੱਲਮੱਠ ਨਾ ਵਰਤੀ ਜਾਵੇ।

ਸ਼੍ਰੀ ਅਰੋੜਾ ਨੇ ਲੋਕਾਂ ਦੀ ਕਚਿਹਰੀ ਵਿੱਚੋਂ ਚੁਣ ਕੇ ਆਏ ਨੁਮਾਇੰਦਿਆਂ ਨੂੰ ਵੀ ਅਪੀਲ ਕੀਤੀ ਕਿ ਆਪੋ-ਆਪਣੇ ਇਲਾਕੇ ਵਿੱਚ ਪੂਰੀ ਜਵਾਬਦੇਹੀ ਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਤਾਂ ਜੁ ਲੋਕਾਂ ਵੱਲੋਂ ਉਨ੍ਹਾਂ ਦੇ ਹੱਕ ਵਿੱਚ ਦਿੱਤਾ ਗਿਆ ਫ਼ਤਵਾ ਸਹੀ ਸਾਬਤ ਕੀਤਾ ਜਾ ਸਕੇ।

## ਕੇਂਦਰੀ ਜੇਲ੍ਹ 'ਚੋਂ 10 ਮੋਬਾਇਲ ਫੋਨ ਤੇ ਨਸ਼ੀਲੇ ਪਦਾਰਥ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 10 ਮੋਬਾਇਲ ਫੋਨ, 4 ਨਸ਼ੀਲੇ ਜਾਪਦੇ ਕੈਪਸੂਲ, 289 ਪੁੜੀਆਂ ਜਰਦਾ (ਤੰਬਾਕੂ), 36 ਬੰਡਲ ਬੀੜੀਆਂ, 217 ਗ੍ਰਾਮ ਚਿੱਟੇ ਰੰਗ ਦਾ ਪਦਾਰਥ ਬਰਾਮਦ ਹੋਇਆ ਹੈ। ਇਸ ਸੰਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ 42, 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਬ ਇੰਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 10414 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ ਕੇਂਦਰੀ ਜੇਲ੍ਹ ਅੰਦਰ 30 ਦਸੰਬਰ 2024 ਤੋਂ 8 ਜਨਵਰੀ 2025 ਤੱਕ ਤਲਾਸ਼ੀ ਦੌਰਾਨ ਤੇ ਅਣਪਛਾਤੇ ਵਿਅਕਤੀਆਂ ਦੁਆਰਾ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਦੇ ਬਾਹਰੋਂ ਥਰੋ ਕਰਨ 'ਤੇ 5 ਕੀਪੈਡ ਮੋਬਾਇਲ ਫੋਨ, 5 ਟੱਚ ਸਕਰੀਨ ਮੋਬਾਇਲ ਫੋਨ, 4 ਨਸ਼ੀਲੇ ਜਾਪਦੇ ਕੈਪਸੂਲ, 289 ਪੁੜੀਆਂ ਜਰਦਾ (ਤੰਬਾਕੂ), 36 ਬੰਡਲ ਬੀੜੀਆਂ, 217 ਗ੍ਰਾਮ ਚਿੱਟੇ ਰੰਗ ਦਾ ਪਦਾਰਥ ਬਰਾਮਦ ਹੋਇਆ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ, ਤਿੰਨ ਗੰਭੀਰ ਜ਼ਖ਼ਮੀ

**ਮੂਣਕ (ਰਾਜਪਾਲ ਸਿੰਗਲਾ)** ਪਿੰਡ ਦੁਗਾਲ ਕੋਲ ਇੱਕ ਸੜਕ ਹਾਦਸੇ ਦੌਰਾਨ ਕਾਰ ਸਵਾਰ ਦੋ ਨੌਜਵਾਨਾਂ ਦੀ ਮੌਕੇ 'ਤੇ ਮੌਤ ਤੇ ਤਿੰਨ ਗੰਭੀਰ ਜ਼ਖ਼ਮੀ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਹਰਿਆਣਾ ਦੇ ਸ਼ਹਿਰ ਜਾਖਲ ਤੋਂ ਇੱਕ ਪਾਰਟੀ ਸਮਾਗਮ ਵਿੱਚ ਪੰਜ ਨੌਜਵਾਨ ਵਰਨਾ ਕਾਰ ਵਿੱਚ ਸਵਾਰ ਹੋ ਕੇ ਕਸਬਾ ਦਿੜਬਾ ਵਿਖੇ ਸ਼ਾਮਲ ਹੋਣ ਦਿੜਬਾ ਗਏ ਸਨ। ਜਦੋਂ ਇਹ ਵਾਪਸ ਪਰਤ ਰਹੇ ਸੀ ਤਾਂ ਕਾਰ ਦਾ ਸੰਤੁਲਨ ਵਿਗੜਨ ਕਾਰਨ ਫੁੱਟਪਾਥ ਨਾਲ ਬੁਰੀ ਤਰ੍ਹਾਂ ਟਕਰਾ ਗਈ। ਪਤਾ ਲੱਗਾ ਹੈ ਕਿ ਕਾਰ ਦੀਆਂ ਤਾਕੀਆਂ ਖੁੱਲ੍ਹਣ ਦੇ ਨਾਲ ਟਿੱਕੇ ਦੋ ਨੌਜਵਾਨ ਆਂਸਲ ਅਤੇ ਅਤੁਲ ਦੋਨਾਂ ਦੀ ਮੌਕੇ 'ਤੇ ਮੌਤ ਹੋ ਗਈ। ਇਹ ਦੋਨੋਂ ਵਿਅਕਤੀ ਜਾਖਲ ਦੇ ਦੱਸੇ ਜਾ ਰਹੇ ਹਨ ਹਨ। ਇਸੇ ਤਰ੍ਹਾਂ ਤਿੰਨ ਗੰਭੀਰ ਵਿਅਕਤੀਆਂ ਵਿੱਚੋਂ ਸ਼ੈਰੀ ਖਿੱਪਲ, ਹਿਮਾਸ਼ੂ ਜਾਖਲ ਤੇ ਹਰਸ਼ ਜੈਨ ਮੂਣਕ ਸ਼ਾਮਲ ਸਨ।

## ਘਰ ਦੇ ਬਾਹਰੋਂ ਕਾਰ ਚੋਰੀ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਕੈਂਟ ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਦੇ ਘਰ ਦੇ ਬਾਹਰੋਂ ਅਣਪਛਾਤੇ ਵਿਅਕਤੀ ਵੱਲੋਂ ਇਕ ਕਾਰ ਹੌਂਡਾ ਸਿਟੀ ਚੋਰੀ ਕਰਨ ਦੀ ਮਿਲੀ ਹੈ। ਇਸ ਸੰਬੰਧ ਵਿੱਚ ਥਾਣਾ ਕੈਂਟ ਫ਼ਿਰੋਜ਼ਪੁਰ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਖਿਲਾਫ਼ 303 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਮਨ ਜੈਨ ਪੁੱਤਰ ਮਨੋਜ ਜੈਨ ਵਾਸੀ ਮਕਾਨ ਨੰਬਰ 67-68 ਬਜ਼ਾਰ ਨੰਬਰ 05 ਕੈਂਟ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਸ ਨੇ ਆਪਣੀ ਕਾਰ ਹੌਂਡਾ ਸਿਟੀ ਪੈਟਰੋਲ ਤੇ ਸੀਐੱਨਜੀ ਨੰਬਰ ਪੀਬੀ 53 ਸੀ 9992 ਘਰ ਦੇ ਬਾਹਰ ਖੜੀ ਕੀਤੀ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਬਦਲੇ ਪੁਲਸ ਕੇਸ ਦਰਜ ਕਰਨ ਦੀ ਨਿਖੇਧੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਤਿੰਨ ਸਾਲ ਪਹਿਲਾਂ 26 ਜਨਵਰੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਮੌਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਬਦਲੇ ਭਾਕਿਯੂ ਕ੍ਰਾਂਤੀਕਾਰੀ ਦੇ ਆਗੂਆਂ ਖ਼ਿਲਾਫ਼ ਪੁਲਸ ਕੇਸ ਦਰਜ ਕਰਨ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਨਿਖੇਧੀ ਕੀਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਵੱਲੋਂ ਜਾਰੀ ਕੀਤੇ ਗਏ ਸਾਂਝੇ ਪ੍ਰੈੱਸ ਬਿਆਨ ਰਾਹੀਂ ਮੰਗ ਕੀਤੀ ਗਈ ਕਿ ਇਹ ਕੇਸ ਵਾਪਸ ਲਿਆ ਜਾਵੇ ਕਿਉਂਕਿ ਕਿਸੇ ਵੀ ਸੱਤਾਧਾਰੀ ਦਾ ਸ਼ਾਂਤਮਈ ਵਿਰੋਧ ਕਰਨ ਦਾ ਜਮਹੂਰੀ ਅਧਿਕਾਰ ਸੰਵਿਧਾਨ ਵਿੱਚ ਦਰਜ ਹੈ।ਉਨ੍ਹਾਂ ਦੋਸ਼ ਲਾਇਆ ਕਿ ਐੱਸ ਕੇ ਐੱਮ ਵੱਲੋਂ ਕਾਲ਼ੇ ਖੇਤੀ ਕਾਨੂੰਨ ਰੱਦ ਕਰਵਾਉਣ ਮਗਰੋਂ 9 ਦਸੰਬਰ 2021 ਨੂੰ ਮੋਦੀ ਸਰਕਾਰ ਵੱਲੋਂ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਸਮੇਤ ਹੋਰ ਅਹਿਮ ਮੰਗਾਂ ਬਾਰੇ ਲਿਖਤੀ ਵਾਅਦਾ ਅੱਜ ਤੱਕ ਵੀ ਪੂਰਾ ਨਹੀਂ ਕੀਤਾ ਗਿਆ।ਉਦੋਂ ਵੀ ਇਸੇ ਰੋਸ ਵਜੋਂ ਕਿਸਾਨ ਜਥੇਬੰਦੀਆਂ ਵੱਲੋਂ ਵੱਖ-ਵੱਖ ਢੰਗਾਂ ਰਾਹੀਂ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਗਏ ਸਨ।ਅੱਜ ਵੀ ਇਨ੍ਹਾਂ ਮੰਗਾਂ ਸਮੇਤ ਨਵੇਂ ਖੇਤੀ ਮੰਡੀਕਰਨ ਖਰੜੇ ਨੂੰ ਰੱਦ ਕਰਨ ਦੀ ਮੰਗ ਉੱਤੇ ਐੱਸ ਕੇ ਐੱਮ ਦਾ ਸੰਘਰਸ਼ ਜਾਰੀ ਹੈ। ਉਨ੍ਹਾਂ ਦੱਸਿਆ ਕਿ ਟੋਹਾਣਾ ਮਹਾਂਪੰਚਾਇਤ ਵੱਲ ਜਾ ਰਹੇ ਪਿੰਡ ਕੋਠਾਗੁਰੂ ਦੇ ਕਿਸਾਨਾਂ ਦੀ ਬੱਸ ਦੇ ਸੜਕ ਹਾਦਸੇ ਵਿੱਚ ਜ਼ਖ਼ਮੀ ਕਿਸਾਨਾਂ ਵਿੱਚੋਂ ਡੀ ਐਮ ਸੀ ਵਿੱਚ ਇਲਾਜ ਅਧੀਨ ਪੰਜਵਾਂ ਕਿਸਾਨ ਨੌਜਵਾਨ ਕਰਮ ਸਿੰਘ ਵੀ ਕੱਲ੍ਹ ਸ਼ਹੀਦਾਂ ਦੀ ਕਤਾਰ ਵਿੱਚ ਜਾ ਰਲਿਆ।

## ਖੇਤੀਬਾੜੀ ਖਰੜੇ ਸਬੰਧੀ ਹੋਈ ਅਹਿਮ ਮੀਟਿੰਗ

**ਚੀਮਾ ਮੰਡੀ (ਰਵਿੰਦਰ ਚੀਮਾ)**- ਖੇਤੀਬਾੜੀ ਖਰੜੇ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੁਨਾਮ ਦੀ ਮੀਟਿੰਗ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਤੇ ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਆਗੂਆਂ ਨੇ ਕਿਹਾ ਕਿ ਜੋ ਸਰਕਾਰ ਕਿਸਾਨ ਵਿਰੋਧੀ ਖੇਤੀ ਡਰਾਫਟ ਲੈ ਕੇ ਆਈ ਹੈ। ਇਹ ਖੇਤੀਬਾੜੀ ਡਰਾਫਟ ਕਿਸਾਨ ਵਿਰੋਧੀ ਤੇ ਕਾਰਪੋਰੇਟ ਘਰਾਣਿਆਂ ਪੱਖੀ ਹਨ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਸ਼ਹਿ 'ਤੇ ਜੋ ਜ਼ਮੀਨ ਐਕਵਾਇਰ ਬਿੱਲ ਲੈ ਕੇ ਆ ਰਹੀ ਹੈ। ਇਸ ਦਾ ਸਖਤ ਵਿਰੋਧ ਕੀਤਾ ਜਾਵੇਗਾ। ਕਿਸੇ ਵੀ ਕੀਮਤ 'ਤੇ ਕਿਸਾਨ ਦੀ ਜ਼ਮੀਨ ਧੱਕੇ ਨਾਲ ਐਕਵਾਇਰ ਨਹੀਂ ਕਰਨ ਦਿੱਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਉਪਰੋਕਤ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਹਰ ਲੜਾਈ ਲੜੀ ਜਾਵੇਗੀ, ਜਿਸ ਦੀ ਤਿਆਰੀ ਜੰਗੀ ਪੱਧਰ 'ਤੇ ਚੱਲ ਰਹੀ ਹੈ। ਇਸ ਮੌਕੇ ਬਲਾਕ ਆਗੂ ਰਾਮ ਸ਼ਰਨ ਸਿੰਘ ਉਗਰਾਹਾਂ, ਸੁਖਪਾਲ ਮਾਣਕ ਕਣਕਵਾਲ, ਪਾਲ ਸਿੰਘ ਦੌਲੇਵਾਲ ਆਦਿ ਹਾਜ਼ਰ ਸਨ।

## ਪੈਨਸ਼ਨਰ ਸੰਸਥਾ ਦੀ ਚੋਣ 26 ਨੂੰ

**ਸੰਗਰੂਰ (ਪ੍ਰਵੀਨ ਸਿੰਘ)**- ਗੌਰਮਿੰਟ ਪੈਨਸ਼ਨਰਜ਼ ਵੈਲਫ਼ੇਅਰ ਐਸੋ: ਯੂਨਿਟ ਸੰਗਰੂਰ ਦੇ ਮੁੱਖ ਅਹੁੱਦੇਦਾਰਾਂ ਦੀ ਮੀਟਿੰਗ ਪ੍ਰਧਾਨ ਜੀਤ ਸਿੰਘ ਢੀਂਡਸਾ ਦੀ ਪ੍ਰਧਾਨਗੀ ਹੇਠ ਪੈਨਸ਼ਨ ਦਫ਼ਤਰ ਵਿਖੇ ਹੋਈ, ਜਿਸ ਸਬੰਧੀ ਵਿਚਾਰ-ਵਟਾਂਦਰਾ ਕਰਦਿਆਂ ਪ੍ਰਧਾਨ ਤੇ ਜਨਰਲ ਸਕੱਤਰ ਦੀ ਚੋਣ ਲਈ ਆਮ ਇਜਲਾਸ 26 ਜਨਵਰੀ ਨੂੰ ਸਵੇਰੇ 10:00 ਵਜੇ ਪੈਨਸ਼ਨ ਭਵਨ ਸੰਗਰੂਰ ਵਿਖੇ ਹੋਵੇਗਾ। ਉਨ੍ਹਾਂ ਦੱਸਿਆ ਕਿ ਚੋਣ ਕਰਾਉਣ ਲਈ ਦਰਸ਼ਨ ਸਿੰਘ, ਰਵਿੰਦਰ ਸਿੰਘ ਗੁੱਡੂ ਤੇ ਦੇਵਿੰਦਰ ਕੁਮਾਰ ਜਿੰਦਲ 'ਤੇ ਅਧਾਰਤ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਚਾਹਵਾਨ ਉਮੀਦਵਾਰ 10:00 ਤੋਂ 11:00 ਵਜੇ ਤੱਕ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰ ਸਕਦੇ ਹਨ, ਜੋ 11:00 ਵਜੇ ਤੋਂ ਦੁਪਿਹਰ 12:00 ਵਜੇ ਤੱਕ ਲਏ ਜਾ ਸਕਦੇ ਹਨ। ਉਪਰੰਤ ਜੇ ਲੋੜ ਪਈ ਤਾਂ ਵੋਟਿੰਗ ਹੋਵੇਗੀ। ਉਨ੍ਹਾਂ ਸੰਸਥਾ ਦੇ ਸਾਰੇ ਮੈਂਬਰਾਂ ਨੂੰ ਆਮ ਇਜਲਾਸ ਵਿਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ।

# ਸੀਵਰੇਜ ਦੇ ਪੱਕੇ ਹੱਲ ਲਈ ਧਰਨਾ ਜਾਰੀ



**ਮਾਨਸਾ (ਆਤਮਾ ਸਿੰਘ ਪਮਾਰ)** ਨਗਰ ਕੌਂਸਲ ਆਪਸੀ ਧੜੇਬੰਦੀ ਦਾ ਸ਼ਿਕਾਰ ਹੋਣ ਕਰਕੇ ਸ਼ਹਿਰ ਦੇ ਵਿਕਾਸ ਕਾਰਜਾਂ ਵੱਲ ਧਿਆਨ ਨਹੀਂ ਦੇ ਰਹੀ, ਜਿਸ ਦੇ ਸਿੱਟੇ ਵਜੋਂ ਸਫਾਈ, ਸੀਵਰੇਜ ਸਿਸਟਮ ਦੀ ਮੰਦਹਾਲੀ ਨੇ ਸ਼ਹਿਰੀਆਂ ਦੇ ਨੱਕ ਵਿੱਚ ਦਮ ਕਰ ਕੇ ਰੱਖ ਦਿੱਤਾ ਹੈ। ਜੇਕਰ ਸਥਾਨਕ ਹਲਕਾ ਵਿਧਾਇਕ ਸਮੇਂ ਸਿਰ ਪ੍ਰਧਾਨ ਸਮੇਤ ਕੌਂਸਲਰਾਂ ਦੀ ਸੀਵਰੇਜ ਤੇ ਸਫਾਈ ਸਬੰਧੀ ਨਜ਼ਰਸਾਨੀ ਕਰਦੇ ਤਾਂ ਸ਼ਹਿਰੀਆਂ ਨੂੰ ਨਰਕ ਭਰੇ ਹਲਾਤਾਂ 'ਚੋਂ ਗੁਜਰਨ ਲਈ ਮਜ਼ਬੂਰ ਨਾ ਹੋਣਾ ਪੈਂਦਾ। ਸ਼ਹਿਰੀਆਂ ਦੇ ਰੋਸ ਅਤੇ ਸੀਵਰੇਜ ਦਾ ਪੱਕਾ ਹੱਲ ਕਰਵਾਉਣ ਲਈ ਕੌਂਸਲਰਾ ਰਾਮਪਾਲ ਸਿੰਘ ਬੱਪੀਆਣਾ, ਅੰਮ੍ਰਿਤਪਾਲ ਗੋਗਾ, ਹੰਸਾ ਸਿੰਘ ਤੇ ਅਜੀਤ ਸਿੰਘ ਸਰਪੰਚ ਵੱਲੋਂ ਧਾਰਮਿਕ ਸਮਾਜਿਕ, ਵਪਾਰਕ ਰਾਜਸੀ, ਜਨਤਕ ਤੇ ਜ਼ਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਰੋਸ ਧਰਨਾ ਲਗਾਇਆ ਹੋਇਆ ਹੈ,ਜੋ ਲਗਾਤਾਰ ਪਿਛਲੇ 82 ਦਿਨਾਂ ਤੋਂ ਜਾਰੀ ਹੈ। ਸੀਵਰੇਜ ਸੰਘਰਸ਼ ਕਮੇਟੀ ਦੇ ਆਗੂਆਂ ਕ੍ਰਿਸ਼ਨ ਸਿੰਘ ਚੋਹਾਨ, ਡਾ. ਧੰਨਾ ਮੱਲ ਗੋਇਲ, ਰਾਮਪਾਲ ਸਿੰਘ ਬੱਪੀਆਣਾ ਤੇ ਅੰਮ੍ਰਿਤਪਾਲ ਗੋਗਾ ਨੇ ਪ੍ਰੈਸ ਬਿਆਨ ਰਾਹੀਂ ਸ਼ਹਿਰ ਦੇ ਬਾਕੀ ਕੌਂਸਲਰਾਂ ਸਮੇਤ ਸ਼ਹਿਰੀ ਸੰਸਥਾਵਾਂ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਕਿ ਹਲਕਾ ਵਿਧਾਇਕ ਤੇ ਨਗਰ ਕੌਂਸਲ ਦੀ ਬੇਫਕਿਰੀ ਕਰਕੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਅੱਜ ਸ਼ਹਿਰ ਦੇ ਵਪਾਰੀਆਂ ਤੇ ਦੁਕਾਨਦਾਰਾਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਅਤੇ ਸ਼ਹਿਰੀਆਂ ਨੂੰ ਘਰੋਂ ਨਿੱਕਲਣਾ ਵੀ ਮੁਸ਼ਕਿਲ ਹੈ।

ਇਸ ਲਈ ਆਗੂਆਂ ਵੱਲੋਂ ਇਸ ਸਮੱਸਿਆਂਠ ਦੇ ਪੱਕੇ ਹੱਲ ਲਈ ਪੱਕੇ ਰੋਸ ਧਰਨੇ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ।

# ਬੁਕਰ ਇਨਾਮ ਜੇਤੂ ਲੇਖਕਾ ਗੀਤਾਂਜਲੀ ਸ੍ਰੀ ਸਰੋਤਿਆਂ ਦੇ ਅੱਜ ਰੂ-ਬ-ਰੂ ਹੋਣਗੇ

**ਪਟਿਆਲਾ (ਅਵਤਾਰ ਜਟਾਣਾ)**-ਪੰਜਾਬੀ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਗੁਰਦਿਆਲ ਸਿੰਘ ਚੇਅਰ ਵੱਲੋਂ ਦੂਜਾ ਪ੍ਰੋਫ਼ੈਸਰ ਗੁਰਦਿਆਲ ਸਿੰਘ ਯਾਦਗਾਰੀ ਭਾਸ਼ਣ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਚ ਕਰਵਾਇਆ ਜਾ ਰਿਹਾ ਹੈ। ਇਹ ਭਾਸ਼ਣ ਹਿੰਦੀ ਸਾਹਿਤ ਦੀ ਪ੍ਰਸਿੱਧ ਲੇਖਿਕਾ ਗੀਤਾਂਜਲੀ ਸ੍ਰੀ ਵੱਲੋਂ 'ਸਾਹਿਤ, ਸਮਾਜ, ਆਜ਼ਾਦੀ' ਵਿਸ਼ੇ 'ਤੇ ਦਿੱਤਾ ਜਾਵੇਗਾ। ਗੀਤਾਂਜਲੀ ਸ੍ਰੀ ਅੰਤਰਰਾਸ਼ਟਰੀ ਬੁਕਰ ਇਨਾਮ ਜੇਤੂ ਲੇਖਿਕਾ ਹਨ। ਉਨ੍ਹਾਂ ਦੇ ਨਾਵਲ 'ਰੇਤ ਸਮਾਧੀ' ਦੇ ਅੰਗਰੇਜ਼ੀ ਅਨੁਵਾਦ 'ਟੂੰਬ ਆਫ਼ ਸੈਂਡ' ਨੂੰ ਸਾਲ 2022 ਦਾ ਬੁਕਰ ਇਨਾਮ ਪ੍ਰਾਪਤ ਹੋਇਆ ਸੀ। ਇਹ ਨਾਵਲ ਹਿੰਦੀ ਜ਼ੁਬਾਨ ਨੂੰ ਨਵਿਆਉਣ ਅਤੇ ਵਿਚਾਰ ਪੱਖੋਂ ਮੌਲਿਕ ਹੋਣ ਕਾਰਨ ਲਗਾਤਾਰ ਸਰਾਹਿਆ ਜਾ ਰਿਹਾ ਹੈ। 'ਮਾਈ',

'ਹਮਾਰਾ ਸ਼ਹਿਰ ਉਸ ਬਰਸ', 'ਤਿਰੋਹਿਤ' ਅਤੇ 'ਖਾਲੀ ਜਗ੍ਹਾ' ਗੀਤਾਂਜਲੀ ਸ੍ਰੀ ਦੇ ਚਾਰ ਹੋਰ ਨਾਵਲ ਹਨ। ਸ੍ਰੀ ਨੇ ਪੰਜ ਕਹਾਣੀ ਸੰਗ੍ਰਿਹਾਂ ਦੀ ਰਚਨਾ ਵੀ ਕੀਤੀ ਹੈ। ਹਿੰਦੀ ਅਤੇ ਅੰਗਰੇਜ਼ੀ ਵਿਚ ਬਰਾਬਰ ਦੀ ਮੁਹਾਰਤ ਰੱਖਣ ਵਾਲ਼ੀ ਇਸ ਲੇਖਿਕਾ ਨੂੰ ਬੁਕਰ ਤੋਂ ਬਿਨਾਂ 'ਬਨਮਾਲੀ ਰਾਸ਼ਟਰੀ ਪੁਰਸਕਾਰ', 'ਕ੍ਰਿਸ਼ਨ ਬਲਦੇਵ ਪੁਰਸਕਾਰ', 'ਕਥਾ ਯੂ.ਕੇ. ਸਨਮਾਨ', 'ਹਿੰਦੀ ਅਕਾਦਮੀ ਸਾਹਿਤਕਾਰ ਸਨਮਾਨ', ਅਤੇ 'ਦਵਿਜਦੇਵ ਸਨਮਾਨ' ਪ੍ਰਾਪਤ ਹੋ ਚੁੱਕੇ ਹਨ। ਪੰਜਾਬੀ ਮੂਲ ਦੀ ਪ੍ਰਸਿੱਧ ਹਿੰਦੀ ਲੇਖਿਕਾ ਕ੍ਰਿਸ਼ਨਾ ਸੋਬਤੀ ਨਾਲ ਗੀਤਾਂਜਲੀ ਸ੍ਰੀ ਦੀ ਡੂੰਘੀ ਸਾਂਝ ਰਹੀ ਹੈ। ਪ੍ਰੋਫ਼ੈਸਰ ਗੁਰਦਿਆਲ ਸਿੰਘ ਚੇਅਰ ਦੇ ਪ੍ਰੋਫ਼ੈਸਰ ਇੰਚਾਰਜ ਡਾ. ਗੁਰਮੁਖ ਸਿੰਘ ਨੇ ਦੱਸਿਆ ਕਿ ਗੀਤਾਂਜਲੀ ਸ੍ਰੀ ਯੂਨੀਵਰਸਿਟੀ ਵਿਚ ਦੋ ਦਿਨ ਬਿਤਾਉਣਗੇ। ਪਹਿਲੇ ਦਿਨ ਉਨ੍ਹਾਂ ਦੇ ਭਾਸ਼ਣ ਦਾ ਪ੍ਰੋਗਰਾਮ ਹੋਵੇਗਾ ਅਤੇ ਦੂਜੇ ਦਿਨ ਮਿਤੀ 20 ਜਨਵਰੀ ਨੂੰ ਪੰਜਾਬੀ ਵਿਭਾਗ ਦੇ ਸੈਮੀਨਾਰ ਹਾਲ ਵਿਚ ਉਹ ਸਰੋਤਿਆਂ ਨਾਲ਼ ਸੰਵਾਦ ਅਤੇ ਵਿਚਾਰ-ਚਰਚਾ ਦੇ ਪ੍ਰੋਗਰਾਮ ਵਿਚ ਹਿੱਸਾ ਲੈਣਗੇ।

## ਰਾਜਸਥਾਨ ਫੀਡਰ ਤੇ ਸਰਹਿੰਦ ਫੀਡਰ ਨਹਿਰਾਂ ਦਾ ਪੁਲ ਆਵਾਜਾਈ ਲਈ ਭਲਕੇ ਖੋਲ੍ਹਿਆ ਜਾਵੇਗਾ : ਡਿਪਟੀ ਕਮਿਸ਼ਨਰ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)** -ਫਰੀਦਕੋਟ ਸ਼ਹਿਰ ਦੇ ਨਾਲ ਲੰਘਦੀਆਂ ਰਾਜਸਥਾਨ ਫੀਡਰ ਨਹਿਰ ਬੁਰਜੀ ਨੰਬਰ 195814 ਅਤੇ ਸਰਹਿੰਦ ਫੀਡਰ ਨਹਿਰ ਬੁਰਜੀ ਨੰਬਰ 140066 ਤੇ ਬਣਿਆ ਪੁਲ ਕਾਫੀ ਤੰਗ ਅਤੇ ਪੁਰਾਣਾ ਹੋਣ ਕਾਰਨ ਨਵੇਂ ਪੁਲਾਂ ਦਾ ਮੁੜ ਨਿਰਮਾਣ ਕੀਤਾ ਜਾ ਰਿਹਾ ਸੀ। ਜਿਸ ਕਾਰਨ ਇਹ ਰਸਤਾ 13 ਜਨਵਰੀ ਤੋਂ ਲਗਭਗ ਇੱਕ ਹਫਤੇ ਲਈ ਪੂਰਨ ਤੌਰ 'ਤੇ ਬੰਦ ਕੀਤਾ ਗਿਆ ਸੀ।ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਦੱਸਿਆ ਕਿ ਹੁਣ ਇਸ ਪੁਲ ਤੋਂ ਆਵਾਜਾਈ ਲਈ ਰਸਤਾ 21 ਜਨਵਰੀ ਨੂੰ ਖੋਲ੍ਹ ਦਿੱਤਾ ਜਾਵੇਗਾ।

## ਹਾਦਸਿਆਂ ਤੋਂ ਬਚਾਉਣ ਲਈ ਵਹੀਕਲਾਂ 'ਤੇ ਲਾਏ ਰਿਫਲੈਕਟਰ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਸਮਾਜ ਸੇਵੀ ਡਾਕਟਰ ਐੱਸਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੈ ਰਹੀ ਸੰਘਣੀ ਧੁੰਦ ਦੇ ਮੱਦੇਨਜ਼ਰ ਸੜਕੀ ਹਾਦਸਿਆਂ ਨੂੰ ਰੋਕਣ ਲਈ ਏਐੱਸਆਈ ਰਮਨਦੀਪ ਸਿੰਘ ਤੇ ਟ੍ਰੈਫ਼ਿਕ ਪੁਲਸ ਫਿਰੋਜ਼ਪੁਰ ਦੇ ਵਿਸ਼ੇਸ਼ ਸਹਿਯੋਗ ਨਾਲ ਵੱਖ-ਵੱਖ ਵਹੀਕਲਾਂ 'ਤੇ ਰਿਫਲੈਕਟਰ ਲਾਏ ਗਏ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਸਿਟੀ ਅਤੇ ਛਾਉਣੀ ਦੇ ਸਰਕਲ ਇੰਚਾਰਜ਼ ਬਲਵਿੰਦਰ ਪਾਲ ਸ਼ਰਮਾ, ਸਿਟੀ ਅਤੇ ਛਾਉਣੀ ਦੇ ਇਸਤਰੀ ਵਿੰਗ ਦੇ ਇੰਚਾਰਜ ਤਲਵਿੰਦਰ ਕੌਰ ਅਤੇ ਰਣਧੀਰ ਜੋਸ਼ੀ ਨੇ ਦੱਸਿਆ ਕਿ ਧੁੰਦ ਦੇ ਮੌਸਮ ਦੌਰਾਨ ਅਕਸਰ ਹੀ ਐਕਸੀਡੈਂਟ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਕੀਮਤੀ ਜਾਨਾਂ ਨੂੰ ਬਚਾਉਣ ਲਈ ਵੱਡੀ ਤਾਦਾਦ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਰਿਫਲੈਕਟਰ ਲਾਏ ਜਾ ਰਹੇ ਹਨ।

ਏਐੱਸਆਈ ਰਮਨਦੀਪ ਸਿੰਘ, ਟ੍ਰੈਫਿਕ ਪੁਲਸ ਫ਼ਿਰੋਜ਼ਪੁਰ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਟੀਮ ਵੱਲੋਂ ਸ਼ਹੀਦ ਊਧਮ ਸਿੰਘ ਚੌਕ ਸਿਟੀ ਫ਼ਿਰੋਜ਼ਪੁਰ ਵਿੱਚ ਵੱਖ-ਵੱਖ ਵਾਹਨਾਂ ਉੱਪਰ ਰਿਫਲੈਕਟਰ ਲਾਏ ਗਏ ਅਤੇ ਟਰੱਸਟ ਦੀ ਟੀਮ ਵੱਲੋਂ ਦੱਸਿਆ ਗਿਆ ਕਿ ਡਾਕਟਰ ਐੱਸਪੀ ਸਿੰਘ ਓਬਰਾਏ ਦਾ ਇਹ ਬਹੁਤ ਵੱਡਾ ਉਪਰਾਲਾ ਹੈ ਤੇ ਇਹ ਰਿਫਲੈਕਟਰ ਪੰਜਾਬ ਤੇ ਹੋਰ ਸਟੇਟਾਂ, ਜਿੱਥੇ ਜਿੱਥੇ ਵੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਕੰਮ ਕਰ ਰਹੀਆਂ ਹਨ, ਉੱਥੇ ਵੱਡੀ ਗਿਣਤੀ ਵਿੱਚ ਲਾਏ ਜਾ ਰਹੇ ਹਨ।

## ਯੂ ਜੀ ਸੀ ਨਿਯਮ 2025 ਵਾਪਸ ਲਿਆ ਜਾਵੇ : ਭਾਰਤੀ ਕਮਿਊਨਿਸਟ ਪਾਰਟੀ

**ਲੁਧਿਆਣਾ (ਐਮ ਐਸ ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਕਿਹਾ ਕਿ ਪਾਰਟੀ ਹਾਲ ਹੀ ਵਿੱਚ ਪੇਸ਼ ਕੀਤੇ ਗਏ ਯੂਜੀਸੀ ਨਿਯਮ 2025 ਦਾ ਸਖਤ ਵਿਰੋਧ ਕਰਦੀ ਹੈ, ਜੋ ਸਾਡੇ ਦੇਸ ਦੇ ਸੰਘੀ ਢਾਂਚੇ 'ਤੇ ਸਪੱਸ਼ਟ ਹਮਲਾ ਹੈ ਅਤੇ ਰਾਜ ਸਰਕਾਰਾਂ ਦੇ ਖੇਤਰ ਵਿੱਚ ਕੇਂਦਰ ਸਰਕਾਰ ਦੀ ਪਹੁੰਚ ਹੈ। ਇਹ ਨਿਯਮ ਇੱਕ ਗੈਰ-ਲੋਕਤੰਤਰੀ ਥੋਪਣਾ ਹੈ, ਜੋ ਰਾਜ ਦੀਆਂ ਯੂਨੀਵਰਸਿਟੀਆਂ ਤੇ ਵਿਦਿਅਕ ਸੰਸਥਾਵਾਂ ਦੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰਦਾ ਹੈ ਤੇ ਪਾਠਕ੍ਰਮ, ਫੈਕਲਟੀ ਨਿਯੁਕਤੀਆਂ ਤੇ ਸੰਸਥਾਗਤ ਸਾਸ਼ਨ 'ਤੇ ਨਿਯੰਤਰਣ ਨੂੰ ਕੇਂਦਰੀਕਰਨ ਕਰਦਾ ਹੈ।

ਇਹ ਕਦਮ ਆਰਐਸਐਸ-ਭਾਜਪਾ ਸਾਸ਼ਨ ਦੁਆਰਾ ਪੂਰੇ ਸਿੱਖਿਆ ਖੇਤਰ 'ਤੇ ਆਪਣੀ ਵਿਚਾਰਧਾਰਕ ਪਕੜ ਵਧਾਉਣ ਦੀ ਇੱਕ ਸਪੱਸ਼ਟ ਕੋਸ਼ਿਸ਼ ਹੈ, ਇੱਕ ਏਕਾਧਿਕਾਰ, ਉੱਪਰ ਤੋਂ ਹੇਠਾਂ ਪ੍ਰਣਾਲੀ ਨੂੰ ਮਜਬੂਰ ਕਰਦਾ ਹੈ, ਜੋ ਸਾਡੀਆਂ ਵਿਦਿਅਕ ਸੰਸਥਾਵਾਂ ਦੀਆਂ ਵਿਭਿੰਨ ਜ਼ਰੂਰਤਾਂ ਤੇ ਖੇਤਰੀ ਸੰਦਰਭਾਂ ਨੂੰ ਨਜ਼ਰਅੰਦਾਜ਼ ਕਰਦਾ ਹੈ। ਯੂਨੀਵਰਸਿਟੀਆਂ ਦੀ ਖੁਦਮੁਖਤਿਆਰੀ ਨੂੰ ਰੋਕ ਕੇ ਤੇ ਰਾਜ ਸਰਕਾਰਾਂ ਦੇ ਆਪਣੀਆਂ ਵਿੱਦਿਅਕ ਤਰਜ਼ੀਹਾਂ ਦਾ ਫ਼ੈਸਲਾ ਕਰਨ ਦੇ ਅਧਿਕਾਰਾਂ ਦੀ ਉਲੰਘਣਾ ਕਰਕੇ ਕੇਂਦਰ ਸਰਕਾਰ ਭਾਰਤ ਦੀ ਸਿੱਖਿਆ ਪ੍ਰਣਾਲੀ ਦੇ ਬਹੁਲਵਾਦੀ, ਸਮਾਵੇਸੀ ਸੁਭਾਅ ਨੂੰ ਹੋਰ ਵੀ ਖਤਮ ਕਰ ਰਹੀ ਹੈ।

ਭਾਰਤੀ ਕਮਿਊਨਿਸਟ ਪਾਰਟੀ ਇਨ੍ਹਾਂ ਨਿਯਮਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਰਾਜਾਂ ਅਤੇ ਵਿੱਦਿਅਕ ਸੰਸਥਾਵਾਂ ਦੇ ਅਧਿਕਾਰਾਂ ਦਾ ਸਨਮਾਨ ਕੀਤਾ ਜਾਵੇ।

## ਕਿਸਾਨ ਆਗੂਆਂ ਦੀ ਮੀਟਿੰਗ 'ਚ ਨਹੀਂ ਬਣੀ ਏਕਤਾ ਦੀ ਗੱਲ



**ਮੂਣਕ (ਰਾਜਪਾਲ ਸਿੰਗਲਾ)** ਪਾਤੜਾਂ ਦੇ ਸਿੰਘ ਸਭਾ ਗੁਰੂ ਘਰ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਤਿੰਨੇ ਫੋਰਮਾਂ ਦੀ ਸਾਂਝ ਕਰਨ ਦੇ ਲਈ ਅਹਿਮ ਮੀਟਿੰਗ ਰੱਖੀ ਗਈ ਸੀ। ਇਹ ਮੀਟਿੰਗ ਕਰੀਬ ਤਿੰਨ ਘੰਟੇ ਤੱਕ ਚਲਦੀ ਰਹੀ ਪਰ ਆਪਸੀ ਏਕਤਾ ਵਾਲੀ ਸਹਿਮਤੀ ਨਹੀਂ ਬਣ ਸਕੀ, ਨਾ ਹੀ ਸਹਿਮਤੀ ਬਣਨ ਤੇ ਕੋਈ ਅੱਗੇ ਹੋਣ ਵਾਲੀ ਮੀਟਿੰਗ ਦਾ ਐਲਾਨ ਹੋ ਸਕਿਆ।

ਜਦੋਂਕਿ ਦੂਜੇ ਪਾਸੇ ਜਗਜੀਤ ਸਿੰਘ ਡੱਲੇਵਾਲ ਸਮੇਤ 122 ਕਿਸਾਨ ਆਪਣੀ ਹੱਕੀ ਮੰਗਾਂ ਦੇ ਲਈ ਖਨੌਰੀ ਬਾਰਡਰ ਉੱਪਰ ਮਰਨ ਵਰਤ 'ਤੇ ਬੈਠੇ ਹਨ। ਜੇਕਰ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਦੀ ਗੱਲ ਕੀਤੀ ਜਾਵੇ ਦਿਨ ਪ੍ਰਤੀ ਦਿਨ ਕਾਫ਼ੀ ਨਾਜ਼ੁਕ ਹੁੰਦੀ ਜਾ ਰਹੀ ਹੈ।

ਤਿੰਨੇ ਫੋਰਮਾਂ ਦੀ ਆਪਸੀ ਸਹਿਮਤੀ ਨਾ ਬਣ ਦੇ ਕਾਰਨ ਅਲੱਗ ਅਲੱਗ ਫੋਰਮਾਂ ਦੇ ਕਿਸਾਨਾਂ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਗਈ। ਹਰ ਫੋਰਮ ਦੇ ਕਿਸਾਨ ਸਹਿਮਤੀ ਦੀ ਗੱਲ ਕਰਨ ਦੀ ਬਜਾਏ ਆਪਣੇ ਆਪਣੇ ਰੱਖੇ ਪ੍ਰੋਗਰਾਮਾਂ ਬਾਰੇ ਜਾਣੂ ਕਰਾਉਂਦੇ ਰਹੇ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪ੍ਰੋਗਰਾਮਾਂ ਵਿੱਚ ਏਕਤਾ ਤੇ ਵਿਚਾਰ ਜ਼ਰੂਰ ਕਰਾਂਗੇ। ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਵੀਰ ਸਿੰਘ ਰਾਜੇਵਾਲ, ਉਗਰਾਹਾਂ ਜਥੇਬੰਦੀ ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ, ਹਰਵਿੰਦਰ ਸਿੰਘ ਲੱਖੋਵਾਲ, ਡਾਕਟਰ ਦਰਸ਼ਨ ਪਾਲ, ਰਮਿੰਦਰ ਸਿੰਘ ਪਟਿਆਲਾ, ਕਿਸਾਨ ਆਗੂ ਸੁਰਜੀਤ ਸਿੰਘ ਫੂਲ, ਲਖਵਿੰਦਰ ਸਿੰਘ ਔਲਖ, ਸੁਖਜੀਤ ਸਿੰਘ ਹਰਦੋਝੰਡੇ, ਸਵਰਨ ਸਿੰਘ ਪੰਧੇਰ ਸਮੇਤ ਵੱਖ-ਵੱਖ ਕਿਸਾਨ ਆਗੂਆਂ ਨੇ ਭਾਗ ਲਿਆ।

## ਰੇਲ ਗੱਡੀਆਂ ਨਾ ਰੋਕੇ ਜਾਣ ਖਿਲਾਫ਼ ਰੇਲਵੇ ਸਟੇਸ਼ਨ 'ਤੇ ਧਰਨਾ ਅੱਜ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਰੇਲਵੇ ਸਟੇਸ਼ਨ 'ਤੇ ਰੇਲਾਂ ਨਾ ਰੋਕੇ ਜਾਣ ਦੇ ਰੋਸ ਵਜੋਂ ਪਹਿਲਾਂ ਤੋਂ ਐਲਾਨੇ ਸੰਘਰਸ਼ ਪ੍ਰੋਗਰਾਮ 20 ਜਨਵਰੀ ਨੂੰ ਰੇਲਵੇ ਸਟੇਸ਼ਨ 'ਤੇ ਦਿੱਤੇ ਜਾ ਰਹੇ ਧਰਨੇ ਦੀ ਤਿਆਰੀ ਸਬੰਧੀ ਰੇਲ ਰੋਕੋ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਸ਼ਨੀਵਾਰ ਦੇਰ ਸ਼ਾਮ ਸਟੇਸ਼ਨ ਬਸਤੀ ਦੀ ਧਰਮਸ਼ਾਲਾ ਵਿੱਚ ਮੀਟਿੰਗ ਹੋਈ, ਜਿਸ ਵਿੱਚ ਕਮੇਟੀ ਮੈਂਬਰਜ਼ ਨਿੱਕਾ ਸਿੰਘ, ਹਰਦੀਪ ਸਿੰਘ, ਬੱਬੂ ਸਿੰਘ, ਗੁਰਪ੍ਰੀਤ ਸਿੰਘ ਤੇ ਗੁਰਸੇਵਕ ਸਿੰਘ ਸਮੇਤ ਇਨਕਲਾਬੀ ਕੇਂਦਰ ਦੇ ਸੂਬਾ ਕਮੇਟੀ ਮੈਂਬਰ ਜਗਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਕਿਸਾਨ ਤੇ ਮਜ਼ਦੂਰ ਜਥੇਬੰਦੀਆ ਦੇ ਆਗੂ ਸ਼ਾਮਲ ਸਨ। ਆਗੂਆਂ ਨੇ ਕਿਹਾ ਕਿ ਵਾਰ-ਵਾਰ ਲਿਖਤੀ ਦਰਖਾਸਤਾਂ ਦੇਣ ਦੇ ਬਾਵਜੂਦ ਰੇਲਵੇ ਵਿਭਾਗ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ, ਜਿਸ ਕਾਰਨ ਨਗਰ ਵਾਸੀਆਂ ਵਿੱਚ ਸਖਤ ਰੋਹ ਪੈਦਾ ਹੋ ਗਿਆ ਹੈ ਤੇ ਧਰਨਾ ਦੇਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਸੰਘਰਸ਼ ਕਮੇਟੀ ਆਗੂਆਂ ਨੇ ਦੱਸਿਆ ਕਿ ਲਹਿਰਾ ਮੁਹੱਬਤ ਸਮੇਤ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਦੀ ਧਰਨੇ ਵਿੱਚ ਸ਼ਮੂਲੀਅਤ ਕਰਾਉਣ ਤੋਂ ਇਲਾਵਾ ਹੋਰ ਤਿਆਰੀਆਂ ਬਾਰੇ ਵਿਚਾਰਾਂ ਕੀਤੀਆ ਗਈਆਂ ਹਨ। ਔਰਤਾਂ ਵੱਲੋਂ ਵੀ ਆਪਣੀ ਕਮੇਟੀ ਬਣਾ ਕੇ ਧਰਨੇ ਲਈ ਸਹਿਯੋਗ ਦਿੱਤਾ ਜਾ ਰਿਹਾ ਹੈ।

## ਭਾਈ ਨਾਹਰ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਹੋਇਆ



**ਦੋਰਾਹਾ (ਹਰਮਿੰਦਰ ਸੇਠ)**

ਟਰੇਡ ਯੂਨੀਅਨ ਆਗੂ ਸਾਥੀ ਕਰਮ ਸਿੰਘ ਜਟਾਣਾ ਦੇ ਭਰਾ ਭਾਈ ਨਾਹਰ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਸੰਤ ਨਿਰੰਕਾਰੀ ਸਾਧ ਸੰਗਤ ਭਵਨ ਵਿਖੇ ਹੋਇਆ। ਇਸ ਮੌਕੇ ਸਾਹਨੇਵਾਲ, ਸਮਰਾਲਾ, ਪਾਇਲ ਤੇ ਖੰਨਾ ਤੋਂ ਮਹਾਤਮਾ ਸ਼ਾਮਲ ਹੋਏ। ਸੰਤ ਨਿਰੰਕਾਰੀ ਸਤਿਸੰਗ ਲੁਧਿਆਣਾ ਦੇ ਸੰਯੋਜਕ ਸੰਤ ਅਮਿਤ ਕੁੰਦਰਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਤ ਮਹਾਤਮਾ ਹਮੇਸ਼ਾ ਹੀ ਦੁਨੀਆ 'ਤੇ ਪਰਉਪਕਾਰ ਕਰਨ ਵਾਸਤੇ ਆਉਂਦੇ ਹਨ। ਉਨ੍ਹਾਂ ਦਾ ਇੱਕੋ ਹੀ ਮਕਸਦ ਹੁੰਦਾ ਹੈ ਕਿ ਸੰਸਾਰ ਵਿੱਚ ਸਾਰੇ ਹੀ ਲੋਕ ਆਪਸੀ ਭਾਈਚਾਰਕ ਨਾਲ ਰਹਿਣ ਧਰਮ ਦਾ ਵੀ ਇਹੀ ਅਰਥ ਹੈ ਮਾਨਵ ਹੋ ਮਾਨਵ ਪਿਆਰਾ, ਇੱਕ ਦੂਜੇ ਦਾ ਬਣੇ ਸਹਾਰਾ। ਸੰਗਤ ਦੇ ਅਖੀਰ ਵਿੱਚ ਦੋਰਾਹਾ ਬ੍ਰਾਂਚ ਦੇ ਮੁਖੀ ਭਾਈ ਸਾਹਿਬ ਗੁਰਮੇਲ ਸਿੰਘ ਨੇ ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ। ਇਸ ਸਮੇਂ ਦੋਰਾਹਾ ਬ੍ਰਾਂਚ ਦੇ ਸੰਚਾਲਕ ਹਰਿਮੰਦਰ ਸਿੰਘ ਸੇਠ, ਸਿਕਸ਼ਕ ਜੀਤ ਸਿੰਘ, ਸਾਹਨੇਵਾਲ ਤੋਂ ਮੁਖੀ ਮਹਾਤਮਾ ਭਾਈ ਸਾਹਿਬ ਜਗਜੀਤ ਸਿੰਘ ਸੇਠੀ, ਟਰੇਡ ਯੂਨੀਅਨ ਆਗੂ ਸਾਥੀ ਕਰਮ ਸਿੰਘ ਜਟਾਣਾ ਕੁਲਵੰਤ ਸਿੰਘ ਕੱਦੋਂ, ਲਾਲ ਸਿੰਘ ਮਹਿੰਦੀਪੁਰ, ਪਰਮਜੀਤ ਸਿੰਘ ਚਣਕੋਈਆ, ਸ਼ਰਨਜੀਤ ਚਣਕੋਈਆ, ਸਤਨਾਮ ਸਿੰਘ ਜਟਾਣਾ, ਭੈਣ ਗੁਰਮੀਤ ਕੌਰ, ਪਰਮਜੀਤ ਕੌਰ, ਭੈਣ ਗੁਰਦੀਪ ਕੌਰ ਇਸ ਸੰਤ ਸਮਾਗਮ ਮੌਕੇ ਹਾਜ਼ਰ ਸਨ।

# ...ਸ.ਫ਼ਾ 1 ਦੇ ਬਾਕੀ

### ਪੰਜਾਬੀ ਜ਼ੁਬਾਨ ਨੂੰ ...

ਡੌਲੀ ਗੁਲੇਰੀਆ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੇ ਹਵਾਲੇ ਨਾਲ ਲਾਹੌਰ ਸ਼ਹਿਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਕੁਝ ਗੀਤਾਂ ਦੇ ਮੁਖੜੇ ਗਾ ਕੇ ਮਹਾਨ ਗਾਇਕਾ ਨੂੰ ਸ਼ਰਧਾਂਜਲੀ ਦਿੱਤੀ। ਬਾਬਾ ਨਜ਼ਮੀ ਨੇ ਪੰਜਾਬੀ ਮਾਂ ਬੋਲੀ ਅਤੇ ਫਿਰਕੂ ਸਦਭਾਵਨਾ ਦਾ ਹੋਕਾ ਦਿੰਦੀਆਂ ਆਪਣੀਆਂ ਮਕਬੂਲ ਰਚਨਾਵਾਂ ਸੁਣਾਈਆਂ, ਜਿਨ੍ਹਾ ਨੂੰ ਬਹੁਤ ਦਾਦ ਮਿਲੀ। ਡਾ. ਸੁਖਦੇਵ ਸਿਰਸਾ ਨੇ ਸੂਫੀਇਜ਼ਮ ਬਾਰੇ ਆਪਣਾ ਪੇਪਰ ਪੜ੍ਹਦਿਆਂ ਸੂਫੀਆਂ ਵੱਲੋਂ ਆਪਸੀ ਪਿਆਰ ਤੇ ਇਤਫਾਕ ਦੇ ਦਿੱਤੇ ਸੁਨੇਹੇ ਬਾਰੇ ਗੱਲ ਕੀਤੀ।

ਵਿਸ਼ਵ ਪੰਜਾਬੀ ਕਾਨਫਰੰਸ ਦੇ ਭਾਰਤੀ ਚੈਪਟਰ ਦੇ ਕੋਆਰਡੀਨੇਟਰ ਸਹਿਜਪ੍ਰੀਤ ਸਿੰਘ ਮਾਂਗਟ ਨੇ ਉਦਘਾਟਨੀ ਸੈਸ਼ਨ ਦਾ ਮੰਚ ਸੰਚਾਲਨ ਕਰਦਿਆਂ ਕਾਨਫਰੰਸ ਦੇ ਪਿਛੋਕੜ ਉੱਪਰ ਚਾਨਣਾ ਪਾਇਆ। ਸੈਸ਼ਨ ਦੇ ਵਿਸ਼ੇ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਵਾਰ ਕਾਨਫਰੰਸ ਦਾ ਵਿਸ਼ਾ ਸੂਫੀਇਜ਼ਮ ਹੈ, ਜਿਸ ਵਿੱਚ ਵੱਖ-ਵੱਖ ਪੇਪਰ ਪੜ੍ਹੇ ਜਾਣਗੇ ਤੇ ਵਿਚਾਰਾਂ ਹੋਣਗੀਆਂ। ਇਸ ਮੌਕੇ ਗੁਰਭਜਨ ਸਿੰਘ ਗਿੱਲ, ਸਹਿਜਪ੍ਰੀਤ ਸਿੰਘ ਮਾਂਗਟ, ਤ੍ਰੈਲੋਚਨ ਲੋਚੀ, ਨਵਦੀਪ ਸਿੰਘ ਗਿੱਲ ਤੇ ਜੰਗ ਬਹਾਦਰ ਗੋਇਲ ਦੀਆਂ ਪੁਸਤਕਾਂ ਦੇ ਸ਼ਾਹਮੁਖੀ ਐਡੀਸ਼ਨ ਨੂੰ ਰਿਲੀਜ਼ ਕੀਤਾ ਗਿਆ। ਮੰਚ ਉੱਪਰ 'ਭੁਲੇਖਾ' ਅਖਬਾਰ ਦੇ ਮੁੱਖ ਸੰਪਾਦਕ ਮੁਦੱਸਰ ਬੱਟ, ਸੁਗਰਾ ਸਦਫ ਤੇ ਉੱਘੀ ਅਦਾਕਾਰ ਸੁਨੀਤਾ ਧੀਰ ਵੀ ਪ੍ਰਧਾਨਗੀ ਮੰਡਲ ਵਿੱਚ ਹਾਜ਼ਰ ਸੀ। ਡੈਲੀਗੇਸ਼ਨ ਵਿੱਚ ਸਾਹਿਤ, ਕਲਾ, ਸੱਭਿਆਚਾਰ, ਪੱਤਰਕਾਰੀ ਖੇਤਰ ਨਾਲ ਜੁੜੀਆਂ ਉੱਘੀਆਂ ਸ਼ਖਸੀਅਤਾਂ ਤੋਂ ਇਲਾਵਾ ਸਾਬਕਾ ਆਈ.ਏ.ਐੱਸ., ਆਈ.ਪੀ.ਐੱਸ. ਅਧਿਕਾਰੀ, ਪ੍ਰੋਫੈਸਰ ਆਦਿ ਸ਼ਾਮਲ ਹਨ, ਜਿਨ੍ਹਾਂ ਦੀ ਵਾਰੋ-ਵਾਰੀ ਜਾਣ-ਪਛਾਣ ਕਰਵਾਈ ਗਈ। ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿੱਚ ਬਾਬੂ ਰਜਬ ਅਲੀ ਦੀ ਪੋਤਰੀ ਰਿਹਾਨਾ ਰਜਬ, ਦਰਸ਼ਨ ਸਿੰਘ ਬੁੱਟਰ, ਡਾ. ਸੁਖਦੇਵ ਸਿਰਸਾ, ਕਾਹਨ ਸਿੰਘ ਪੰਨੂੰ, ਗੁਰਪ੍ਰੀਤ ਸਿੰਘ ਤੂਰ, ਜੰਗ ਬਹਾਦਰ ਗੋਇਲ, ਅੰਮ੍ਰਿਤ ਕੌਰ ਗਿੱਲ, ਡਾ. ਸ਼ਿੰਦਰਪਾਲ ਸਿੰਘ, ਅਨੀਤਾ ਸ਼ਬਦੀਸ਼, ਬਲਕਾਰ ਸਿੰਘ ਸਿੱਧੂ, ਖਾਲਿਦ ਹੁਸੈਨ, ਹਰਮੀਤ ਵਿਦਿਆਰਥੀ, ਡਾ. ਸਿਮਰਤ ਕੌਰ, ਜਗਤਾਰ ਸਿੰਘ ਭੁੱਲਰ, ਸੁਨੀਲ ਕਟਾਰੀਆ, ਡਾ. ਰਤਨ ਸਿੰਘ ਢਿੱਲੋਂ, ਸੰਦੀਪ ਸ਼ਰਮਾ, ਸਾਇਦਾ ਬਾਨੋ, ਡਾ. ਸੁਰਿੰਦਰ ਸਿੰਘ ਸਾਂਘਾ, ਸੁੱਖੀ ਬਰਾੜ, ਸਤੀਸ਼ ਗੁਲਾਟੀ, ਸਰਘੀ, ਰਾਜ ਧਾਲੀਵਾਲ, ਸੀਮਾ ਗਰੇਵਾਲ, ਹਰਵਿੰਦਰ ਸਿੰਘ, ਅਮਰਜੀਤ ਕੌਰ ਵੜਿੰਗ, ਸਤਿੰਦਰਜੀਤ ਸਿੰਘ, ਜੈਨਿੰਦਰ ਚੌਹਾਨ, ਸੁਪ੍ਰਿਆ, ਗੁਰਪ੍ਰੀਤ ਮਾਨਸਾ, ਡਾ. ਰੁਪਿੰਦਰ ਕੌਰ, ਦਵਿੰਦਰ ਦਿਲਰੂਪ, ਗੁਰਚਰਨ ਕੋਛੜ, ਹਰਵਿੰਦਰ ਸਿੰਘ ਤਤਲਾ, ਡਾ. ਸੁਧੀਰ ਕੌਰ ਮਾਹਲ, ਡਾ. ਗੁਰਦੀਪ ਕੌਰ, ਡਾ. ਗੁਰਰਾਜ ਸਿੰਘ ਚਹਿਲ ਤੇ ਕਰਮ ਸਿੰਘ ਸੰਧੂ ਸ਼ਾਮਲ ਸਨ। ਕਾਨਫਰੰਸ ਵਿੱਚ ਭਾਰਤ ਤੇ ਪਾਕਿਸਤਾਨ ਤੋਂ ਇਲਾਵਾ ਅਮਰੀਕਾ ਤੋਂ ਰਣਜੀਤ ਸਿੰਘ ਗਿੱਲ, ਜਪਾਨ ਤੋਂ ਪਰਮਿੰਦਰ ਸੋਢੀ, ਕੈਨੇਡਾ ਤੋਂ ਪ੍ਰਭਜੋਤ ਕੌਰ, ਇੰਗਲੈਂਡ ਤੋਂ ਰੂਬੀ ਢਿੱਲੋਂ ਤੇ ਆਸਟਰੇਲੀਆ ਤੋਂ ਮਿੱਟੂ ਬਰਾੜ ਵੀ ਸ਼ਾਮਲ ਹੋਏ।

### ਸੰਘ-ਭਾਜਪਾ ਨਾਲ ਵਿਚਾਰਧਾਰਕ ...

ਲੁਧਿਆਣੇ ਦੇ ਸਾਥੀ ਪੂਰਾ ਯੋਗਦਾਨ ਪਾਉਣਗੇ।ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਗੁਲਜ਼ਾਰ ਗੋਰੀਆ ਨੇ ਦੇਸ਼ ਦੇ ਹਾਲਾਤ ਅਤੇ ਵਧ ਰਹੇ ਗਰੀਬ-ਅਮੀਰ ਦੇ ਪਾੜੇ ਬਾਰੇ ਬੋਲਦਿਆਂ ਕਿਹਾ ਕਿ ਸਾਡੀ ਪਾਰਟੀ ਹੀ ਹਮੇਸ਼ਾ ਲੋਕਾਂ ਦੇ ਮੁੱਦਿਆਂ ਨੂੰ ਲੈ ਕੇ ਲੜੀ ਹੈ। ਲੁਧਿਆਣੇ ਜ਼ਿਲ੍ਹੇ ਵੱਲੋਂ ਬੋਲਦੇ ਹੋਏ ਜ਼ਿਲ੍ਹਾ ਸਕੱਤਰ ਡੀ ਪੀ ਮੌੜ ਨੇ ਵਿਸ਼ਵਾਸ ਦਿਵਾਇਆ ਕਿ ਲੁਧਿਆਣਾ ਜ਼ਿਲ੍ਹਾ ਪਾਰਟੀ ਕਾਂਗਰਸ ਲਈ ਦਿਨ-ਰਾਤ ਇੱਕ ਕਰਕੇ ਇਕੱਲੇ-ਇਕੱਲੇ ਪਿੰਡ ਜਾਵੇਗਾ ਅਤੇ ਪਾਰਟੀ ਕਾਂਗਰਸ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਵੇਗਾ।ਇਸ ਮੌਕੇ ਸੂਬਾ ਸਕੱਤਰ ਨੂੰ ਇਕ ਲੱਖ ਰੁਪਏ ਦਾ ਚੈੱਕ ਭੇਟ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਐੱਮ ਐੱਸ ਭਾਟੀਆ, ਚਮਕੌਰ ਸਿੰਘ, ਰਮੇਸ਼ ਰਤਨ, ਡਾਕਟਰ ਰਜਿੰਦਰ ਪਾਲ ਸਿੰਘ, ਡਾਕਟਰ ਗੁਲਜ਼ਾਰ ਪੰਧੇਰ, ਕੇਵਲ ਸਿੰਘ ਬਨਵੈਤ, ਪ੍ਰਿੰਸੀਪਲ ਜਗਜੀਤ ਸਿੰਘ, ਜਗਦੀਸ਼ ਰਾਏ ਬੌਬੀ, ਰਸ਼ਪਾਲ ਸਿੰਘ, ਵਿਜੇ ਕੁਮਾਰ ਤੇ ਅਜੀਤ ਜਵੱਦੀ ਆਦਿ ਨੇ ਸੰਬੋਧਨ ਕੀਤਾ।

### ਦਾਨ ਸਿੰਘ ਵਾਲਾ ਦੇ ਗਰੀਬਾਂ 'ਤੇ ਜਾਨਲੇਵਾ ਹਮਲਾ ...

ਮੀਡੀਆ ਵਿੱਚ ਦਰਦਨਾਕ ਸੀਨ ਆਉਣ ਤੋਂ ਰੋਕਣ ਲਈ ਪੁਲਸ ਦੀ ਸਜ਼ਿਸ਼ ਰਚਣ ਵਾਲੇ ਸਰਪੰਚ ਦੇ ਟਰੈਕਟਰ ਵਿੱਚ ਅੱਗ ਨਾਲ ਸੜਿਆ ਸਮਾਨ ਚੁੱਕ ਕੇ ਲੈ ਗਈ।

ਜੋਗਾ ਤੇ ਸੋਹੀ ਨੇ ਦੱਸਿਆ ਕਿ 20 ਜਨਵਰੀ ਨੂੰ ਇੱਕ ਜਨਤਕ ਡੈਪੂਟੇਸ਼ਨ ਡੀ ਸੀ ਬਠਿੰਡਾ ਨੂੰ ਮਿਲ ਕੇ ਪੂਰੇ ਜ਼ੁਲਮ ਦੀ ਦਾਸਤਾਨ ਅਤੇ ਇਕੱਲੇ-ਇਕੱਲੇ ਘਰ ਵਿੱਚ ਮਚਾਈ ਤਬਾਹੀ ਦੇ ਤਫਸੀਲ ਵਿੱਚ ਵੇਰਵੇ ਸੌਂਪੇਗਾ ਤੇ ਉਕਤ ਮੰਗਾਂ ਉੱਤੇ ਜ਼ੋਰ ਦੇਵੇਗਾ।

ਗੁੰਡਿਆਂ ਨੇ ਪੀੜਤ ਵੇਦ ਸਿੰਘ ਦੀ ਪਾਲਤੂ ਗਊ ਦੀ ਧੌਣ ਉੱਤੇ ਤਲਵਾਰ ਨਾਲ ਵਾਰ ਕੀਤੇ ਅਤੇ ਪੀੜਤ ਵੇਦ ਸਿੰਘ ਦੀਆਂ ਡੇਢ ਲੱਖ ਦੀਆਂ 10 ਬੱਕਰੀਆਂ ਤੇ ਇੱਕ ਪਠੋਰਾ ਵੀ ਚੁੱਕ ਕੇ ਲੈ ਗਏ। ਮਜ਼ਲੂਮਾਂ ਦੇ ਇਨਵਰਟਰ, ਸੋਨਾ, ਨਕਦੀ ਤੇ ਸਿਲੰਡਰ ਵੀ ਹਥਿਆਰਾਂ ਦੇ ਜ਼ੋਰ ਨਾਲ ਚੁੱਕ ਕੇ ਲੈ ਗਏ। ਇਹ ਡਾਕਾ ਨਹੀਂ ਤਾਂ ਹੋਰ ਕੀ ਹੈ? ਪੁਲਸ ਇਹਨਾ ਗੱਲਾਂ ਦੀ ਜਾਣ ਬੁਝ ਕੇ ਅਣਦੇਖੀ ਕਰ ਰਹੀ ਹੈ। ਆਗੂਆਂ ਦੋਸ਼ ਲਾਇਆ ਕਿ ਮੁੱਖ ਮੁਲਜ਼ਮ ਮੌਕੇ ਦੇ ਆਮ ਆਦਮੀ ਪਾਰਟੀ ਦੇ ਸਰਪੰਚ ਦਾ ਕਥਿਤ ਪਾਲਤੂ ਗੁੰਡਾ ਤੇ ਗੈਰ-ਕਾਨੂੰਨੀ ਧੰਦੇ ਦਾ ਕਰਿੰਦਾ ਹੈ ਅਤੇ ਹਲਕੇ ਦਾ ਹੁਕਮਰਾਨ ਪਾਰਟੀ ਦਾ ਵਿਧਾਇਕ ਉਸ ਦੀ ਪਿੱਠ ਉੱਤੇ ਹੈ, ਜਿਸ ਨੇ ਸੰਬੰਧਤ ਥਾਣੇ ਵਿੱਚ ਆਪਣਾ ਅਫਸਰ ਇੰਸਪੈਕਟਰ ਲਾਇਆ ਹੋਇਆ ਹੈ। ਇਸੇ ਕਰਕੇ ਘਟਨਾ ਵਾਲੀ ਸਾਰੀ ਰਾਤ ਜ਼ੁਲਮ ਹੁੰਦਾ ਰਿਹਾ, ਪਰ ਪੁਲਸ ਨਹੀਂ ਪਹੁੰਚੀ ਤੇ ਦੂਜੇ ਦਿਨ ਵੀ ਤੀਜੇ ਪਹਿਰ ਪੁਲਸ ਘਟਨਾ ਸਥਾਨ ਉੱਤੇ ਪਹੁੰਚੀ ਅਤੇ ਹੁਣ ਘਟਨਾ ਨੂੰ ਨਿੱਜੀ ਰੰਜਿਸ਼ ਦਾ ਰੂਪ ਦੇਣ ਵਿੱਚ ਲੱਗੀ ਹੋਈ ਹੈ ਅਤੇ ਮੁੱਖ ਮੁਲਜ਼ਮ ਦੇ ਗਵਾਂਢੀ ਪਿੰਡਾਂ ਦੇ ਮੁੰਡਿਆਂ ਨਾਲ ਹੋਏ ਝਗੜੇ ਵਿੱਚ ਵੱਜੀਆਂ ਪੁਰਾਣੀਆਂ ਸੱਟਾਂ ਨੂੰ ਹੁਣ ਦੀ ਘਟਨਾ ਨਾਲ ਜੋੜ ਰਹੀ ਹੈ। ਮੁਲਜ਼ਮਾਂ ਦੀਆਂ ਪੁਲਸ ਕਸਟਡੀ ਵਿੱਚ ਪੱਤਰਕਾਰਾਂ ਨਾਲ ਇੰਟਰਵਿਊਆਂ ਕਰਵਾ ਕੇ ਉਹਨਾਂ ਨਾਲ ਵੀ ਆਈ ਪੀ ਵਾਲਾ ਵਰਤਾਓ ਕੀਤਾ ਜਾ ਰਿਹਾ ਹੈ।

ਪਿੰਡ ਵਾਸੀਆਂ ਦੱਸਿਆ ਕਿ ਪੁਲਸ ਦੀ ਮੁੱਖ ਮੁਲਜ਼ਮ ਦੇ ਘਰ ਅੰਦਰ ਮੌਜੂਦਗੀ ਵਿੱਚ ਉਸ ਦੇ ਮੇਨ ਗੇਟ ਉੱਤੇ ਕੱਟ ਲਾਏ ਗਏ, ਤਾਂ ਕਿ ਨਿੱਜੀ ਲੜਾਈ ਦਾ ਰੂਪ ਦੇ ਕੇ ਗੁੰਡਿਆਂ ਦਾ ਬਚਾਓ ਕੀਤਾ ਜਾ ਸਕੇ। ਕਮਿਊਨਿਸਟ ਆਗੂ ਜੋਗਾ ਨੇ ਦੱਸਿਆ ਕਿ ਪੀੜਤਾਂ ਦੇ ਕੇਸ ਨੂੰ ਮਜ਼ਬੂਤ ਕਰਨ ਤੇ ਫਰੀ ਅਦਾਲਤੀ ਪੈਰਵੀ ਲਈ ਸੀਨੀਅਰ ਵਕੀਲ ਸੁਰਜੀਤ ਸਿੰਘ ਸੋਹੀ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਪੈਨਲ ਬਣਾ ਦਿੱਤਾ ਗਿਆ ਹੈ, ਜਿਸ ਵਿੱਚ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਰਣਜੀਤ ਸਿੰਘ ਜਲਾਲ ਤੇ ਸਾਬਕਾ ਸਕੱਤਰ ਜਗਮੀਤ ਸਿੰਘ ਸ਼ਾਮਲ ਹਨ।

ਜਾਇਜ਼ਾ ਲੈਣ ਲਈ ਪਿੰਡ ਪਹੁੰਚੀ 13 ਮੈਂਬਰੀ ਟੀਮ ਵਿੱਚ ਜਗਜੀਤ ਸਿੰਘ ਜੋਗਾ ਤੇ ਸੁਰਜੀਤ ਸਿੰਘ ਸੋਹੀ ਤੋਂ ਇਲਾਵਾ ਕਾਕਾ ਸਿੰਘ ਬਠਿੰਡਾ, ਜਸਵੀਰ ਕੌਰ ਸਰਾਂ, ਬਲਜਿੰਦਰ ਸਿੰਘ ਜੋਗਾਨੰਦ, ਹਰਦੇਵ ਸਿੰਘ, ਚੰਦ ਸਿੰਘ ਬੰਗੀ, ਜਗਦੇਵ ਸਿੰਘ ਜੰਡਾਂਵਾਲਾ, ਮਿੱਠੂ ਸਿੰਘ ਬੀੜ ਤਲਾਬ, ਹਰਬੰਸ ਸਿੰਘ ਜੋਧਪੁਰ ਰੁਮਾਣਾ, ਮਿੱਠੂ ਸਿੰਘ ਬੰਗੀ ਕਲਾਂ, ਗੁਰਦੇਵ ਸਿੰਘ ਸਿੱਧੂ ਤੇ ਛਿੰਦਾ ਸਿੰਘ ਸ਼ਾਮਲ ਹੋਏ।

### ਮੋਗਾ ਡੀ ਏ ਸੀ 'ਚ ਤੀਜੀ ਤੇ ਚੌਥੀ ...

ਨੂੰ ਦਰਪੇਸ਼ ਜਗ੍ਹਾ ਦੀ ਕਮੀ ਨੂੰ ਦੂਰ ਕਰਨ ਲਈ ਅਤੇ ਕੁਝ ਸਰਕਾਰੀ ਦਫ਼ਤਰ ਜੋ ਹੋਰ ਥਾਵਾਂ ਤੋਂ ਚਲਾਏ ਜਾ ਰਹੇ ਹਨ, ਨੂੰ ਤਬਦੀਲ ਕਰਨ ਲਈ ਦੋ ਮੰਜ਼ਲਾਂ ਬਣਾਈਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਇਸ ਸਾਲ ਅਗਸਤ ਤੱਕ ਲੱਗਭੱਗ ਅੱਠ ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ। ਉਨ੍ਹਾ ਦੱਸਿਆ ਕਿ ਦੋਵੇਂ ਮੰਜ਼ਲਾਂ 'ਤੇ ਕੁੱਲ 48 ਕਮਰੇ ਬਣਾਏ ਜਾਣਗੇ ਅਤੇ ਦੋਵਾਂ ਮੰਜ਼ਲਾਂ 'ਤੇ ਪੁਰਸ਼ਾਂ ਅਤੇ ਔਰਤਾਂ ਲਈ ਵੱਖ-ਵੱਖ ਟਾਇਲਟ ਬਲਾਕ ਦਾ ਪ੍ਰਬੰਧ ਹੋਵੇਗਾ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਕੰਪਲੈਕਸ ਵਿੱਚ 13 ਵਿਅਕਤੀਆਂ ਦੇ ਢੋਆ-ਢੁਆਈ ਦੀ ਸਮਰੱਥਾ ਵਾਲੀ ਨਵੀਂ ਲਿਫਟ ਲਗਾਈ ਜਾਵੇਗੀ ਅਤੇ ਦੋਵਾਂ ਮੰਜ਼ਲਾਂ 'ਤੇ ਸੁਰੱਖਿਆ ਲਈ ਸੀ.ਸੀ.ਟੀ.ਵੀ. ਕੈਮਰਾ ਸਿਸਟਮ ਹੋਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਨੇ ਭਾਗਵਤ ਦੇ ਭਾਸ਼ਣ ਨੂੰ ਸੰਵਿਧਾਨ ਵਿਰੋਧੀ ਦੱਸਿਆ

**ਬਟਾਲਾ (ਤਰਲੋਕ ਬੱਗਾ)**

ਸੀ ਪੀ ਆਈ ਐਮ ਐਲ ਲਿਬਰੇਸ਼ਨ ਨੇ ਸੰਘ ਮੁਖੀ ਮੋਹਨ ਭਾਗਵਤ ਵੱਲੋਂ 13 ਜਨਵਰੀ ਨੂੰ ਇੰਦੌਰ ਵਿੱਚ ਦਿੱਤੇ ਗਏ ਇਕ ਭਾਸ਼ਣ ਦੌਰਾਨ ਇਹ ਕਹਿਣਾ ਕਿ ਭਾਰਤ 1947 ਵਿੱਚ ਨਹੀਂ ਬਲਕਿ ਰਾਮ ਮੰਦਰ ਬਣਨ ਸਮੇਂ ਆਜ਼ਾਦ ਹੋਇਆ ਹੈ, ਨੂੰ ਸੰਵਿਧਾਨ, ਧਰਮ-ਨਿਰਪੱਖਤਾ ਅਤੇ ਦੇਸ਼ ਵਿਰੋਧੀ ਦੱਸਿਆ ਹੈ। ਇਸ ਸਬੰਧੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਸੰਘ ਮੁਖੀ ਭਗਵਤ ਦੇ ਬਿਆਨ ਨੇ ਆਰ ਐਸ ਐਸ ਦੇ ਅਸਲ ਮਨਸੂਬਿਆਂ ਨੂੰ ਸਾਹਮਣੇ ਲੈ ਆਂਦਾ ਹੈ ਕਿ ਉਹ ਦੇਸ਼ ਵਿੱਚ ਕੇਵਲ ਤੇ ਕੇਵਲ ਮੰਦਰ ਨਾਲ ਜੁੜੇ ਹਿੰਦੂ ਧਰਮ ਦੀ ਹੀ ਗੱਲ ਕਰਦੇ ਹਨ ਅਤੇ ਦੇਸ਼ ਦੀਆਂ ਘੱਟ ਗਿਣਤੀਆਂ ਅਤੇ ਉਹਨਾਂ ਦੇ ਧਰਮਾਂ ਨੂੰ ਉਹ ਮੰਨਣ ਤੋਂ ਇਨਕਾਰੀ ਹਨ। ਭਾਵ ਬਿਆਨ ਮੁਤਾਬਿਕ ਇਹ ਦੇਸ਼ ਕੇਵਲ ਹਿੰਦੂਆਂ ਦਾ ਹੈ ਜਦੋਂ ਕਿ ਦੇਸ਼ ਦਾ ਆਮ ਹਿੰਦੂ ਆਵਾਮ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਅਤੇ ਕਦਰ ਕਰਦਾ ਹੈ ਅਤੇ ਭਰਾਤਰੀ ਭਾਵ ਨਾਲ ਸਾਰੇ ਧਰਮਾਂ ਦਾ ਲੋਕਾਂ ਦਾ ਰਹਿਣ ਸਹਿਣ ਹੈ। ਭਾਗਵਤ ਦੇ ਬਿਆਨ ਨੇ ਸਾਬਤ ਕਰ ਦਿੱਤਾ ਹੈ ਕਿ ਆਰ ਐਸ ਐਸ ਅੰਗਰੇਜ਼ ਸਾਮਰਾਜ ਵਿਰੁੱਧ ਲੜੇ ਗਏ ਹਜ਼ਾਰਾਂ ਕੁਰਬਾਨੀਆਂ ਭਰੇ ਇਤਿਹਾਸ ਤੋਂ ਮੁਨਕਰ ਹੈ। ਜਿਸ ਆਜ਼ਾਦੀ ਦੇ ਇਤਿਹਾਸ ਵਿੱਚ ਆਰ ਐਸ ਐਸ ਦਾ ਰੋਲ ਅੰਗਰੇਜ਼ ਸਾਮਰਾਜ ਦੇ ਝੋਲੀਚੁੱਕਾਂ ਵਾਲਾ ਰਿਹਾ ਹੈ। ਆਰ ਐਸ ਐਸ ਸ਼ੁਰੂ ਤੋਂ ਹੀ ਇਟਲੀ ਦੇ ਫਾਸ਼ਿਸਟ ਮੁਸਲੀਨੀ ਦੀ ਅਗਵਾਈ ਕਬੂਲਦੀ ਰਹੀ ਹੈ। ਭਾਗਵਤ ਦਾ ਇਹ ਬਿਆਨ ਸੰਵਿਧਾਨ ਵਿਰੋਧੀ ਤਾਂ ਕਿਹਾ ਹੀ ਜਾ ਸਕਦਾ ਬਲਕਿ ਸੰਵਿਧਾਨ ਅਧੀਨ ਕੰਮ ਕਰਦੀਆਂ ਲੋਕ ਸਭਾ, ਰਾਜ ਸਭਾ ਅਤੇ ਭਾਰਤ ਦੇ ਸੰਵਿਧਾਨ ਦੀ ਰਾਖੀ ਕਰਨ ਵਾਲੀ ਸਭ ਤੋਂ ਉੱਚਤਮ ਸੰਸਥਾ ਨਿਆਂ ਪਾਲਿਕਾ ਦੀ ਤੌਹੀਨ ਕਰਨ ਵਾਲਾ ਵੀ ਹੈ। ਇਸ ਕਾਰਨ ਭਾਰਤ ਦੀ ਸੁਪਰੀਮ ਕੋਰਟ ਨੂੰ ਆਰ ਐਸ ਐਸ ਮੁਖੀ ਦੇ ਬਿਆਨ ਦਾ ਸੂ ਮੋਟੋ ਲੈ ਕੇ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਬਖਤਪੁਰਾ ਨੇ ਕਿਹਾ ਕਿ ਸਮਾਂ ਮੰਗ ਕਰਦਾ ਹੈ ਕਿ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੀ ਪਹਿਚਾਣ ਅਤੇ ਸਮੁੱਚੇ ਧਰਮਾਂ ਦਾ ਭਾਈਚਾਰਾ ਬਣਾਈ ਰੱਖਣ ਲਈ ਇਕਜੁੱਟ ਹੋ ਕੇ ਆਰ ਐਸ ਐਸ ਦੀ ਮਨੂ ਸਿਮਰਤੀਵਾਦੀ ਨੀਤੀ ਵਿਰੁੱਧ ਸੰਘਰਸ਼ ਕਰਨਾ ਚਾਹੀਦਾ।

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਕੈਬਨਿਟ ਮੰਤਰੀ ਭੁੱਲਰ ਤੇ ਪ੍ਰਸ਼ਾਸਨ ਦੇ ਪੁਤਲੇ ਫੂਕਣ ਦਾ ਐਲਾਨ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਅੰਦਰ ਪੂਰੀ ਤਰ੍ਹਾਂ ਨਾਲ ਫੇਲ੍ਹ ਹੈ ਅਤੇ ਪੱਟੀ ਅੰਦਰ ਦਿਨੋ-ਦਿਨ ਵਿਗੜਦੀ ਕਾਨੂੰਨ ਵਿਵਸਥਾ ਨੂੰ ਲੈ ਕੇ 26 ਜਨਵਰੀ ਨੂੰ ਕੈਬਨਿਟ ਮੰਤਰੀ ਭੁੱਲਰ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਦੀ ਕੋਰ ਕਮੇਟੀ ਦੀ ਮੀਟਿੰਗ ਪਿੰਡ ਭੱਗੂਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ। ਮੀਟਿੰਗ ਵਿੱਚ ਦਿਨੋ ਦਿਨ ਵਿਗੜਦੀ ਕਾਨੂੰਨ ਅਵਸਥਾ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ 26 ਜਨਵਰੀ ਨੂੰ ਟਰੈਕਟਰ ਮਾਰਚ ਕਰਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਪ੍ਰਸ਼ਾਸਨ ਦਾ ਪੁਤਲਾ ਫੂਕਿਆ ਜਾਵੇਗਾ ਅਤੇ ਪੱਟੀ ਹਲਕੇ ਦੇ ਪਿੰਡਾਂ ਵਿੱਚ ਭੁੱਲਰ ਅਤੇ ਪ੍ਰਸ਼ਾਸਨ ਦੇ ਲਗਾਤਾਰ ਪੁਤਲੇ ਫੂਕਣ ਦੀ ਸ਼ੁਰੂਆਤ ਕੀਤੀ ਜਾਵੇਗੀ ਅਤੇ ਪਿੰਡ ਪੱਧਰੀ ਪੁਤਲੇ ਫੂਕੇ ਜਾਣਗੇ। ਇਹ ਜਾਣਕਾਰੀ ਕਿਸਾਨ ਆਗੂਆਂ ਨੇ ਮੀਟਿੰਗ ਤੋਂ ਬਾਅਦ ਪ੍ਰੈਸ ਨੂੰ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆਂ ਸਾਂਝੀ ਕੀਤੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਗੁਰਬੇਜ ਸਿੰਘ ਧਾਰੀਵਾਲ, ਸਵਰਨ ਸਿੰਘ ਹਰੀਕੇ, ਤਰਸੇਮ ਸਿੰਘ ਧਾਰੀਵਾਲ ਨੇ ਕਿਹਾ ਕਿ ਪੱਟੀ ਹਲਕਾ ਰੱਬ ਆਸਰੇ ਚੱਲ ਰਿਹਾ ਹੈ ਕਿਉਂਕਿ ਰੋਜ਼ਾਨਾ ਚੋਰੀਆਂ, ਗੁੰਡਾਗਰਦੀ, ਲੁੱਟਾਂ ਖੋਹਾਂ ਅਤੇ ਸ਼ਰੇਆਮ ਨਸ਼ਾ ਹੋਰ ਅਨੇਕਾਂ ਵਾਰਦਾਤਾਂ ਹੋ ਰਹੀਆਂ ਅਤੇ ਹਲਕਾ ਵਿਧਾਇਕ ਕੈਬਨਿਟ ਮੰਤਰੀ ਭੁੱਲਰ ਦਿੱਲੀ ਵਿਚ ਕੇਜਰੀਵਾਲ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਪੰਜਾਬ ਸਰਕਾਰ ਦੀ ਕਾਨੂੰਨ ਅਵਸਥਾ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਦਿਨ ਰਾਤ ਹੋ ਰਹੀਆਂ ਵਾਰਦਾਤਾਂ ਕਰਕੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਲੁਟੇਰੇ ਸ਼ਰੇਆਮ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਇਸ ਦੇ ਨਾਲ ਕਿਸਾਨ ਆਗੂ ਹਰਵਿੰਦਰ ਸਿੰਘ ਆਸਲ, ਗੁਰਜੰਟ ਸਿੰਘ ਭੱਗੂਪੁਰ, ਜੁਗਰਾਜ ਸਿੰਘ ਸਭਰਾ, ਸੁਖਬੀਰ ਸਿੰਘ ਪੱਟੀ, ਨਿਸ਼ਾਨ ਸਿੰਘ ਪੱਟੀ, ਰੂਪ ਸਿੰਘ ਸੈਦੋ, ਚਾਨਣ ਸਿੰਘ ਬੰਗਲਾ ਰਾਏ, ਜਰਨੈਲ ਸਿੰਘ ਠੱਕਰਪੁਰਾ ਨੇ ਪ੍ਰਸ਼ਾਸਨ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਪ੍ਰਸ਼ਾਸਨ ਹੋ ਰਹੀਆਂ ਵਾਰਦਾਤਾਂ ਰੋਕਣ ਵਿੱਚ ਫੇਲ੍ਹ ਸਾਬਤ ਹੋ ਰਿਹਾ ਹੈ। ਇਸ ਲਈ ਹਲਕਾ ਪੱਟੀ ਦੇ ਲੋਕਾਂ ਵਿੱਚ ਰੋਸ ਵਧਦਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਹਰਿਆਣੇ ਦੇ ਬਾਰਡਰਾਂ 'ਤੇ ਚੱਲ ਰਹੇ ਮੋਰਚੇ ਵਿਚ ਦੋਨਾਂ ਫੋਰਮਾਂ ਵੱਲੋਂ ਵੱਡੇ ਕਾਫਲੇ ਦੇ ਰੂਪ ਵਿੱਚ 26 ਜਨਵਰੀ ਨੂੰ ਪੱਟੀ ਹਲਕੇ ਅੰਦਰ ਟਰੈਕਟਰ ਕੀਤਾ ਜਾਵੇਗਾ।

# ਸਕੂਲੀ ਬੱਸ ਦੀ ਟੱਕਰ ਵੱਜਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਤਿੱਬੜ ਪੁਲਸ ਦੇ ਏ.ਐੱਸ.ਆਈ. ਰਕੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬੱਬੇਹਾਲੀ ਨੇ ਕਿਹਾ ਕਿ 17 ਜਨਵਰੀ ਨੂੰ ਮੇਰਾ ਭਰਾ ਕਮਲਜੀਤ ਸਿੰਘ ਆਪਣੇ ਦੋਸਤ ਰਮੇਸ਼ ਕੁਮਾਰ ਪੁੱਤਰ ਕਰਤਾਰ ਚੰਦ ਵਾਸੀ ਬੱਬੇਹਾਲੀ ਨਾਲ ਮੋਟਰਸਾਈਕਲ ਸਪਲੈਂਡਰ 'ਤੇ ਸਵਾਰ ਹੋ ਕੇ ਪਿੰਡ ਬੱਬੇਹਾਲੀ ਤੋਂ ਪਿੰਡ ਮਾਨ ਚੋਪੜਾ ਨੂੰ ਜਾ ਰਹੇ ਸੀ ਕਿ ਸਵੇਰੇ 9 ਵਜੇ ਜਦ ਉਹ ਅਕਾਲ ਅਕੈਡਮੀ ਤਿੱਬੜ ਦੇ ਸਾਹਮਣੇ ਪੁੱਜੇ ਤਾਂ ਕਾਹਨੂੰਵਾਨ ਸਾਈਡ ਤੋਂ ਇੱਕ ਸਕੂਲ ਬੱਸ ਨਾ-ਮਾਲੂਮ ਡਰਾਈਵਰ ਨੇ ਬੱਸ ਨੂੰ ਸਕੂਲ ਵੱਲ ਮੋੜ ਦਿੱਤਾ, ਜਿਸ ਕਰਕੇ ਕਮਲਜੀਤ ਸਿੰਘ ਦਾ ਮੋਟਰਸਾਈਕਲ ਬੱਸ ਦੇ ਅਗਲੇ ਪਾਸੇ ਜ਼ੋਰ ਨਾਲ ਵੱਜਾ ਜਿਸ ਨਾਲ ਕਮਲਜੀਤ ਸਿੰਘ ਦੇ ਗੰਭੀਰ ਸੱਟਾਂ ਲੱਗ ਗਈਆਂ ਅਤੇ ਰਮੇਸ਼ ਕੁਮਾਰ ਦੇ ਵੀ ਕਾਫ਼ੀ ਸੱਟਾਂ ਲੱਗੀਆਂ ਹਨ। ਇਨ੍ਹਾਂ ਨੂੰ ਇਲਾਜ ਲਈ ਦਿਉਲ ਹਸਪਤਾਲ ਗੁਰਦਾਸਪੁਰ ਵਿਖੇ ਦਾਖਲ ਕਰਵਾਇਆ ਜਿੱਥੇ ਕਮਲਜੀਤ ਸਿੰਘ ਦੀ ਦੌਰਾਨੇ ਇਲਾਜ ਮੌਤ ਹੋ ਗਈ। ਥਾਣਾ ਤਿੱਬੜ ਪੁਲਸ ਨੇ ਬੱਸ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਸਕੂਲ ਦੇ ਲੋੜਵੰਦ ਬੱਚਿਆਂ ਲਈ ਹਿਊਮੈਨਿਟੀ ਫਸਟ ਵੱਲੋਂ ਵਿਸ਼ੇਸ਼ ਯੋਗਦਾਨ



**ਧਾਰੀਵਾਲ , (ਮਨਦੀਪ ਸਿੰਘ ਵਿੱਕੀ)**- ਸਰਕਾਰੀ ਹਾਈ ਸਕੂਲ ਬਸਰਾਏ ਵਿਖੇ ਮੁਸਲਿਮ ਜਮਾਤ ਅਹਿਮਦੀਆ ਕਾਦੀਆਂ ਦੀ ਐਨ ਜੀ ਓ ਹਿਊਮਨਿਟੀ ਫਸਟ ਵੱਲੋਂ ਲੋੜਵੰਦ ਬੱਚਿਆਂ ਦੀ ਮਦਦ ਲਈ 31500 ਦੀ ਰਾਸ਼ੀ ਦਾ ਚੈੱਕ ਸਕੂਲ ਦੇ ਹੈਡਮਾਸਟਰ ਬੀ ਐਨ ਓ ਵਿਜੇ ਕੁਮਾਰ ਨੂੰ ਭੇਟ ਕੀਤਾ ਗਿਆ। ਇਸ ਮੌਕੇ ਹਿਊਮਨਿਟੀ ਫਸਟ ਭਾਰਤ ਦੇ ਪ੍ਰਧਾਨ ਰਫੀਕ ਅਹਿਮਦ ਬੇਗ ਦੇ ਦਿਸ਼ਾ ਨਿਰਦੇਸ਼ਾਂ 'ਤੇ ਅਹਿਮਦੀਆ ਯੂਥ ਵਿੰਗ ਭਾਰਤ ਦੇ ਪ੍ਰਧਾਨ ਸਮੀਮ ਅਹਿਮਦ ਗੋਰੀ, ਹਿਊਮਨਿਟੀ ਫਸਟ ਪੰਜਾਬ ਦੇ ਪ੍ਰਧਾਨ ਨਵੀਦ ਅਹਿਮਦ ਫਜਲ ਨੇ ਵਿਸ਼ੇਸ਼ ਤੌਰ 'ਤੇ ਸਕੂਲ ਵਿਖੇ ਸ਼ਿਰਕਤ ਕਰਕੇ ਬੱਚਿਆਂ ਲਈ ਚੈੱਕ ਭੇਟ ਕੀਤਾ । ਉਨਾਂ ਇਸ ਮੌਕੇ ਕਲੱਬ ਵੱਲੋਂ ਸਮਾਜਿਕ ਕੰਮਾਂ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਤੋਂ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਜਮਾਤ ਅਹਿਮਦੀਆ ਦਾ ਨਾਅਰਾ ਕਿਸੇ ਲਈ ਨਫਰਤ ਨਹੀਂ ਸਭ ਲਈ ਪਿਆਰ ਦੇ ਮਿਸ਼ਨ ਨੂੰ ਲੈ ਕੇ ਚਲਾਇਆ ਜਾ ਰਿਹਾ ਹੈ। ਐਨ ਜੀ ਓ ਸਮਾਜ ਭਲਾਈ ਦੇ ਕੰਮਾਂ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਪਹਿਲਾਂ ਵੀ ਲੋੜਵੰਦ ਬੱਚਿਆਂ ਨੂੰ ਵਰਦੀਆਂ, ਸਟੇਸ਼ਨਰੀ ਅਤੇ ਤਰਾਸਦੀ ਜਾਂ ਆਫਤਾਂ ਵਰਗੇ ਹਾਲਾਤ ਵਿੱਚ ਸਮਾਜ ਨੂੰ ਲੋੜੀਂਦੀ ਮਦਦ ਦਿੱਤੀ ਜਾਂਦੀ ਹੈ। ਇਸ ਮੌਕੇ ਪਿੰਡ ਦੇ ਸਰਪੰਚ ਸਤਨਾਮ ਸਿੰਘ, ਪੰਚ ਮਨਪ੍ਰੀਤ ਸਿੰਘ ਅਤੇ ਪਰਮਜੀਤ ਕੌਰ ਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ। ਪਿੰਡ ਦੇ ਸਰਪੰਚ ਸਤਨਾਮ ਸਿੰਘ ਵੱਲੋਂ ਸਕੂਲ ਦੇ ਹੈੱਡਮਾਸਟਰ ਵਿਜੇ ਕੁਮਾਰ ਨੂੰ ਯਕੀਨ ਦਿਵਾਇਆ ਗਿਆ ਕਿ ਬੱਚਿਆਂ ਦੀ ਭਲਾਈ ਲਈ ਹਰ ਸੰਭਵ ਯਤਨ ਵੱਧ ਚੜ੍ਹ ਕੇ ਕੀਤਾ ਜਾਵੇਗਾ । ਅੰਤ ਵਿੱਚ ਸਕੂਲ ਦੇ ਹੈੱਡਮਾਸਟਰ ਵਿਜੇ ਕੁਮਾਰ ਵੱਲੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਪੰਜਾਬ ਕੈਮਿਸਟ ਐਸੋਸੀਏਸ਼ਨ ਚੋਣ 'ਚ ਸੁਰਿੰਦਰ ਦੁੱਗਲ ਦੁਬਾਰਾ ਬਣੇ ਪੰਜਾਬ ਪ੍ਰਧਾਨ



**ਗੁਰਦਾਸਪੁਰ, (ਦਿਨੇਸ਼ ਕੁਮਾਰ)**

ਪੰਜਾਬ ਕੈਮਿਸਟ ਐਸੋਸੀਏਸ਼ਨ ਚੋਣ ਵਿੱਚ ਸੁਰਿੰਦਰ ਦੁੱਗਲ ਨੂੰ ਸਰਬਸੰਮਤੀ ਨਾਲ ਦੁਬਾਰਾ ਪੰਜਾਬ ਪ੍ਰਧਾਨ ਚੁਣਿਆ ਗਿਆ ਜਦਕਿ ਜੀ.ਐਸ. ਚਾਵਲਾ ਵਲੋਂ ਆਪਣੇ ਵਿਰੋਧੀ ਨੂੰ ਚੋਣ ਵਿਚ ਹਰਾ ਕੇ ਜਨਕਲ ਸਕੱਤਰ ਦੇ ਅਹੁਦੇ ਉਪਰ ਆਪਣੀ ਚੋਣ ਕਰਵਾਈ । ਇਸ ਚੋਣ ਵਿੱਚ ਜ਼ਿਲ੍ਹਾ ਗੁਰਦਾਸਪੁਰ ਕੈਮਿਸਟ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਤੀਸ਼ ਕਪੂਰ, ਜਨਰਲ ਸਕੱਤਰ ਪ੍ਰਭਜਿੰਦਰ ਆਨੰਦ, ਸੰਜੀਵ ਗੋਰਾ ਅਤੇ ਪ੍ਰੈਸ ਸਕੱਤਰ ਮੁਕੇਸ਼ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਸਨ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਸਤੀਸ਼ ਕਪੂਰ ਅਤੇ ਜਨਰਲ ਸਕੱਤਰ ਪ੍ਰਭਜਿੰਦਰ ਆਨੰਦ ਨੇ ਦੱਸਿਆ ਕਿ ਇਹ ਚੋਣ 3 ਸਾਲ ਬਾਅਦ ਹੁੰਦੀ ਹੈ ਅਤੇ ਇਸ ਵਾਰ ਚੋਣ ਪ੍ਰਕਿਰਿਆ ਦੌਰਾਨ ਪੰਜਾਬ ਪ੍ਰਧਾਨ ਦੇ ਅਹੁਦੇ ਲਈ ਸੁਰਿੰਦਰ ਦੁੱਗਲ ਦੇ ਵਿਰੋਧ ਵਿੱਚ ਕਿਸੇ ਉਮੀਦਵਾਰ ਵਲੋਂ ਫਾਰਮ ਨਹੀਂ ਭਰੇ ਗਏ ਜਦਕਿ ਜਨਰਲ ਸਕੱਤਰ ਦੀ ਚੋਣ ਲਈ ਜੀ.ਐਸ.ਚਾਵਲਾ ਲੁਧਿਆਣਾ ਅਤੇ ਰਾਜੇਸ਼ ਮਹਾਜਨ ਪਠਾਨਕੋਟ ਚੋਣ ਮੈਦਾਨ ਵਿੱਚ ਉਤਰੇ । ਚੋਣ ਪ੍ਰਕਿਰਿਆ ਲਈ ਚੀਫ ਰਿਟਰਨਿੰਗ ਅਫਸਰ ਸੁਦਰਸ਼ਨ ਚੌਧਰੀ ਨੰਗਲ, ਸਹਾਇਕ ਰਿਟਰਨਿੰਗ ਅਫਸਰ ਜਤਿੰਦਰ ਸਿੰਘ ਚਾਵਲਾ ਜਲੰਧਰ ਅਤੇ ਸੁਮਿਤ ਕੁਮਾਰ ਸ਼ਰਮਾ ਸਰਹਿੰਦ ਨੂੰ ਨਿਯੁਕਤ ਕੀਤਾ ਗਿਆ । ਜਨਰਲ ਸਕੱਤਰ ਦੀ ਚੋਣ ਲਈ 46 ਵੋਟਾਂ ਦੀ ਪੋਲਿੰਗ ਹੋਈ ਜਿਸ ਵਿਚ ਜੀ.ਐਸ.ਚਾਵਲਾ ਨੂੰ 31 ਜਦਕਿ ਰਜੇਸ਼ ਮਹਾਜਨ ਨੂੰ 15 ਵੋਟਾਂ ਪਈਆਂ । ਜਿਸ ਉਪਰੰਤ ਰਿਟਰਨਿੰਗ ਅਫਸਰ ਨੇ ਜੀ.ਐਸ.ਚਾਵਲਾ ਨੂੰ ਜੇਤੂ ਘੋਸ਼ਿਤ ਕਰ ਦਿੱਤਾ । ਜ਼ਿਲ੍ਹਾ ਗੁਰਦਾਸਪੁਰ ਕੈਮਿਸਟ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਤੀਸ਼ ਕਪੂਰ ਅਤੇ ਜਨਰਲ ਸਕੱਤਰ ਪ੍ਰਭਜਿੰਦਰ ਆਨੰਦ ਵੱਲੋਂ ਨਵਨਿਯੁਕਤ ਪੰਜਾਬ ਪ੍ਰਧਾਨ ਸੁਰਿੰਦਰ ਦੁੱਗਲ ਅਤੇ ਜਨਰਲ ਸਕੱਤਰ ਜੀ.ਐਸ. ਚਾਵਲਾ ਨੂੰ ਭਵਿੱਖ ਵਿੱਚ ਸਹਿਯੋਗ ਦੇਣ ਦਾ ਪੂਰਾ ਭਰੋਸਾ ਦਿੱਤਾ ਅਤੇ ਉਨ੍ਹਾ ਨੂੰ ਅਹੁਦਿਆਂ 'ਤੇ ਨਿਯੁਕਤ ਹੋਣ ਦੀ ਵਧਾਈ ਦਿੱਤੀ ।

# ਢਾਈ ਹਜ਼ਾਰ ਤੋਂ ਵੱਧ ਪ੍ਰਵਾਸੀ ਪੰਜਾਬੀਆਂ ਦੇ ਕੇਸ ਸੁਲਝਾਏ : ਧਾਲੀਵਾਲ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਜਿਨ੍ਹਾਂ ਕੋਲ ਪ੍ਰਵਾਸੀ ਭਾਰਤੀ ਮਾਮਲਿਆਂ ਦਾ ਚਾਰਜ ਹੈ, ਨੇ ਅੱਜ ਲਾਓਸ ਵਿੱਚ ਇੱਕ ਕੇਸ ਵਿੱਚ ਫੜੇ ਗਏ ਮਜੀਠਾ ਰੋਡ ਵਾਸੀ ਅਮਨਦੀਪ ਸਿੰਘ ਦੇ ਘਰ ਪਹੁੰਚ ਕੇ ਪਰਵਾਰ ਨੂੰ ਦੱਸਿਆ ਕਿ ਉਹਨਾਂ ਦੇ ਬੇਟੇ ਨੂੰ ਪੁਲਸ ਨੇ ਰਿਹਾਅ ਕਰ ਦਿੱਤਾ ਹੈ ਅਤੇ ਛੇਤੀ ਹੀ ਉਹ ਦੇਸ਼ ਪਰਤਵੇਗਾ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਲੀਵਾਲ ਨੇ ਦੱਸਿਆ ਕਿ ਅਮਨਦੀਪ ਸਿੰਘ ਅਤੇ ਇੱਕ ਹੋਰ ਨੌਜਵਾਨ ਕਰਨਦੀਪ ਸਿੰਘ ਨੂੰ ਥਾਈਲੈਂਡ ਨੇੜੇ ਸਥਿਤ ਲਾਓਸ ਦੇਸ਼ ਵਿੱਚ ਪੁਲਸ ਵੱਲੋਂ ਇੱਕ ਬਹੁਤ ਹੀ ਗੰਭੀਰ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਪਰਵਾਰ ਨੇ ਸਮੇਂ ਸਿਰ ਪੰਜਾਬ ਸਰਕਾਰ ਕੋਲ ਇਹ ਮੁੱਦਾ ਉਠਾਇਆ ਹੋਣ ਕਾਰਨ ਅਸੀਂ ਭਾਰਤ ਸਰਕਾਰ ਜ਼ਰੀਏ ਉਕਤ ਦੋਹਾਂ ਨੌਜਵਾਨਾਂ ਦੇ ਕੇਸ ਹੱਲ ਕਰਵਾਏ ਅਤੇ ਹੁਣ ਉਹਨਾਂ ਦੀ ਰਿਹਾਈ ਸੰਭਵ ਹੋ ਸਕੀ ਹੈ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੀ ਸਰਕਾਰ ਲਗਾਤਾਰ ਪ੍ਰਵਾਸੀ ਭਾਰਤੀਆਂ ਦੇ ਕੇਸਾਂ ਦੀ ਮਦਦ ਲਈ ਕੰਮ ਕਰ ਰਹੀ ਹੈ, ਜਿਸ ਸਦਕਾ ਜਦੋਂ ਤੋਂ ਇਹ ਸਰਕਾਰ ਹੋਂਦ ਵਿੱਚ ਆਈ ਹੈ ਉਸ ਵੇਲੇ ਤੋਂ ਲੈ ਕੇ ਹੁਣ ਤੱਕ ਢਾਈ ਹਜ਼ਾਰ ਤੋਂ ਵੱਧ ਪ੍ਰਵਾਸੀ ਭਾਰਤੀਆਂ ਦੇ ਕੇਸ ਸੁਲਝਾਏ ਜਾ ਚੁੱਕੇ ਹਨ। ਉਹਨਾਂ ਦੱਸਿਆ ਕਿ ਇਹ ਲੜਕੇ ਵੀ ਛੇਤੀ ਹੀ ਆਪਣੇ ਦੇਸ਼ ਪਰਤ ਹੋਣਗੇ। ਧਾਲੀਵਾਲ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਕਾਨੂੰਨੀ ਜ਼ਰੀਏ ਹੀ ਵਿਦੇਸ਼ਾਂ ਵਿੱਚ ਜਾਣ ਅਤੇ ਉਥੇ ਕਾਨੂੰਨੀ ਤੌਰ 'ਤੇ ਰਹਿ ਕੇ ਕੰਮ ਕਰਨ।

# ਹਰਸ਼ਿਤਾ ਭੰਡਾਰੀ ਜੈਮ ਆਫ ਸਹੋਦਿਆ ਐਵਾਰਡ ਨਾਲ ਸਨਮਾਨਤ




**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਦੀ ਪਾਈਨਵੁੱਡ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਾਰ੍ਹਵੀਂ ਜਮਾਤ ਦੀ ਕਾਮਰਸ ਦੀ ਵਿਦਿਆਰਥਣ ਹਰਸ਼ਿਤਾ ਭੰਡਾਰੀ ਨੇ ਅੱਜ ਮਾਝਾ ਪਬਲਿਕ ਸਕੂਲ ਵਿਖੇ ਜੈਮ ਆਫ ਸਹੋਦਿਆ ਐਵਾਰਡ-2024 ਜਿੱਤ ਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਉਹ ਟੀ ਪੀ ਆਈ ਐਸ ਐਸ ਐਸ ਵਿੱਚ ਆਪਣੇ ਸਾਲਾਂ ਦੌਰਾਨ ਇੱਕ ਸਮਰਪਤ ਅਤੇ ਭਾਵੁਕ ਸਿਖਿਆਰਥੀ ਰਹੀ ਹੈ। ਉਹ ਆਪਣੇ ਸਾਥੀਆਂ ਦੀ ਮਦਦ ਕਰਨ ਅਤੇ ਸਕੂਲ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਇਸ ਮੌਕੇ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਵਾਈਸ ਚਾਂਸਲਰ ਖਾਲਸਾ ਯੂਨੀਵਰਸਿਟੀ ਡਾਕਟਰ ਮਹਿਲ ਸਿੰਘ ਨੇ ਹਰਸ਼ਿਤਾ ਭੰਡਾਰੀ ਚਵਿੰਡਾ ਦੇਵੀ ਨੂੰ ਜੈਮ ਆਫ ਸਹੋਦਿਆ ਐਵਾਰਡ ਨਾਲ ਸਨਮਾਨਤ ਕੀਤਾ ਅਤੇ ਕਿਹਾ ਕਿ ਸਾਨੂੰ ਭਵਿੱਖ ਵਿੱਚ ਇਹੋ ਜਿਹੇ ਬੱਚਿਆਂ ਨੂੰ ਵੇਖ ਕੇ ਸਿੱਖਿਆ ਲੈਣੀ ਚਾਹੀਦੀ ਹੈ ਤਾਂ ਜੋ ਅਸੀਂ ਵੀ ਅਗਾਂਹ ਤਰੱਕੀ ਕਰਕੇ ਆਪਣੇ ਮਾਂ ਬਾਪ ਅਤੇ ਸਕੂਲ ਦਾ ਨਾਂ ਰੌਸ਼ਨ ਕਰ ਸਕੀਏ। ਇਸ ਮੌਕੇ ਸਕੂਲ ਦੀ ਮੈਨੇਜਮੈਂਟ, ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਉਸ ਦੀ ਇਸ ਪ੍ਰਾਪਤੀ ਲਈ ਉਸ ਨੂੰ ਵਧਾਈ ਦਿੱਤੀ ਅਤੇ ਉਸ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਰੈੱਡ ਕਰਾਸ ਸੁਸਾਇਟੀ ਨੇ ਲੋੜਵੰਦਾਂ ਨੂੰ ਕੰਬਲ ਵੰਡੇ



**ਗੁਰਦਾਸਪੁਰ, ਦੀਨਾਨਗਰ, (ਜਨਮ ਮਹਾਜਨ, ਬਲਵਿੰਦਰ ਸਿੰਘ ਬਿੱਲਾ)** - ਵੱਧ ਰਹੀ ਸਰਦੀ ਨੂੰ ਮੁੱਖ ਰੱਖਦੇ ਹੋਏ ਐੱਸ ਡੀ ਐੱਮ ਦੀਨਾਨਗਰ ਸ੍ਰੀ ਜਸਪਿੰਦਰ ਸਿੰਘ ਆਈ ਏ ਐੱਸ ਨੇ ਬੀਤੀ ਸ਼ਾਮ ਦੀਨਾਨਗਰ ਵਿਖੇ ਸਰਬੱਤ ਦਾ ਭਲਾ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਸ਼ੈਲਟਰ ਹੋਮ ਵਿੱਚ ਰਹਿ ਰਹੇ ਲੋੜਵੰਦ ਵਿਅਕਤੀਆਂ ਨੂੰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਗੁਰਦਾਸਪੁਰ ਵੱਲੋਂ ਗਰਮ ਕੰਬਲ ਵੰਡੇ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਰਾਜੀਵ ਸਿੰਘ, ਸਰਬੱਤ ਦਾ ਭਲਾ ਫਾਊਂਡੇਸ਼ਨ ਦੇ ਸੰਚਾਲਕ ਬਚਿੱਤਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਵੀ ਹਾਜ਼ਰ ਸਨ। ਸਰਬੱਤ ਦਾ ਭਲਾ ਫਾਊਂਡੇਸ਼ਨ ਵੱਲੋਂ ਦੀਨਾਨਗਰ ਵਿਖੇ ਚਲਾਏ ਜਾ ਰਹੇ ਸ਼ੈਲਟਰ ਹੋਮ ਦੀ ਸ਼ਲਾਘਾ ਕਰਦਿਆਂ ਐੱਸ ਡੀ ਐੱਮ ਦੀਨਾਨਗਰ ਜਸਪਿੰਦਰ ਸਿੰਘ ਆਈ ਏ ਐੱਸ ਨੇ ਕਿਹਾ ਕਿ ਬਚਿੱਤਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਇਹ ਬਹੁਤ ਨੇਕ ਉਪਰਾਲਾ ਕੀਤਾ ਜਾ ਰਿਹਾ ਹੈ। ਐੱਸ ਡੀ ਐੱਮ ਜਸਪਿੰਦਰ ਸਿੰਘ ਨੇ ਕਿਹਾ ਕਿ ਇਨੀਂ ਦਿਨੀ ਪੈ ਰਹੀ ਕੜਾਕੇ ਦੀ ਠੰਡ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਗਰੀਬ ਤੇ ਲੋੜਵੰਦਾਂ ਨੂੰ ਗਰਮ ਕੰਬਲ ਵੰਡੇ ਜਾ ਰਹੇ ਹਨ ਤਾਂ ਜੋ ਕਿਸੇ ਨੂੰ ਵੀ ਠੰਡ 'ਚ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# 'ਕਾਰਪੋਰੇਟ ਭਜਾਓ ਸੰਵਿਧਾਨ ਬਚਾਓ' ਦੇ ਨਾਅਰੇ ਤਹਿਤ ਮੋਟਰਸਾਈਕਲ ਮਾਰਚ 24-25 ਨੂੰ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਜ਼ਦੂਰਾਂ ਦੇ ਰਹਿਬਰਾਂ ਖਿਲਾਫ ਘਟੀਆ ਸ਼ਬਦਾਵਲੀ ਬੋਲਣ ਅਤੇ ਸੰਵਿਧਾਨ ਨੂੰ ਤੋੜਨ ਖਿਲਾਫ ਮਜ਼ਦੂਰ ਜਮਾਤ ਨੂੰ ਲਾਮਬੰਦ ਕਰਨ ਲਈ ਦਿਹਾਤੀ ਮਜ਼ਦੂਰ ਸਭਾ ਵੱਲੋਂ ਚਲਾਈ ਜਾ ਰਹੀ ਮੁਹਿੰਮ ਤੇਜ਼ ਕਰਨ ਲਈ ਸੂਬਾ ਕਮੇਟੀ ਦੇ ਸੱਦੇ ਮੁਤਾਬਕ ਜ਼ਿਲ੍ਹਾ ਤਰਨ ਤਾਰਨ 'ਚ ਕਾਰਪੋਰੇਟ ਭਜਾਓ ਸੰਵਿਧਾਨ ਬਚਾਓ ਦੇ ਤਹਿਤ 24-25 ਜਨਵਰੀ ਨੂੰ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੀਤਾ ਜਾਵੇਗਾ । ਜਿਸ ਦੀ ਵਿਉਂਤਬੰਦੀ ਕਰਨ ਲਈ ਦਿਹਾਤੀ ਮਜ਼ਦੂਰ ਸਭਾ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਤਰਨ ਤਾਰਨ ਦਫ਼ਤਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਵੈਰੋਵਾਲ ਦੀ ਪ੍ਰਧਾਨਗੀ ਹੇਠ ਕੀਤੀ ਗਈ । ਮੀਟਿੰਗ ਨੂੰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਦੀਆਂ ਗਰੀਬ ਮਾਰੂ ਨੀਤੀਆਂ ਕਾਰਨ ਬੇਰੁਜ਼ਗਾਰੀ 'ਚ ਬੇਸ਼ੁਮਾਰ ਵਾਧਾ ਹੋ ਰਿਹਾ ਹੈ । ਮਨਰੇਗਾ ਸਕੀਮ ਹਾਕਮ ਧਿਰ ਦੇ ਚਹੇਤਿਆਂ ਦੀ ਭੇਟ ਚੜ੍ਹ ਰਹੀ ਹੈ।ਮਾਨ ਸਰਕਾਰ ਦੀਆਂ ਗਰੰਟੀਆਂ ਠੁੱਸ ਹੋ ਕੇ ਰਹਿ ਗਈਆਂ ਹਨ । ਉਨ੍ਹਾਂ ਮਜ਼ਦੂਰ ਜਮਾਤ ਨੂੰ ਲਾਮਬੰਦ ਹੋ ਕੇ ਸ਼ੰਘਰਸ਼ ਕਰਨ ਦਾ ਸੱਦਾ ਦਿੱਤਾ । ਇਸ ਮੌਕੇ ਹਰਜਿੰਦਰ ਸਿੰਘ ਚੂੰਘ, ਚੰਨ ਸਿੰਘ ਤੂਤ, ਸਵਿੰਦਰ ਸਿੰਘ ਚੱਕ, ਜਸਵੰਤ ਸਿੰਘ ਭਿੱਖੀਵਿੰਡ, ਜਰਨੈਲ ਸਿੰਘ ਰਸੂਲਪੁਰ, ਪਰਮਜੀਤ ਸਿੰਘ ਗੰਡੀਵਿੰਡ, ਸਵਿੰਦਰ ਸਿੰਘ ਕੋਟ ਆਦਿ ਹਾਜ਼ਰ ਸਨ ।

# ਫ੍ਰੀ ਲੀਗਲ ਏਡ, ਪਰਮਾਨੈਂਟ ਲੋਕ ਅਦਾਲਤ, ਨਾਲਸਾ ਦੀਆਂ ਸਕੀਮਾਂ ਸੰਬੰਧੀ ਸੈਮੀਨਾਰ

**ਚੋਹਲਾ ਸਾਹਿਬ (ਰਮਨ ਚੱਡਾ)**- ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਕੰਵਲਜੀਤ ਸਿੰਘ ਬਾਜਵਾ ਅਤੇ ਸ਼ਿਲਪਾ ਚੀਫ ਜੁਡੀਸ਼ੀਅਲ ਮਜਿਸਟਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਅਤੇ ਪੀ ਐਲ ਵੀ ਅਮਿਤ ਮਰਵਾਹਾ ਵੱਲੋਂ ਫਰੀ ਲੀਗਲ ਏਡ, ਮੀਡੀਏਸ਼ਨ ਸੈਂਟਰ, ਵਿਕਟਮ ਕੰਪਨਸੇਸ਼ਨ, ਪਰਮਾਨੈਂਟ ਲੋਕ ਅਦਾਲਤ, ਨਾਲਸਾ ਦੀਆਂ ਸਕੀਮਾਂ ਅਤੇ ਨੈਸ਼ਨਲ ਲੋਕ ਅਦਾਲਤ ਸੰਬੰਧੀ ਸਰਕਾਰੀ ਹਾਈ ਸਕੂਲ ਭੋਜੀਆਂ ਅਤੇ ਪਿੰਡ ਭੋਜੀਆਂ ਅਤੇ ਬਾਕੀਪੁਰ ਵਿਖੇ ਸੈਮੀਨਰ ਲਗਾਇਆ ਗਿਆ। ਇਸ ਸੈਮੀਨਾਰ ਵਿੱਚ ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਪੰਜਾਬ ਦੇ ਅਪਰਾਧ ਪੀੜਤਾਂ ਅਤੇ ਉਹਨਾਂ ਤੇ ਨਿਰਭਰਾਂ ਲਈ ਮੁਆਵਜ਼ਾ ਸਕੀਮ, 2011 ਇਸ ਸਕੀਮ ਦੇ ਤਹਿਤ ਅਪਰਾਧ ਪੀੜਤ ਮੁਆਵਜ਼ਾ ਕਮੇਟੀ ਦਾ ਜ਼ਿਲ੍ਹਾ ਅਤੇ ਰਾਜ ਪੱਧਰ ਤੇ ਗਠਨ ਕੀਤਾ ਗਿਆ ਹੈ। ਐਡਵੋਕੇਟ ਚੌਹਾਨ ਨੇ ਦੱਸਿਆ ਕਿ ਮੁਆਵਜ਼ੇ ਦੇ ਹੱਕਦਾਰ ਕੌਣ ਹੁੰਦੇ ਹਨ ਜਿਵੇਂ ਕਿ ਜੇਕਰ ਅਪਰਾਧ ਪੀੜਤ ਜਾਂ ਉਸ ਤੇ ਨਿਰਭਰ ਵਿਅਕਤੀ ਹੇਠ ਮਾਪਦੰਡ ਪੂਰੇ ਕਰਦੇ ਹਨ, ਉਹ ਮੁਆਵਜ਼ੇ ਦੇ ਹੱਕਦਾਰ ਹਨ। ਵਕੀਲ ਸਾਹਿਬ ਨੇ ਦੱਸਿਆ ਕਿ ਕਿਹੜੇ ਕਿਹੜੇ ਅਪਰਾਧਾਂ ਵਿੱਚ ਮੁਆਵਜ਼ਾ ਮਿਲ ਸਕਦਾ ਹੈ ਜਿਵੇਂ ਕਿ ਮੌਤ, ਬਲਾਤਕਾਰ, ਬਲਾਤਕਾਰ ਦੇ ਨਾਲ ਕਤਲ, ਮਨੁੱਖੀ ਤਸਕਰੀ ਦੇ ਪੀੜਤ, ਬੱਚਿਆਂ ਦੇ ਸ਼ੋਸ਼ਣ ਅਤੇ ਅਗਵਾ, ਬੱਚੇ ਨੂੰ ਸਧਾਰਨ ਨੁਕਸਾਨ ਜਾਂ ਚੋਟ, ਔਰਤਾਂ ਅਤੇ ਬੱਚਿਆਂ ਦੇ ਮੁੜ ਵਸੇਬੇ ਲਈ, ਤੇਜ਼ਾਬ ਹਮਲੇ ਦੀ ਪੀੜਤ-ਚਿਹਰੇ ਦਾ ਰੂਪ ਵਿਗੜਨ,ਚੋਟ ਦੇ ਹੋਰ ਮਾਮਲੇ, ਸਰੀਰ ਦੇ ਕਿਸੇ ਹਿੱਸੇ ਲਿੰਗ ਦੇ ਨੁਕਸਾਨ ਵਜੋਂ ਜਾਂ ਉਸ ਤੋਂ ਉੱਪਰ ਦੀ ਅਪੰਗਤਾ ਆਦਿ। ਇਸ ਮੌਕੇ ਪੀ ਐਲ ਵੀ ਅਮਿਤ ਮਰਵਾਹਾ ਨੇ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਦੇ ਬਹੁਤ ਸਾਰੇ ਲਾਭ ਹਨ ਜਿਵੇਂ ਕਿ ਇਸ ਦੇ ਫ਼ੈਸਲੇ ਨਾਲ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ, ਇਸ ਦੇ ਫ਼ੈਸਲੇ ਦੇ ਖਿਲਾਫ ਕੋਈ ਅਪੀਲ ਨਹੀਂ ਹੁੰਦੀ, ਇਸ ਦੇ ਫ਼ੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਨਤਾ ਪ੍ਰਾਪਤ ਹੈ, ਲੋਕ ਅਦਾਲਤ ਵਿੱਚ ਫ਼ੈਸਲਾ ਹੋਣ ਨਾਲ ਧਿਰਾਂ ਵਿੱਚ ਦੁਸ਼ਮਣੀ ਘਟਦੀ ਹੈ ਅਤੇ ਧਿਰਾਂ ਵਿੱਚ ਭਾਈਚਾਰਾ ਵਧਦਾ ਹੈ, ਲੋਕ ਅਦਾਲਤ ਵਿੱਚ ਫ਼ੈਸਲੇ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਸ ਮਿਲ ਜਾਂਦੀ ਹੈ। ਇਸ ਤੋਂ ਇਲਾਵਾ ਕੋਰਟ ਕੰਪਲੈਕਸ ਤਰਨ ਤਾਰਨ, ਸਬ ਡਵੀਜ਼ਨ ਪੱਟੀ ਅਤੇ ਸਬ ਡਵੀਜ਼ਨ ਖਡੂਰ ਸਾਹਿਬ ਵਿਖੇ ਮੀਡੀਏਸ਼ਨ ਸੈਂਟਰ ਬਣਾਏ ਗਏ ਹਨ ਜਿਸ ਵਿੱਚ ਧਿਰਾਂ ਝਗੜੇ ਦਾ ਸਮਝੌਤਾ ਆਪਸੀ ਰਜ਼ਾਮੰਦੀ ਨਾਲ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਵਿਖੇ ਪਰਮਾਨੈਂਟ ਲੋਕ ਅਦਾਲਤ ਸਥਾਪਿਤ ਕੀਤੀ ਗਈ ਜਿਸ ਵਿੱਚ ਧਿਰਾਂ ਦਾ ਆਪਸੀ ਰਜ਼ਾਮੰਦੀ ਨਾਲ ਫੈਸਲਾ ਕਰਵਾਇਆ ਜਾਂਦਾ ਹੈ ਅਤੇ ਸਮੇਂ ਦੀ ਬਹੁਤ ਬੱਚਤ ਹੁੰਦੀ ਹੈ।



# ਬਾਬਾ ਦਇਆ ਸਿੰਘ ਸੁਰਸਿੰਘ ਵਾਲਿਆਂ ਦੇ ਬਰਸੀ ਸਮਾਗਮਾਂ ਸੰਬੰਧੀ ਅਖੰਡ ਪਾਠ ਦੀ ਆਰੰਭਤਾ

**ਝਬਾਲ ,(ਹਰਜਿੰਦਰ ਸਿੰਘ ਸੋਨੀ )**-ਮੀਰੀ ਪੀਰੀ ਦੇ ਮਾਲਕ ਛੇਵੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰੋ ਘਰੋਂ ਵਰਸੋਏ ਮਹਾਨ ਸੂਰਬੀਰ ਯੋਧੇ ਬਾਬਾ ਬਿਧੀ ਚੰਦ ਜੀ ਦੀ ਬੰਸਾਵਲੀ ਅੰਸ਼ ਵੰਸ਼ ਮਹਾਂਪੁਰਸ਼ ਬਾਬਾ ਲਾਲ ਚੰਦ, ਬਾਬਾ ਗੁਰਦਿਆਲ ਸਿੰਘ, ਬਾਬਾ ਹੁਕਮ ਸਿੰਘ, ਬਾਬਾ ਜਿਉਣ ਸਿੰਘ, ਬਾਬਾ ਜਸਪਤ ਸਿੰਘ, ਬਾਬਾ ਭਾਗ ਸਿੰਘ, ਬਾਬਾ ਲਾਭ ਸਿੰਘ, ਬਾਬਾ ਨੱਥਾ ਸਿੰਘ, ਜਥੇਦਾਰ ਸੰਤ ਬਾਬਾ ਸੋਹਣ ਸਿੰਘ ਅਤੇ 11ਵੇਂ ਜਾਨਸ਼ੀਨ ਸ਼੍ਰੋਮਣੀ ਪੰਥ ਸੇਵਕ, ਸ੍ਰੀ ਮਾਨ ਸੱਚਖੰਡ ਵਾਸੀ ਸੰਤ ਮਹਾਂਪੁਰਸ਼ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਦੇ 19 ਜਨਵਰੀ ਦਿਨ ਐਤਵਾਰ ਨੂੰ ਦੇਸ਼ ਵਿਦੇਸ਼, ਇਲਾਕੇ ਤੇ ਨਗਰ ਸੁਰਸਿੰਘ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਤੇ ਉਤਸ਼ਾਹ ਨਾਲ ਮਨਾਏ ਜਾ ਰਹੇ 11ਵੇਂ ਸਾਲਾਨਾ ਬਰਸੀ ਸਮਾਗਮਾਂ ਸੰਬੰਧੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਸੁਰਸਿੰਘ ਮੌਜੂਦਾ 12ਵੇਂ ਮੁਖੀ ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਦੀ ਅਗਵਾਈ ਹੇਠ ਗੁ: ਦਲ ਪੰਥ ਛਾਉਣੀ ਨਿਹੰਗ ਸਿੰਘ ਸੁਰਸਿੰਘ ਵਿਖੇ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਕਰਵਾਈ ਗਈ।ਇਸ ਮੌਕੇ ਜਥੇਦਾਰ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੇ ਪੁੱਜੀਆਂ ਧਾਰਮਿਕ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਬਰਸੀ ਸਮਾਗਮਾ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ।



# ਪੰਜਾਬ 'ਚ ਚਾਇਨਾ ਡੋਰ ਨਾਲ ਹੋ ਰਹੀਆਂ ਮੌਤਾਂ ਦਾ ਜ਼ੁੰਮੇਵਾਰ ਕੌਣ : ਹੀਰਾ ਸਿੰਘ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਚਾਇਨਾ ਡੋਰ ਨਾਲ ਪਤੰਗਬਾਜ਼ੀ ਕਰਨ ਨਾਲ ਹਰ ਰੋਜ਼ ਵੱਡੇ ਹਾਦਸੇ ਵਾਪਰ ਰਹੇ ਹਨ, ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ, ਬੇਜ਼ੁਬਾਨ ਜਾਨਵਰ ਚਾਇਨਾ ਡੋਰ ਵਿੱਚ ਫਸ ਕੇ ਜਾਨਾ ਗਵਾ ਰਹੇ ਹਨ, ਦੋ ਪਹੀਏ ਵਾਹਨਾਂ 'ਤੇ ਸਵਾਰ ਲੋਕਾਂ ਦੇ ਗਲੇ ਵਿੱਚ ਡੋਰ ਫਸਣ ਨਾਲ ਵੱਡੇ ਹਾਦਸੇ ਹੋ ਰਹੇ ਹਨ ਹਰ, ਰੋਜ਼ ਅਖ਼ਬਾਰਾਂ ਵਿਚ ਇਸ ਖੂਨੀ ਡੋਰ ਦੀ ਵਿਕਰੀ ਜ਼ੋਰਾਂ ਸ਼ੋਰਾਂ ਨਾਲ ਹੋ ਰਹੀ ਹੈ। ਇਸ ਸੰਬੰਧ ਵਿੱਚ ਗੱਲ ਕਰਦਿਆਂ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਤੇ ਤਰਨ ਤਾਰਨ ਦੇ ਸਕੱਤਰ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ ਨੇ ਪ੍ਰਸ਼ਾਸਨ ਅਤੇ ਸਰਕਾਰ ਤੋਂ ਸਖ਼ਤ ਸ਼ਬਦਾਂ ਵਿੱਚ ਮੰਗ ਕੀਤੀ ਕਿ ਚਾਇਨਾ ਡੋਰ ਪੰਜਾਬ ਅੰਦਰ ਜੋ ਬਣਾਉਂਦੇ ਹਨ, ਮਸ਼ੀਨਰੀ ਜ਼ਬਤ ਕੀਤੀ ਜਾਵੇ, ਕਾਰਖਾਨਾ ਸੀਲ ਕੀਤਾ ਜਾਵੇ, ਛਾਪੇਮਾਰੀ ਕਰਕੇ ਜੋ ਥੋਕ ਵਪਾਰੀ ਪੰਜਾਬ ਜਾਂ ਪੰਜਾਬ ਤੋਂ ਬਾਹਰ ਚਾਇਨਾ ਡੋਰ ਖ਼ਰੀਦਦੇ ਹਨ ਤੇ ਅਗਾਂਹ ਦੁਕਾਨਦਾਰਾਂ ਨੂੰ ਵੇਚਣ ਕਰਕੇ ਕੀਮਤੀ ਜਾਨਾਂ ਖਤਮ ਹੋ ਜਾਂਦੀਆਂ ਹਨ, ਉਨ੍ਹਾਂ 'ਤੇ ਕਤਲ ਦਾ ਮੁਕੱਦਮਾ ਦਰਜ ਕੀਤਾ ਜਾਵੇ। ਇਸ ਲਈ ਸਰਕਾਰ ਤੇ ਪ੍ਰਸ਼ਾਸਨ ਸਖ਼ਤੀ ਤੋਂ ਕੰਮ ਲੈ ਕੇ ਹਲਕੀ ਫੁਲਕੀ ਕਾਰਵਾਈ ਛੱਡ ਕੇ ਸਖਤੀ ਨਾਲ ਇਸ ਚਾਇਨਾ ਡੋਰ ਦੀ ਵਿਕਰੀ ਬੰਦ ਕਰਵਾਏ। ਮਾਪਿਆਂ ਨੂੰ ਵੀ ਚਾਹੀਦਾ ਹੈ ਆਪਣੇ ਬੱਚਿਆਂ ਨੂੰ ਚਾਇਨਾ ਡੋਰ ਦੇ ਨੁਕਸਾਨ ਬਾਰੇ ਜਾਗਰੂਕ ਕਰਨ ਤਾਂ ਕਿ ਬੱਚੇ ਇਸ ਡੋਰ ਦੀ ਵਰਤੋਂ ਨਾ ਕਰਨ। ਇਸ ਮੌਕੇ ਸੀ ਪੀ ਆਈ ਐਮ ਦੇ ਜ਼ਿਲ੍ਹਾ ਆਗੂ ਕਾਮਰੇਡ ਸੁਖਦੇਵ ਸਿੰਘ ਗੋਹਲਵੜ, ਕਾਮਰੇਡ ਜਸਵਿੰਦਰ ਸਿੰਘ ਮਾਨੋਚਾਹਲ, ਕਾਮਰੇਡ ਕਰਮ ਸਿੰਘ ਲਾਲਪੁਰਾ, ਡਾਕਟਰ ਅਜਮੇਰ ਸਿੰਘ ਤੋਂ ਇਲਾਵਾ ਕਾਮਰੇਡ ਨਰਿੰਦਰ ਸਿੰਘ ਬਘਿਆੜੀ, ਕਾਮਰੇਡ ਮਲੂਕ ਸਿੰਘ ਝਬਾਲ, ਕਾਮਰੇਡ ਕੁਲਵੰਤ ਸਿੰਘ ਛਾਪਾ ਆਦਿ ਆਗੂ ਹਾਜ਼ਰ ਸਨ ।

# ਖ਼ਾਲਸਾ ਕਾਲਜ ਵੈਟਰਨਰੀ ਵਿਖੇ ਪਸ਼ੂਧਨ ਜਨਗਣਨਾ ਸਮੀਖਿਆ ਮੀਟਿੰਗ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**—ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਵਿਖੇ 21ਵੀਂ ਪਸ਼ੂਧਨ ਜਨਗਣਨਾ ਸਮੀਖਿਆ ਮੀਟਿੰਗ ਆਯੋਜਿਤ ਕੀਤੀ ਗਈ।ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਈ ਗਈ ਉਕਤ ਮੀਟਿੰਗ ਦੀ ਪ੍ਰਧਾਨਗੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ (ਪੰਜਾਬ ਸਰਕਾਰ) ਤੋਂ ਆਈ ਏ ਐੱਸ ਪ੍ਰਿੰਸੀਪਲ ਸਕੱਤਰ ਰਾਹੁਲ ਭੰਡਾਰੀ ਨੇ ਕੀਤੀ।ਇਸ ਮੌਕੇ ਡਾ. ਵਰਮਾ ਨੇ ਸ੍ਰੀ ਭੰਡਾਰੀ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕਰਨ ਉਪਰੰਤ ਕਾਲਜ ਸਬੰਧੀ ਸੰਖੇਪ ਜਾਣ-ਪਛਾਣ 'ਚ ਦੱਸਦਿਆਂ ਕਿਹਾ ਕਿ ਸੰਸਥਾ 2010 ਤੋਂ ਸਮਾਜ ਦੀ ਸੇਵਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਜ ਨੇ 446 ਵੈਟਰਨਰੀ ਡਾਕਟਰਾਂ ਦਾ ਐੱਚ. ਆਰ. ਡੀ. ਬਣਾਇਆ ਹੈ ਜਿੰਨ੍ਹਾਂ ਨੇ 8 ਵੱਖ-ਵੱਖ ਬੈਚਾਂ 'ਚ ਗ੍ਰੈਜੂਏਟ ਕਰਨ ਤੋਂ ਬਾਅਦ ਹੁਣ ਸਮਾਜ ਅਤੇ ਬੇਜ਼ੁਬਾਨ ਜਾਨਵਰਾਂ ਦੀ ਸੇਵਾ ਕਰ ਰਹੇ ਹਨ।

ਇਸ ਮੌਕੇ ਸ੍ਰੀ ਭੰਡਾਰੀ ਨੇ ਪਸ਼ੂਧਨ ਗਣਨਾ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕਿਵੇਂ ਚੰਗੀ ਗੁਣਵੱਤਾ ਵਾਲੀ ਜਨਗਣਨਾ ਦਾ ਡਾਟਾ ਵੱਖ-ਵੱਖ ਯੋਜਨਾਵਾਂ ਦੇ ਨਿਰਮਾਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਆਧਾਰ ਬਣਦੀ ਹੈ।ਡਾ. ਵਰਮਾ ਨੇ ਸ੍ਰੀ ਭੰਡਾਰੀ ਨੂੰ ਨਵਾਂ ਪਸ਼ੂਧਨ ਫਾਰਮ ਕੰਪਲੈਕਸ, ਵਿੱਦਿਅਕ ਢਾਂਚੇ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਕਾਲਜ ਦੁਆਰਾ ਬਣਾਈਆਂ ਗਈਆਂ ਹੋਰ ਬੁਨਿਆਦੀ ਸਹੂਲਤਾਂ ਜਿਵੇਂ ਕਿ ਪੰਜਾਬ ਦੇ ਸਰਹੱਦੀ ਖੇਤਰ ਦੇ ਕਿਸਾਨਾਂ ਅਤੇ ਪਾਲਤੂ ਜਾਨਵਰਾਂ ਦੇ ਮਾਲਕਾਂ ਦੀ ਸੇਵਾ ਕਰਨ ਵਾਲੇ ਵੈਟਰਨਰੀ ਹਸਪਤਾਲ ਦਾ ਦੌਰਾ ਵੀ ਕਰਵਾਇਆ। ਏ ਐੱਚ ਵਿਭਾਗ ਤੋਂ ਡਿਪਟੀ ਡਾਇਰੈਕਟਰ ਡਾ. ਨਵਰਾਜ ਸੰਧੂ ਨੇ ਪਸ਼ੂਧਨ ਗਣਨਾ ਮੀਟਿੰਗ ਅਤੇ ਇਸ ਦੀ ਪ੍ਰਗਤੀ ਦੀ ਸਮੀਖਿਆ ਸੰਬੰਧੀ ਸ੍ਰੀ ਭੰਡਾਰੀ ਦਾ ਧੰਨਵਾਦ ਕੀਤਾ।

# ਲੋਕ ਚੌਥੀ ਵਾਰ ਬਣਾਉਣਗੇ ਦਿੱਲੀ 'ਚ ਆਮ ਆਦਮੀ ਪਾਰਟੀ ਦੀ ਸਰਕਾਰ : ਸ਼ਮਸ਼ੇਰ ਸਿੰਘ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਦਿੱਲੀ ਵਿੱਚ ਪੰਜ ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਚੋਣ ਹਲਕੇ ਨਵੀਂ ਦਿੱਲੀ 'ਚ ਚੋਣ ਪ੍ਰਚਾਰ ਕਰਦਿਆਂ ਦੀਨਾਨਗਰ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦਿੱਲੀ 'ਚ ਮੁੜ ਤੋਂ ਆਪ ਦੀ ਸਰਕਾਰ ਬਣਨ ਦਾ ਦਾਅਵਾ ਕੀਤਾ ਹੈ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨਫਰਤ ਦੀ ਰਾਜਨੀਤੀ ਨਹੀਂ ਸਿਰਫ ਕੰਮ ਦੀ ਰਾਜਨੀਤੀ ਕਰਦੀ ਹੈ। ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਇਮਾਨਦਾਰ ਰਾਜਨੀਤੀ ਰਾਹੀਂ ਦੇਸ਼ ਦੀ ਸੇਵਾ ਕਰਨ ਲਈ ਇਨਕਮ ਟੈਕਸ ਕਮਿਸ਼ਨਰ ਦੀ ਨੌਕਰੀ ਛੱਡ ਦਿੱਤੀ। ਉਹਨਾਂ ਕਿਹਾ ਕਿ ਕੇਜਰੀਵਾਲ ਦੀ ਇਮਾਨਦਾਰੀ ਰਵਾਇਤੀ ਪਾਰਟੀਆਂ ਲਈ ਖਤਰਾ ਹੈ ਅਤੇ ਇਸੇ ਲਈ ਰਵਾਇਤੀ ਪਾਰਟੀਆਂ ਹਰ ਹੀਲੇ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਅਤੇ ਕੁਚਲਣ ਦਾ ਯਤਨ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੀ ਹਰ ਚਾਲ ਨੂੰ ਦਿੱਲੀ ਦੇ ਲੋਕ ਨਾਕਾਮ ਕਰਨਗੇ ਅਤੇ ਇਕ ਵਾਰ ਮੁੜ ਤੋਂ ਨਫਰਤ ਫੈਲਾਉਣ ਵਾਲੇ ਲੋਕਾਂ ਨੂੰ ਨਕਾਰਦੇ ਹੋਏ ਵੱਡੇ ਬਹੁਮਤ ਨਾਲ ਦਿੱਲੀ 'ਚ ਚੌਥੀ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ। ਇਸ ਮੌਕੇ ਪੰਜਾਬ ਫਿਸ਼ਰੀਜ਼ ਡਿਵੈਲਪਮੈਂਟ ਬੋਰਡ ਦੇ ਮੈਂਬਰ ਦਰਮੇਸ਼ ਕੁਮਾਰ, ਬੀ ਸੀ ਵਿੰਗ ਦੇ ਜ਼ਿਲ੍ਹਾ ਸਕੱਤਰ ਸਰਪੰਚ ਬਲਜੀਤ ਸਿੰਘ ਖਾਲਸਾ, ਬਲਾਕ ਪ੍ਰਧਾਨ ਜਸਬੀਰ ਸਿੰਘ ਕਠਿਆਲੀ, ਬਲਾਕ ਪ੍ਰਧਾਨ ਸੁਖਜਿੰਦਰ ਸਿੰਘ ਮੋਨੂੰ ਝਬਕਰਾ, ਬਲਾਕ ਪ੍ਰਧਾਨ ਪੰਕਜ ਬਹਿਰਾਮਪੁਰ, ਸਰਪੰਚ ਮਨਦੀਪ ਸਿੰਘ ਸ਼ਮਸ਼ੇਰਪੁਰ, ਸਰਪੰਚ ਵਰਿੰਦਰ ਸਿੰਘ ਬਿੰਦੂ ਪਨਿਆੜ, ਯੂਥ ਆਗੂ ਰਾਜੀਵ ਸੈਣੀ ਦੋਦਵਾਂ ਅਤੇ ਬਲਬੀਰ ਸਿੰਘ ਸ਼ੇਖਾ ਵੀ ਉਹਨਾਂ ਦੇ ਨਾਲ ਮੌਜੂਦ ਸਨ।

# ਵਿਦਿਆਰਥੀਆਂ ਨੇ ਸਾਲਿਡ ਵੇਸਟ ਮੈਨੇਜਮੈਂਟ ਬਾਰੇ ਜਾਣਕਾਰੀ ਦਿੱਤੀ

**ਬਟਾਲਾ (ਤਰਲੋਕ ਬੱਗਾ)**- ਆਰ.ਡੀ.ਖੋਸਲਾ ਡੀ.ਏ.ਵੀ.ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਸਵੇਰ ਦੀ ਮੀਟਿੰਗ ਵਿੱਚ ਸਾਫ ਸੁਥਰੇ ਅਤੇ ਟਿਕਾਊ ਵਾਤਾਵਰਣ ਨੂੰ ਬਣਾਈ ਰੱਖਣ ਲਈ ਠੋਸ ਰਹਿੰਦ-ਖੂੰਹਦ ਦੇ ਸੰਕਲਪ ਨੂੰ ਪੇਸ਼ ਕੀਤਾ ਗਿਆ। ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਧਾਰਨਾ ਦੱਸਦੀ ਹੈ ਕਿ ਕੂੜਾ ਕਿਵੇਂ ਪੈਦਾ ਹੁੰਦਾ ਹੈ ਅਤੇ ਕਿਵੇਂ ਗਲਤ ਨਿਪਟਾਰੇ ਨਾਲ ਜੁੜੇ ਮੁੱਦੇ ਵਾਤਾਵਰਣ ਪ੍ਰਦੂਸ਼ਣ, ਸਿਹਤ ਜੋਖਮਾਂ ਅਤੇ ਕੁਦਰਤੀ ਸਰੋਤਾਂ ਦੀ ਕਮੀ ਵਿੱਚ ਯੋਗਦਾਨ ਪਾਉਂਦੇ ਹਨ। ਵਿਦਿਆਰਥੀਆਂ ਨੇ ਆਪਣੇ ਭਾਸ਼ਣਾਂ ਵਿੱਚ ਇਹਨਾਂ ਨੁਕਤਿਆਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕੂੜੇ ਨੂੰ ਘਟਾਉਣ, ਮੁੜ ਵਰਤੋਂ ਅਤੇ ਰੀਸਾਈਕਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਕੂੜੇ ਦੀ ਪੈਦਾਵਾਰ ਨੂੰ ਘੱਟ ਕੀਤਾ ਜਾ ਸਕੇ ਅਤੇ ਸਰੋਤਾਂ ਦੀ ਯੋਗ ਵਰਤੋਂ ਕੀਤੀ ਜਾ ਸਕੇ। ਇਸ ਪਹਿਲਕਦਮੀ ਨੇ ਨਾ ਸਿਰਫ ਜਾਗਰੂਕਤਾ ਪੈਦਾ ਕੀਤੀ ਸਗੋਂ ਵਿਦਿਆਰਥੀਆਂ ਨੂੰ ਸਕੂਲ ਵਿੱਚ ਬਿਹਤਰ ਕੂੜਾ ਪ੍ਰਬੰਧਨ ਵੱਲ ਕਦਮ ਚੁੱਕਣ ਲਈ ਵੀ ਪ੍ਰੇਰਿਤ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਪ੍ਰੇਰਿਤ ਕੀਤਾ।




# ਭਲਕੇ ਔਰਤਾਂ ਲਈ ਸਿਹਤ, ਸਫ਼ਾਈ ਤੇ ਜਾਗਰੂਕਤਾ ਕੈਂਪ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਸਰਕਾਰ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਰਾਜ ਦੀਆਂ ਔਰਤਾਂ ਨੂੰ ਸਿਹਤ ਪੱਖੋਂ ਤੰਦਰੁਸਤ ਰੱਖਣ ਲਈ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ 'ਤੇ ਔਰਤਾਂ ਲਈ ਸਿਹਤ, ਸਫ਼ਾਈ ਅਤੇ ਜਾਗਰੂਕਤਾ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਔਰਤਾਂ/ਲੜਕੀਆਂ ਲਈ ਸਿਹਤ, ਸਫ਼ਾਈ ਅਤੇ ਜਾਗਰੂਕਤਾ ਦਾ ਜ਼ਿਲ੍ਹਾ ਪੱਧਰੀ ਕੈਂਪ 21 ਜਨਵਰੀ ਨੂੰ ਸਵੇਰੇ 10 ਵਜੇ ਜਿਮਨੇਜ਼ੀਅਮ ਹਾਲ, ਨੇੜੇ ਲਿਟਲ ਫਲਾਵਰ ਕਾਨਵੈਂਟ ਸਕੂਲ, ਬੀ.ਐੱਸ.ਐੱਫ. ਰੋਡ, ਗੁਰਦਾਸਪੁਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਦਾਸਪੁਰ ਜਸਮੀਤ ਕੌਰ ਨੇ ਦੱਸਿਆ ਕਿ ਇਸ ਜ਼ਿਲ੍ਹਾ ਪੱਧਰੀ ਕੈਂਪ ਵਿਚ ਔਰਤਾਂ ਦਾ ਮੁਫ਼ਤ ਹੈਲਥ ਚੈੱਕਅਪ ਕਰਾਉਣ ਦਾ ਪ੍ਰਬੰਧ ਹੋਵੇਗਾ। ਇਸ ਦੇ ਨਾਲ ਹੀ ਇਸ ਕੈਂਪ ਵਿਚ ਲੜਕੀਆਂ ਨੂੰ ਰੋਜ਼ਗਾਰ ਪ੍ਰਦਾਨ ਕਰਨ ਲਈ ਵੱਖ-ਵੱਖ ਕੰਪਨੀਆਂ ਨੂੰ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਪੇਂਡੂ ਵਿਕਾਸ ਵਿਭਾਗ ਦੇ ਸੈੱਲਫ਼ ਹੈਲਪ ਗਰੁੱਪਾਂ, ਸਖੀ ਵਨ ਸਟਾਪ ਸੈਂਟਰ, ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਆਸ਼ੀਰਵਾਦ ਸਕੀਮ, ਸੁਕੰਨਿਆ ਸਮਰਿਧੀ ਸਕੀਮ, ਯੋਗਾ ਗਤੀਵਿਧੀਆਂ ਦੇ ਸਟਾਲ ਲਗਾਏ ਜਾਣਗੇ ਅਤੇ ਹੋਰ ਵਿਭਾਗਾਂ ਵੱਲੋਂ ਔਰਤਾਂ/ਲੜਕੀਆਂ ਲਈ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ ਨੇ ਜ਼ਿਲ੍ਹਾ ਗੁਰਦਾਸਪੁਰ ਦੀਆਂ ਹਰ ਵਰਗ ਨਾਲ ਸਬੰਧਤ ਔਰਤਾਂ/ਲੜਕੀਆਂ ਨੂੰ ਇਸ ਕੈਂਪ ਵਿਚ ਪਹੁੰਚਣ ਲਈ ਸੱਦਾ ਦਿੱਤਾ ਹੈ।

# ਚਾਲੀ ਮੁਕਤਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕਵੀ ਦਰਬਾਰ

**ਬਾਬਾ ਬਕਾਲਾ ਸਾਹਿਬ/ਬੁਤਾਲਾ (ਨਿਰਮਲ ਸਿੰਘ ਸੰਘਾ)**- ਪੰਜਾਬੀ ਲਿਖਾਰੀ ਸਭਾ (ਰਜਿ.) ਵੱਲੋਂ ਲੋਹੜੀ, ਚਾਲੀ ਮੁਕਤਿਆਂ ਦੀ ਸ਼ਹੀਦੀ ਦਿਹਾੜੇ ਅਤੇ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਇਕ ਕਵੀ ਦਰਬਾਰ ਕਰਵਾਇਆ ਗਿਆ । ਜਿਸ ਵਿੱਚ ਮੱਖ ਮਹਿਮਾਨ ਦੇ ਤੌਰ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਵਜੋਂ ਪੁੱਜੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਉੱਘੇ ਗਾਇਕ ਮੱਖਣ ਸਿੰਘ ਭੈਣੀਵਾਲਾ (ਸੀਨੀਅਰ ਮੀਤ ਪ੍ਰਧਾਨ ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ), ਉੱਘੇ ਸਾਹਿਤਕਾਰ ਅਵਤਾਰ ਸਿੰਘ ਕਾਲੜਾ, ਸੁਰਜੀਤ ਸਿੰਘ ਸਸਤਾ ਆਇਰਨ, ਪ੍ਰਧਾਨ ਹਰਭਜਨ ਸਿੰਘ ਨਾਹਲ ਅਤੇ ਗੁਰਬਚਨ ਕੌਰ ਦੂਆ ਸ਼ਾਮਲ ਸਨ। ਸਭਾ ਦੇ ਸ਼ੁਰੂ ਵਿੱਚ ਦੋ ਵਿਛੜੀਆਂ ਰੂਹਾਂ ਗੁਰਦੀਪ ਸਿੰਘ ਔਲਖ ਅਤੇ ਅਤਿੰਦਰਜੀਤ ਸਿੰਘ ਰੰਧਾਵਾ (ਦਾਮਾਦ ਦਲਬੀਰ ਸਿੰਘ ਰਿਆੜ) ਨੂੰ ਯਾਦ ਕਰਦਿਆਂ ਸਭਾ ਵੱਲੋਂ 2 ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਦਿੱਤੀ ਗਈ । ਉਪਰੰਤ ਪ੍ਰਧਾਨ ਹਰਭਜਨ ਸਿੰਘ ਨਾਹਲ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਕਵੀਆਂ ਦਾ ਸਵਾਗਤ ਕੀਤਾ ਅਤੇ ਸਨਮਾਨਤ ਸ਼ਖਸੀਅਤਾਂ ਦੀ ਜਾਣ ਪਹਿਚਾਣ ਅਤੇ ਸਾਹਿਤਕ ਖੇਤਰ ਵਿੱਚ ਉਨ੍ਹਾਂ ਦੀ ਦੇਣ ਬਾਰੇ ਜਾਣਕਾਰੀ ਦਿੱਤੀ। ਕਵੀ ਦਰਬਾਰ ਵੀ ਕਰਾਇਆ ਗਿਆ, ਜਿਸ ਵਿਚ ਉੱਘੇ ਕਵੀਆਂ ਨੇ ਆਪਣੀਆਂ ਉਮਦਾ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ । ਸਟੇਜ ਸਕੱਤਰ ਦੀ ਭੂਮਿਕਾ ਮਹਿੰਦਰ ਸਿੰਘ ਅਨੇਜਾ ਨੇ ਨਿਭਾਈ। ਸਭਾ ਦੇ ਪ੍ਰਧਾਨ ਹਰਭਜਨ ਸਿੰਘ ਨਾਹਲ, ਜਨਰਲ ਸਕੱਤਰ ਪਰਮਦਾਸ ਹੀਰ, ਗੁਰਦੀਪ ਸਿੰਘ ਉਜਾਲਾ ਨੇ ਗਾਇਕ ਮੱਖਣ ਸਿੰਘ ਭੈਣੀਵਾਲਾ ਅਤੇ ਅਵਤਾਰ ਸਿੰਘ ਕਾਲੜਾ ਨੂੰ ਸਭਾ ਵੱਲੋਂ 'ਪੰਜਾਬੀ ਮਾਂ ਬੋਲੀ ਦਾ ਮਾਣ ਐਵਾਰਡ" ਦੇ ਕੇ ਸਨਮਾਨਤ ਕੀਤਾ ਅਤੇ ਸ਼ੇਲਿੰਦਰਜੀਤ ਸਿੰਘ ਰਾਜਨ ਨੂੰ ਸੁਰਜੀਤ ਸਿੰਘ ਸਸਤਾ ਆਇਰਨ ਨੇ ਸਨਮਾਨਤ ਕੀਤਾ। ਇਸ ਪ੍ਰੋਗਰਾਮ ਵਿੱਚ ਹਰਬੰਸ ਸਿੰਘ ਕਲਸੀ, ਸੁਖਦੇਵ ਸਿੰਘ ਗੰਢਵਾਂ, ਮਨੋਜ ਫਗਵਾੜਵੀ, ਗੁਰਦੀਪ ਸਿੰਘ ਉਜਾਲਾ, ਮਹਿੰਦਰਪਾਲ ਕੌਰ, ਜਰਨੈਲ ਸਿੰਘ ਸਾਖੀ, ਗੁਰਬਚਨ ਕੌਰ ਦੂਆ, ਪਰਮਦਾਸ ਹੀਰ, ਐਸ.ਐਸ ਸੰਧੂ, ਦਲਜੀਤ ਸਿੰਘ, ਅਮਰ ਸਿੰਘ ਅਮਰ, ਉਰਮਲਜੀਤ ਸਿੰਘ ਵਾਲੀਆ, ਡਾ. ਕੁਲਵੰਤ ਸਿੰਘ ਬਾਠ, ਜਸਮੇਲ ਸਿੰਘ ਜੋਧੇ, ਇੰਦਰ ਸਿੰਘ ਮਿਸਰੀ, ਮਨਜੀਤ ਸਿੰਘ, ਅਵਤਾਰ ਸਿੰਘ ਬੈਂਸ, ਪ੍ਰਿੰਸੀਪਲ ਸੁਰਿੰਦਰ ਮੋਹਨ, ਹਰਜਿੰਦਰ ਸਿੰਘ ਜਿੰਦੀ, ਕੁਲਵਿੰਦਰ ਸਿੰਘ ਗਾਖਲ, ਪਰਮਜੀਤ ਸਿੰਘ ਨੈਨਾ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਖਾਲਸਾ, ਜਸਪਾਲ ਜੀਰਵੀ, ਹਰਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਮਨਜੀਤ ਸਿੰਘ ਨੇ ਕਾਵਿ ਰਚਨਾਵਾਂ ਰਾਹੀਂ ਚੰਗਾ ਰੰਗਾ ਬੰਨ੍ਹਿਆ।




# ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਦੋਰਾਂਗਲਾ ਪੁਲਸ ਦੇ ਏ.ਐੱਸ.ਆਈ. ਵੈਸ਼ਨੋ ਦਾਸ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਇੱਕ ਔਰਤ ਨੇ ਬਿਆਨ 'ਚ ਕਿਹਾ ਕਿ 13 ਜਨਵਰੀ ਨੂੰ ਮੈਂ ਅਤੇ ਮੇਰਾ ਲੜਕਾ ਗੁਰਮੁਖ ਸਿੰਘ ਆਪਣੀ ਲੜਕੀ ਅਮਨਦੀਪ ਕੌਰ ਦੇ ਘਰ ਲੋਹੜੀ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਜਾਣ ਦੀ ਤਿਆਰੀ ਕਰ ਰਹੇ ਸੀ ਕਿ ਦੁਪਹਿਰ ਕਰੀਬ 3 ਵਜੇ ਜਦ ਉਹ ਗੱਡੀ ਵਿਚ ਸਮਾਨ ਰੱਖ ਕੇ ਵਾਪਸ ਮੁੜੇ ਤਾਂ ਸੁਰਜੀਤ ਸਿੰਘ ਕਾਕਾ ਪੁੱਤਰ ਭਜਨ ਸਿੰਘ, ਸੁਖਵਿੰਦਰ ਕੌਰ ਸੁੱਖੀ ਪਤਨੀ ਸੁਰਜੀਤ ਸਿੰਘ, ਬਲਜਿੰਦਰ ਸਿੰਘ ਬਨੀ ਪੁੱਤਰ ਰਣਜੀਤ ਸਿੰਘ, ਹਰਜਿੰਦਰ ਕੌਰ ਨਿੰਦਰ ਪਤਨੀ ਰਣਜੀਤ ਸਿੰਘ ਅਤੇ ਭਜਨ ਸਿੰਘ ਵਾਸੀ ਗੰਜਾ ਨੇ ਆਪਣੇ ਘਰੋਂ ਬਾਹਰ ਆ ਕੇ ਮੇਰਾ ਰਸਤਾ ਰੋਕ ਲਿਆ ਅਤੇ ਗੁਰਮੁਖ ਸਿੰਘ ਨੂੰ ਖਿੱਚ ਕੇ ਗਲੀ ਵਿਚ ਸੁੱਟ ਲਿਆ ਅਤੇ ਗਲੀ ਵਿਚੋਂ ਰੋੜੇ ਚੁੱਕ ਕੇ ਗੁਰਮੁਖ ਸਿੰਘ ਦੇ ਮੱਥੇ ਅਤੇ ਸਿਰ ਵਿਚ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਜਦ ਪੀੜਤ ਛੁਡਾਉਣ ਲਈ ਅੱਗੇ ਹੋਈ ਤਾਂ ਕਥਿਤ ਦੋਸ਼ੀਆਂ ਨੇ ਉਸ ਦੇ ਵੀ ਇੱਟ ਮਾਰ ਕੇ ਜ਼ਖ਼ਮੀ ਕਰ ਦਿੱਤਾ। ਥਾਣਾ ਦੋਰਾਂਗਲਾ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

20-jan-PAGE-4.qxd 1/19/2025 9:23 PM Page 1

ਨਵਾਂ ਜ਼ਮਾਨਾ
ਸੋਮਵਾਰ, 20 ਜਨਵਰੀ 2025

# ਕੁੰਭ 'ਚ ਵੀ ਮੰਦਰ-ਮਸਜਿਦ

*ਪ੍ਰਯਾਗਰਾਜ ਵਿੱਚ ਚੱਲ ਰਹੇ ਕੁੰਭ ਮੇਲੇ 'ਚ ਗਿਆਨਵਾਪੀ ਮਸਜਿਦ ਨੂੰ ਮੰਦਰ ਵਜੋਂ ਦਰਸਾਉਂਦੇ ਮਾਡਲ ਦੀ ਨੁਮਾਇਸ਼ ਵੀ ਲਾਈ ਗਈ ਹੈ। ਇਸ ਤਰ੍ਹਾਂ ਹਿੰਦੂਤਵੀ ਤਾਕਤਾਂ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਕੁੰਭ ਮੇਲੇ ਨੂੰ ਵੀ ਵਰਤ ਰਹੀਆਂ ਹਨ। ਗਿਆਨਵਾਪੀ, ਜਿਸ ਦੀ ਵਾਰਾਨਸੀ ਦੇ ਕਾਸ਼ੀ ਵਿਸ਼ਵਨਾਥ ਮੰਦਰ ਨਾਲ ਕੰਧ ਸਾਂਝੀ ਹੈ, ਦਰਜਨਾਂ ਇਸਲਾਮੀ ਢਾਂਚਿਆਂ ਵਿੱਚ ਸ਼ੁਮਾਰ ਹੈ, ਜਿਨ੍ਹਾਂ ਬਾਰੇ ਅਦਾਲਤਾਂ 'ਚ ਇਸ ਦਾਅਵੇ ਨਾਲ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ ਕਿ ਇਹ ਮੰਦਰ ਢਾਹ ਕੇ ਉਸਾਰੇ ਗਏ। ਵਾਰਾਨਸੀ ਦੇ ਸੁਮੇਰੂ ਮੱਠ ਦੇ ਮਹੰਤ ਸਵਾਮੀ ਨਰਿੰਦਰਾਨੰਦ ਸਰਸਵਸਤੀ ਨੇ ਸਨਿੱਚਰਵਾਰ ਨੁਮਾਇਸ਼ ਦਾ ਉਦਘਾਟਨ ਕੀਤਾ, ਜਿਸ 'ਚ ਗਿਆਨਵਾਪੀ ਦਾ ਮਾਡਲ ਦਿਖਾਇਆ ਗਿਆ ਹੈ, ਜਿਸ ਦਾ ਉੱਪਰਲਾ ਅੱਧ ਮੰਦਰ ਵਜੋਂ ਡਿਜ਼ਾਈਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨੁਮਾਇਸ਼ ਵਿੱਚ 120 ਤਸਵੀਰਾਂ ਵੀ ਪ੍ਰਦਰਸ਼ਤ ਕੀਤੀਆਂ ਗਈਆਂ ਹਨ, ਜਿਹੜੀਆਂ ਮਸਜਿਦ ਦੇ ਹਿੱਸੇ 'ਚ ਹਿੰਦੂ ਪ੍ਰਤੀਕਾਂ ਨੂੰ ਦਰਸਾਉਂਦੀਆਂ ਹਨ। ਸਥਾਨਕ ਅਦਾਲਤ ਦੇ ਹੁਕਮ 'ਤੇ 2023 ਵਿੱਚ ਗਿਆਨਵਾਪੀ ਦਾ ਸਰਵੇ ਕੀਤਾ ਗਿਆ ਸੀ ਤੇ ਉਸ ਦੀ ਰਿਪੋਰਟ ਅਦਾਲਤ ਨੂੰ ਸੀਲਬੰਦ ਲਿਫਾਫੇ 'ਚ ਪੇਸ਼ ਕੀਤੀ ਗਈ ਸੀ, ਫਿਰ ਵੀ ਸਰਵੇਖਣ ਦੌਰਾਨ ਲਈਆਂ ਤਸਵੀਰਾਂ ਜੱਗ-ਜ਼ਾਹਰ ਹੋ ਗਈਆਂ ਹਨ। ਨੁਮਾਇਸ਼ ਦੇ ਜਥੇਬੰਦਕਾਂ ਦਾ ਕਹਿਣਾ ਹੈ ਕਿ ਇਹ ਤਸਵੀਰਾਂ ਉਤਸ਼ਾਹੀ ਫੋਟੋਗ੍ਰਾਫਰਾਂ ਨੇ ਲਈਆਂ ਸਨ ਤੇ ਇਹ ਅਦਾਲਤੀ ਕਾਰਵਾਈ ਦਾ ਹਿੱਸਾ ਨਹੀਂ ਹਨ। ਮਹੰਤ ਨੇ ਨੁਮਾਇਸ਼ ਦੇ ਉਦਘਾਟਨ ਵੇਲੇ ਕਿਹਾ ਕਿ ਉਹ ਗਿਆਨਵਾਪੀ ਨੂੰ ਸੰਵਿਧਾਨਕ ਢੰਗ-ਤਰੀਕੇ ਨਾਲ ਮੁਕਤ ਕਰਾਉਣਾ ਚਾਹੁੰਦੇ ਹਨ ਤੇ ਸਾਰੇ ਸਨਾਤਨੀ ਲੋਕਾਂ ਨੂੰ ਇਸ ਮਿਸ਼ਨ ਦੀ ਪ੍ਰਾਪਤੀ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਨੁਮਾਇਸ਼ ਵਾਰਾਨਸੀ ਦੀ ਜਥੇਬੰਦੀ ਸ੍ਰੀ ਆਦਿ ਮਹਾਂਦੇਵ ਕਾਸ਼ੀ ਧਰਮਾਲਿਆ ਮੁਕਤੀ ਨਿਆਸ ਨੇ ਲਾਈ ਹੈ, ਜਿਹੜੀ ਗੈਰ-ਹਿੰਦੂਆਂ ਦੇ ਕਥਿਤ ਕਬਜ਼ੇ ਵਾਲੇ ਸਾਰੇ ਮੰਦਰ ਮੁਕਤ ਕਰਾਉਣ ਲਈ ਪ੍ਰਣਾਈ ਹੋਈ ਹੈ।*

*ਗਿਆਨਵਾਪੀ ਕੇਸ ਦੀ ਸੁਣਵਾਈ ਹੇਠਲੀ ਅਦਾਲਤ ਦੇ ਨਾਲ-ਨਾਲ ਅਲਾਹਾਬਾਦ ਹਾਈ ਕੋਰਟ ਵਿੱਚ ਵੀ ਚੱਲ ਰਹੀ ਹੈ। ਹਿੰਦੂ ਪਟੀਸ਼ਨਰਾਂ ਦਾ ਦਾਅਵਾ ਹੈ ਕਿ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਅਸਲੀ ਕਾਸ਼ੀ ਵਿਸ਼ਵਨਾਥ ਮੰਦਰ ਦਾ ਇੱਕ ਹਿੱਸਾ ਢਾਹ ਕੇ ਉੱਥੇ ਗਿਆਨਵਾਪੀ ਮਸਜਿਦ ਬਣਵਾਈ ਸੀ। 2023 ਦੇ ਸਰਵੇ ਦੇ ਬਾਅਦ ਵਾਰਾਨਸੀ ਦੀ ਅਦਾਲਤ ਨੇ ਪਿਛਲੇ ਸਾਲ ਮਸਜਿਦ ਦੀ ਬੇਸਮੈਂਟ ਹਿੰਦੂਆਂ ਨੂੰ ਮੂਰਤੀਆਂ ਦੀ ਪੂਜਾ ਕਰਨ ਲਈ ਦੇ ਦਿੱਤੀ ਸੀ, ਜਿਹੜੀ ਕਿ ਕਥਿਤ ਤੌਰ 'ਤੇ ਕਈ ਵਰ੍ਹਿਆਂ ਤੋਂ ਤਾਲਾਬੰਦ ਸੀ। ਮੁਸਲਮ ਅਜੇ ਵੀ ਗਰਾਊਂਡ ਫਲੋਰ 'ਤੇ ਨਮਾਜ਼ ਪੜ੍ਹਦੇ ਹਨ। ਮਸਜਿਦ ਕਮੇਟੀ ਨੇ ਵਾਰਾਨਸੀ ਅਦਾਲਤ ਦੇ ਫੈਸਲੇ ਖਿਲਾਫ ਇਸ ਦਲੀਲ ਨਾਲ ਸੁਪਰੀਮ ਕੋਰਟ 'ਚ ਪਟੀਸ਼ਨ ਪਾਈ ਹੋਈ ਹੈ ਕਿ ਸੰਸਦ 1991 'ਚ ਕਾਨੂੰਨ ਪਾਸ ਕਰ ਚੁੱਕੀ ਹੈ ਕਿ ਰਾਮ ਜਨਮ ਭੂਮੀ-ਬਾਬਰੀ ਮਸਜਿਦ ਨੂੰ ਛੱਡ ਕੇ ਕਿਸੇ ਧਾਰਮਕ ਢਾਂਚੇ ਨੂੰ ਕਿਸੇ ਹੋਰ ਧਰਮ ਦੇ ਢਾਂਚੇ ਵਿੱਚ ਨਹੀਂ ਬਦਲਿਆ ਜਾ ਸਕਦਾ। ਸੁਪਰੀਮ ਕੋਰਟ ਇਸ ਵੇਲੇ 1991 ਦੇ ਪੂਜਾ ਸਥਲ (ਵਿਸ਼ੇਸ਼ ਵਿਵਸਥਾ) ਕਾਨੂੰਨ ਦੀ ਸੰਵਿਧਾਨਕ ਵੈਧਤਾ ਨੂੰ ਚੈਲਿੰਜ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ। ਹਿੰਦੂਤਵੀ ਤਾਕਤਾਂ ਇਸ ਕਾਨੂੰਨ ਨੂੰ ਮੰਨਣ ਨੂੰ ਤਿਆਰ ਨਹੀਂ ਕਿ ਰਾਮ ਜਨਮ ਭੂਮੀ ਨੂੰ ਛੱਡ ਕੇ 1947 ਤੋਂ ਪਹਿਲਾਂ ਉਸਰੇ ਧਾਰਮਕ ਢਾਂਚੇ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਹੀਂ ਹੋ ਸਕਦੀ। ਇਹ ਤਾਕਤਾਂ ਆਏ ਦਿਨ ਮਸਜਿਦਾਂ ਹੇਠੋਂ ਮੰਦਰ ਲੱਭ ਰਹੀਆਂ ਹਨ ਤੇ ਇਨ੍ਹਾਂ 'ਤੇ ਕਬਜ਼ੇ ਲਈ ਹਿੰਦੂਆਂ ਦੇ ਜਜ਼ਬਾਤ ਭੜਕਾ ਰਹੀਆਂ ਹਨ। ਕੁੰਭ, ਜਿੱਥੇ ਕਰੋੜਾਂ ਲੋਕ ਇਸ਼ਨਾਨ ਕਰਨ ਪੁੱਜ ਰਹੇ ਹਨ, ਦੀ ਨੁਮਾਇਸ਼ ਵੀ ਇਸੇ ਵੱਡੇ ਏਜੰਡੇ ਦਾ ਹਿੱਸਾ ਹੈ।*

## ਪਾਠਕ-ਸੱਥ

### ਅਵਾਰਾ ਕੁੱਤਿਆਂ ਦਾ ਖੌਫ

ਬੀਤੇ ਦਿਨੀਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਹਸਨਪੁਰ ਵਿੱਚ ਵਾਪਰੀ ਘਟਨਾ ਨੇ ਆਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਫ਼ਿਰ ਤੋਂ ਸੁਰਖੀਆਂ ਵਿੱਚ ਲਿਆ ਦਿੱਤਾ ਹੈ, ਜਿਥੇ ਇੱਕ ਗਿਆਰਾਂ ਸਾਲ ਦੇ ਬੱਚੇ ਨੂੰ ਕੁਝ ਆਵਾਰਾ ਕੁੱਤਿਆਂ ਨੇ ਨੋਚ-ਨੋਚ ਮਾਰ ਦਿੱਤਾ।ਇਹ ਕੋਈ ਪਹਿਲੀ ਘਟਨਾ ਨਹੀਂ, ਹਰ ਰੋਜ਼ ਆਵਾਰਾ ਕੁੱਤਿਆਂ ਦੁਆਰਾ ਨੋਚਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਕੁਝ ਖਬਰਾਂ ਦੀਆਂ ਹਿੱਸਾ ਬਣਦੀਆਂ ਹਨ ਅਤੇ ਕੁਝ ਦੱਬ ਜਾਂਦੀਆਂ ਹਨ। ਕੁਝ ਮਹੀਨੇ ਪਹਿਲਾਂ ਕੁੱਤੇ ਦੇ ਵੱਢਣ 'ਤੇ ਮੁਆਵਜ਼ੇ ਦੀਆਂ ਖਬਰਾਂ ਵੀ ਜ਼ੋਰ-ਸ਼ੋਰ ਨਾਲ ਚੱਲੀਆਂ ਸਨ, ਪ੍ਰੰਤੂ ਇਹ ਵੀ ਕਿਸੇ ਤਣ ਪੱਤਣ ਨਹੀਂ ਲੱਗੀਆਂ,ਹੁਣ ਸਵਾਲ ਇਹ ਪੁੱਛਣਾ ਬਣਦਾ ਹੈ ਕਿ ਅਵਾਰਾ ਕੁੱਤੇ ਦਾ ਮੁਆਵਜ਼ਾ ਕੌਣ ਦੇਵੇਗਾ। ਕੁਝ ਹਸਪਤਾਲਾਂ ਵਿੱਚ ਤਾਂ ਐਂਟੀ ਰੇਬੀਜ ਟੀਕਾ ਵੀ ਸਮੇਂ ਸਿਰ ਨਹੀਂ ਮਿਲਦਾ, ਜਿਸ ਕਰਕੇ ਹਲਕਾਅ ਦਾ ਖ਼ਤਰਾ ਵਧ ਸਕਦਾ ਹੈ। ਕੁਝ ਸਮਾਂ ਪਹਿਲਾਂ ਸ਼ਹਿਰਾਂ ਵਿੱਚ ਆਵਾਰਾ ਕੁੱਤਿਆਂ ਦੀ ਨਸਬੰਦੀ ਦਾ ਪ੍ਰੋਗਰਾਮ ਵੀ ਸ਼ੁਰੂ ਕੀਤਾ ਗਿਆ, ਇਹ ਉਪਰਾਲਾ ਕਾਫ਼ੀ ਹੱਦ ਤੱਕ ਕਾਰਗਰ ਰਿਹਾ, ਪ੍ਰੰਤੂ ਇਹ ਪ੍ਰੋਗਰਾਮ ਛੇਤੀ ਹੀ ਬਾਕੀ ਸਕੀਮਾਂ ਵਾਂਗ ਦਮ ਤੋੜ ਗਿਆ।ਆਮ ਵਿਅਕਤੀ ਖ਼ਾਸ ਕਰਕੇ ਬੱਚਿਆਂ ਦਾ ਆਵਾਰਾ ਕੁੱਤਿਆਂ ਦੀ ਦਹਿਸ਼ਤ ਕਰਕੇ ਘਰੋਂ ਬਾਹਰ ਨਿਕਲਣਾ ਬੰਦ ਹੋ ਗਿਆ ਹੈ। ਸਰਕਾਰ ਨੂੰ ਜਿਥੇ ਅਵਾਰਾ ਕੁੱਤਿਆਂ ਦੀ ਸਮੱਸਿਆ ਪਹਿਲ ਦੇ ਆਧਾਰ 'ਤੇ ਹੱਲ ਕਰਨੀ ਹੋਵੇਗੀ, ਉਥੇ ਆਮ ਆਦਮੀ ਨੂੰ ਵੀ ਚੁਕੰਨਾ ਰਹਿਣਾ ਹੋਵੇਗਾ, ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ।

**-ਰਜਵਿੰਦਰ ਪਾਲ ਸ਼ਰਮਾ**, 70873-67969

**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

# ਮਹਾਨ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ

**ਪਿਰਥੀਪਾਲ ਸਿੰਘ ਮਾੜੀਮੇਘਾ**



ਪਰਜਾ ਮੰਡਲ ਲਹਿਰ ਦੇ ਸ਼ਹੀਦ ਸੇਵਾ ਸਿੰਘ ਦਾ ਜਨਮ 24 ਅਗਸਤ 1886 ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਠੀਕਰੀਵਾਲਾ ਵਿਖੇ ਹੋਇਆ। ਇਨ੍ਹਾ ਦੇ ਪਿਤਾ ਸਰਦਾਰ ਦੇਵਾ ਸਿੰਘ ਫੂਲਕੀਆ ਪਟਿਆਲਾ ਰਿਆਸਤ ਵਿੱਚ ਉੱਚ ਅਧਿਕਾਰੀ ਨਿਯੁਕਤ ਸਨ।

ਸੇਵਾ ਸਿੰਘ ਨੇ ਪਟਿਆਲਾ ਸ਼ਹਿਰ ਤੋਂ 8ਵੀਂ ਜਮਾਤ ਤੱਕ ਦੀ ਵਿਦਿਆ ਪ੍ਰਾਪਤ ਕੀਤੀ। ਆਪ ਵੀ ਮਹਾਰਾਜਾ ਪਟਿਆਲਾ ਦੀ ਹਕੂਮਤ ਅਧੀਨ ਸਿਹਤ ਵਿਭਾਗ ਵਿੱਚ ਬਰਨਾਲੇ ਵਿਖੇ ਪਲੇਗ ਅਫਸਰ ਲੱਗ ਗਏ। ਸਾਲ 1902 ਵਿੱਚ ਪੰਜਾਬ ਵਿੱਚ ਪਲੇਗ ਦੀ ਬਿਮਾਰੀ ਫੈਲ ਗਈ ਤੇ ਆਪ ਨੇ ਨੌਕਰੀ ਛੱਡ ਦਿੱਤੀ ਤੇ ਆਮ ਲੋਕਾਂ ਨੂੰ ਬਚਾਉਣ ਦੇ ਕਾਰਜ ਵਿੱਚ ਜੁੱਟ ਗਏ।

ਸੇਵਾ ਸਿੰਘ ਨੇ ਸਿੰਘ ਸਭਾ ਲਹਿਰ ਦਾ ਪਹਿਲਾ ਦੀਵਾਨ 1912 ਵਿੱਚ ਠੀਕਰੀਵਾਲਾ ਵਿਖੇ ਕਰਾ ਕੇ ਲਹਿਰ ਦਾ ਮੁੱਢ ਬੰਨ੍ਹਿਆ। ਇਸ ਦੀਵਾਨ ਦੀ ਤਿਆਰੀ ਸਮੇਂ ਸੇਵਾ ਸਿੰਘ ਨੇ ਪਿੰਡ ਦੇ ਭਾਈ ਮੱਲ ਸਿੰਘ ਦੇ ਕੱਚੇ ਘਰ ਵਿੱਚ ਗੁਰਦੁਆਰਾ ਬਣਾਇਆ ਅਤੇ ਆਪ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦੇ ਮੁਖੀ ਚੁਣੇ ਗਏ। ਮੁਖੀ ਬਣਨ ਨਾਲ ਆਪ ਇਲਾਕੇ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਬਣ ਗਏ। ਸੇਵਾ ਸਿੰਘ ਦੀ ਅਗਵਾਈ ਹੇਠ ਗੁਰਦੁਆਰੇ ਦੀ ਹਦੂਦ ਅੰਦਰ ਦੀਵਾਨ ਸਜਾਇਆ ਅਤੇ ਦੀਵਾਨ ਦੀ ਸਮਾਪਤੀ 'ਤੇ 100 ਦੇ ਕਰੀਬ ਨੌਜਵਾਨਾਂ ਨੂੰ ਅੰਮ੍ਰਿਤ ਛਕਾਇਆ ਗਿਆ।

ਭਾਈ ਸੇਵਾ ਸਿੰਘ ਦੀ ਪਹਿਲੀ ਸ਼ਾਦੀ 13 ਸਾਲ ਦੀ ਉਮਰ ਵਿੱਚ ਧੂਰੀ ਇਲਾਕੇ ਦੇ ਅਮੀਰ ਘਰਾਣੇ ਦੇ ਵਿਅਕਤੀ ਰਾਮ ਸਿੰਘ ਦੀ ਧੀ ਕਰਤਾਰ ਕੌਰ ਪਿੰਡ ਭੱਟੀਆਂ ਨਾਲ ਹੋਈ। ਇਨ੍ਹਾਂ ਦੇ ਘਰ ਇੱਕ ਲੜਕੇ ਨੇ ਜਨਮ ਲਿਆ ਤੇ ਉਹ ਜਲਦੀ ਸੁਰਗਵਾਸ ਹੋ ਗਿਆ। ਸੇਵਾ ਸਿੰਘ ਦੀ ਦੂਸਰੀ ਸ਼ਾਦੀ 28 ਸਾਲ ਦੀ ਉਮਰ ਵਿੱਚ ਬੀਬੀ ਭਗਵਾਨ ਕੌਰ ਨਾਲ ਹੋਈ। ਇਸ ਦੇ ਘਰ 2 ਲੜਕੇ ਤੇ 1 ਲੜਕੀ ਪੈਦਾ ਹੋਈ। ਦੋਵੇਂ ਲੜਕਿਆਂ ਦੀ ਛੋਟੀ ਉਮਰ ਵਿੱਚ ਹੀ ਮੌਤ ਹੋ ਗਈ।

ਸੇਵਾ ਸਿੰਘ ਨੇ ਜਦੋਂ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਬਾਰੇ ਸੁਣਿਆ ਤੇ ਸ਼ਹੀਦ ਸਿੰਘਾਂ ਦੀ ਪਰਵਾਰਕ ਮਦਦ ਵਾਸਤੇ 131 ਰੁਪਏ ਗੁਰਦੁਆਰੇ ਦੇ ਮੈਨੇਜਰ ਭਾਈ ਨਰੈਣ ਸਿੰਘ ਦੇ ਨਾਂਅ ਮਨੀਆਰਡਰ ਕੀਤੇ ਅਤੇ ਪੰਜ ਸਿੰਘਾਂ ਦੇ ਨਾਲ ਆਪ ਨਨਕਾਣਾ ਸਾਹਿਬ ਪਹੁੰਚ ਗਏ। ਭਾਈ ਸੇਵਾ ਸਿੰਘ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਕਮੇਟੀ ਦੇ ਐਗਜ਼ੀਕਿਊਟਿਵ ਮੈਂਬਰ ਸਨ। ਆਪ ਨੇ ਮੁਕਤਸਰ ਦਾ ਗੁਰਦੁਆਰਾ ਵੀ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਤੋਂ ਆਜ਼ਾਦ ਕਰਾਉਣ ਦੇ ਸੰਘਰਸ਼ ਵਿੱਚ ਠੀਕਰੀਵਾਲਾ ਤੋਂ 500 ਸਿੰਘਾਂ ਦੇ ਜਥੇ ਸਮੇਤ ਹਿੱਸਾ ਲਿਆ। ਮੁਕਤਸਰ ਗੁਰਦੁਆਰੇ ਦੇ ਆਜ਼ਾਦ ਹੋਣ ਤੋਂ ਬਾਅਦ ਭਾਈ ਸੇਵਾ ਸਿੰਘ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਖੀ ਚੁਣਿਆ ਗਿਆ।

ਮਹਾਰਾਜਾ ਪਟਿਆਲਾ ਸ਼੍ਰੋਮਣੀ ਕਮੇਟੀ ਨੂੰ ਗੁੰਡਿਆਂ ਦਾ ਗਰੋਹ ਕਹਿੰਦਾ ਸੀ। ਇਸ ਦੇ ਜੁਆਬ ਵਿੱਚ ਭਾਈ ਸੇਵਾ ਸਿੰਘ ਨੇ ਕਿਹਾ ਸ਼੍ਰੋਮਣੀ ਕਮੇਟੀ ਕੋਈ ਗੁੰਡਿਆਂ, ਮੁਸ਼ਟੰਡਿਆਂ ਦਾ ਟੋਲਾ ਨਹੀਂ ਤੇ ਨਾ ਹੀ ਕੋਈ ਗੁੰਡਾਗਰਦੀ ਕਰਦੀ ਹੈ। ਇਹ ਤਾਂ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਦਾ ਸੰਘਰਸ਼ ਲੜ ਰਹੀ ਹੈ, ਕਿਉਂਕਿ ਮਹੰਤ ਗੁਰਦੁਆਰਿਆਂ ਅੰਦਰ ਕੰਜਰੀਆਂ ਤੇ ਮਰਾਸਣਾਂ ਦੇ ਨਾਚ ਕਰਾਉਂਦੇ।

ਸੇਵਾ ਸਿੰਘ ਗ੍ਰਿਫਤਾਰ ਸਨ ਤੇ ਸੰਤ ਅਤਰ ਸਿੰਘ ਮਸਤੂਆਣਾ ਨੇ ਉਨ੍ਹਾ ਨੂੰ ਅਕਾਲ ਕਾਲਜ ਮਸਤੂਆਣਾ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ।

ਭਾਈ ਸੇਵਾ ਸਿੰਘ ਨੂੰ ਮਹਾਨ ਮਨੁੱਖ ਬਣਾਉਣ ਵਾਲੀ ਸੰਸਥਾ ਪਰਜਾ ਮੰਡਲ ਦਾ ਜਨਮ ਫਰਵਰੀ 1928 ਨੂੰ ਪਟਿਆਲਾ ਰਿਆਸਤ ਦੇ ਪਿੰਡ ਸੇਖਾਂ ਵਿਖੇ ਰਾਤ 12 ਵਜੇ ਹੋਇਆ। ਇਸ ਮਹਾਨ ਸੰਸਥਾ ਦਾ ਪਹਿਲਾ ਜਲਸਾ ਮਾਰਚ 1929 ਨੂੰ ਹੋਲੇ ਮਹੱਲੇ 'ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ। ਇਸ ਜਲਸੇ ਨੇ ਕਿਸਾਨਾਂ ਦੀਆਂ ਮੰਗਾਂ ਦੇ ਨਾਲ-ਨਾਲ ਭਾਈ ਸੇਵਾ ਸਿੰਘ ਦੀ ਰਿਹਾਈ ਦੀ ਮੰਗ ਵੀ ਕੀਤੀ। ਪਰਜਾ ਮੰਡਲ ਦੀ 25 ਅਗਸਤ 1929 ਕੇਂਦਰੀ ਕਮੇਟੀ ਦੀ ਮੀਟਿੰਗ ਦੇ ਫੈਸਲੇ ਅਨੁਸਾਰ ਪੰਜਾਬ ਵਿੱਚ 'ਸੇਵਾ ਸਿੰਘ ਦਿਵਸ' ਵੀ ਮਨਾਇਆ ਗਿਆ।ਜੇਲ੍ਹ ਵਿੱਚ ਭਾਈ ਸੇਵਾ ਸਿੰਘ ਨੇ ਖੁਰਾਕ ਦੇ ਸੁਧਾਰ ਵਾਸਤੇ 95 ਦਿਨ ਭੁੱਖ ਹੜਤਾਲ ਕੀਤੀ।

12-13 ਅਕਤੂਬਰ 1930 ਨੂੰ ਪਰਜਾ ਮੰਡਲ ਦੀ ਕਾਨਫਰੰਸ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਸੇਵਾ ਸਿੰਘ ਨੇ ਆਪਣੇ ਭਾਸ਼ਣ ਦੀਆਂ ਕਾਪੀਆਂ ਵੰਡੀਆਂ ਤੇ ਇਸ ਦੇ ਇਵਜ਼ ਵਿੱਚ ਬਰਨਾਲਾ ਅਦਾਲਤ ਨੇ ਉਨ੍ਹਾ ਨੂੰ 10 ਸਾਲ ਕੈਦ ਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ। ਹਾਈ ਕੋਰਟ ਨੇ ਸਜ਼ਾ ਘਟਾ ਕੇ ਪੰਜ ਸਾਲ ਤੇ ਜੁਰਮਾਨਾ ਵੀ ਪੰਜ ਹਜ਼ਾਰ ਕਰ ਦਿੱਤਾ।

ਪਟਿਆਲਾ ਰਿਆਸਤ ਦੀ ਜਦੋਂ ਕੋਈ ਸਕੀਮ ਨੇਪਰੇ ਨਾ ਚੜ੍ਹੀ ਤਾਂ ਫਿਰ ਭਾਈ ਸੇਵਾ ਸਿੰਘ 'ਤੇ ਬਾਬਾ ਗਾਂਧਾ ਸਿੰਘ ਬਰਨਾਲਾ ਦੇ ਡੇਰੇ ਦੀ ਗੜਵੀ ਚੋਰੀ ਕਰਨ ਦਾ ਇਲਜ਼ਾਮ ਲਾ ਦਿੱਤਾ। ਡੇਰੇ ਵਾਲਿਆਂ ਵੀ ਅਦਾਲਤ ਵਿੱਚ ਸਫ਼ਾਈ ਦਿੱਤੀ ਕਿ ਸਾਡੀ ਕੋਈ ਗੜਵੀ ਚੋਰੀ ਨਹੀਂ ਹੋਈ, ਪਰ ਅਦਾਲਤ ਨੇ 1933 ਨੂੰ ਨਜ਼ਰਬੰਦ ਕਰਨ ਦਾ ਆਰਡਰ ਦੇ ਕੇ ਪਟਿਆਲਾ ਜੇਲ੍ਹ ਭੇਜ ਦਿੱਤਾ।

ਰਿਹਾਈ ਪਿੱਛੋਂ ਜਦੋਂ ਸੇਵਾ ਸਿੰਘ ਬਰਨਾਲਾ ਸਟੇਸ਼ਨ 'ਤੇ ਪੁੱਜੇ ਤਾਂ ਉਨ੍ਹਾਂ ਦਾ ਸੰਗਤ ਨੇ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ। ਉਨ੍ਹਾ ਨੂੰ ਗੱਡੀ ਦੀ ਛੱਤ 'ਤੇ ਆਮ ਸੰਗਤ ਦੇ ਦਰਸ਼ਨਾਂ ਲਈ ਬਿਠਾਇਆ ਗਿਆ। ਸੇਵਾ ਸਿੰਘ ਨੂੰ ਫੁੱਲਾਂ, ਪਤਾਸਿਆਂ ਤੇ ਮਾਇਆ ਦੇ ਢੇਰ ਵਿੱਚ ਸੰਗਤ ਨੇ ਲੁਕੋ ਦਿੱਤਾ। ਸੇਵਾ ਸਿੰਘ ਦੀ ਰਿਹਾਈ ਦੀ ਖੁਸ਼ੀ ਵਿੱਚ ਉਨ੍ਹਾ ਦਾ ਸਵਾਗਤ ਕਰਨ ਲਈ ਮਾਲਵੇ ਦੇ 13 ਕਸਬਿਆਂ - ਸ਼ਹਿਰਾਂ ਵਿੱਚ ਸਮਾਗਮ ਕੀਤੇ ਗਏ। ਸੇਵਾ ਸਿੰਘ ਦੇ ਸਵਾਗਤ ਲਈ ਜੋ ਪਟਿਆਲੇ ਪ੍ਰੋਗਰਾਮ ਰੱਖਿਆ ਸੀ, ਉਹ ਮਹਾਰਾਜੇ ਨੇ ਹੋਣ ਨਾ ਦਿੱਤਾ, ਕਿਉਂਕਿ ਸੇਵਾ ਸਿੰਘ 'ਤੇ ਪਟਿਆਲੇ ਵਿੱਚ ਵੜਨ 'ਤੇ ਪਾਬੰਦੀ ਲਾ ਦਿੱਤੀ ਸੀ।

ਸੇਵਾ ਸਿੰਘ ਦੀ ਆਖਰੀ ਗ੍ਰਿਫਤਾਰੀ 24 ਅਗਸਤ 1933 ਨੂੰ ਹੋਈ। ਇਸ ਕੇਸ ਵਿੱਚ ਉਨ੍ਹਾ ਨੂੰ 8 ਸਾਲ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨਾ ਹੋਇਆ। ਸੇਵਾ ਸਿੰਘ ਦਾ ਪਟਿਆਲਾ ਜੇਲ੍ਹ ਵਿੱਚ 9 ਮਹੀਨੇ 25 ਦਿਨਾਂ ਦੀ ਭੁੱਖ ਹੜਤਾਲ ਨਾਲ ਸਰੀਰ ਸੁੱਕ ਕੇ ਪਿੰਜਰ ਬਨ ਗਿਆ। ਇਸ ਹਾਲਤ ਵਿੱਚ ਸੇਵਾ ਸਿੰਘ ਠੀਕਰੀਵਾਲਾ 20 ਜਨਵਰੀ 1935 ਨੂੰ ਸ਼ਹਾਦਤ ਦਾ ਜਾਮ ਪੀ ਗਏ। ਮੌਕੇ ਦੀ ਹਕੂਮਤ ਨੇ ਉਨ੍ਹਾ ਦੀ ਮਿਰਤਕ ਦੇਹ ਵੀ ਘਰ ਵਾਲਿਆਂ ਨੂੰ ਨਾ ਦਿੱਤੀ ਤੇ ਸਸਕਾਰ ਵੀ ਆਪ ਹੀ ਕੀਤਾ। ਸਰਕਾਰ ਨੇ ਘਰਦਿਆਂ ਨੂੰ ਅਸਥੀਆਂ ਤੇ ਸਵਾਹ ਵੀ ਨਾ ਦਿੱਤੀ।

**# ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ,**
**98760-78731**

# ਤੁੰਗ ਢਾਬ ਡਰੇਨ ਵੱਲ ਧਿਆਨ ਦੇਣ ਦੀ ਲੋੜ

**ਪ੍ਰੋਫੈਸਰ ਦਲਬੀਰ ਸਿੰਘ ਸੋਗੀ**

ਪੰਜਾਬ ਗੁਰੂਆਂ ਦੀ ਵਰੋਸਾਈ ਉਹ ਧਰਤੀ ਹੈ, ਜੋ ਬਹੁਤ ਸਾਰੀਆਂ ਪਰੰਪਰਾਵਾਂ ਦੀਆਂ ਅਹਿਮ ਘਟਨਾਵਾਂ ਦੀ ਸਾਖੀ ਰਹੀ ਹੈ ਅਤੇ ਪੰਜ ਦਰਿਆਵਾਂ ਦੀ ਇਹ ਧਰਤੀ ਲੋਕਾਈ ਦੀ ਚੇਤਨਾ ਵਿਚ ਪਵਿੱਤਰ ਧਾਰਨਾ 'ਚ ਸਮੋਈ ਹੈ। ਜਿਥੇ ਇਹ ਧਰਤੀ ਦਰਿਆਵਾਂ, ਨਦੀਆਂ ਅਤੇ ਹੋਰ ਅਨਮੋਲ ਕੁਦਰਤੀ ਸਰੋਤਾਂ ਦਾ ਭੰਡਾਰ ਹੈ, ਉਥੇ ਮਨੁੱਖੀ ਲਾਲਚ, ਨਾਸਮਝੀ ਅਤੇ ਲਾਪਰਵਾਹੀ ਚੋ ਉਪਜ ਰਹੀਆਂ ਹੋਂਦਮਈ ਖਤਰੇ ਦੀ ਘੰਟੀ ਵਜਾਉਂਦੀਆਂ ਆਫਤਾਂ ਵੀ ਇਸੇ ਧਰਤੀ ਦਾ ਹਿੱਸਾ ਬਣ ਗਈਆਂ ਹਨ। ਇਨ੍ਹਾਂ ਵਿਚੋਂ ਹੀ ਇਕ ਖਤਰਾ ਗੰਦੇ ਨਾਲਿਆਂ ਤੇ ਡ੍ਰੇਨ ਕੀਤੇ ਜਾਂਦੇ ਪਾਣੀਆਂ ਦਾ ਮਸਲਾ ਬਹੁਤ ਵੱਡਾ ਹੈ ਅਤੇ ਇਸ ਆਰਟੀਕਲ ਵਿਚ ਪਵਿੱਤਰ ਧਰਤੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਜ਼ਦੀਕ ਪੈਂਦੇ ਤੁੰਗ ਢਾਬ ਡਰੇਨ ਵਰਗੇ ਵੱਡੇ ਮਸਲੇ ਨੂੰ ਵਿਚਾਰਿਆ ਗਿਆ ਹੈ।

ਤੁੰਗ ਢਾਬ ਡਰੇਨ, ਜੋ ਕਿ ਪੰਜਾਬ ਦੀ ਇੱਕ ਮਹੱਤਵਪੂਰਨ ਜਲ ਧਾਰਾ ਹੈ, ਰਾਜ ਦੇ ਗੰਭੀਰ ਵਾਤਾਵਰਣੀ ਸਮੱਸਿਆਵਾਂ ਨੂੰ ਦਰਸਾਉਂਦੀ ਹੈ। ਤਲਵੰਡੀ ਭਰਥ (ਜ਼ਿਲ੍ਹਾ ਗੁਰਦਾਸਪੁਰ) ਤੋਂ ਖਿਆਲਾ ਕਲਾਂ (ਜ਼ਿਲ੍ਹਾ ਅੰਮ੍ਰਿਤਸਰ) ਤੱਕ 48 ਕਿਲੋਮੀਟਰ ਲੰਬੀ ਇਹ ਡਰੇਨ ਭਾਰਤ ਵਿੱਚ ਹੈ ਅਤੇ ਹੁਡਿਆਰਾ ਡ੍ਰੇਨ ਨਾਲ ਮਿਲਦੀ ਹੈ, ਜੋ ਪਾਕਿਸਤਾਨ ਵਿੱਚ ਵਹਿੰਦੀ ਹੈ। ਮੂਲ ਰੂਪ ਵਿੱਚ ਵਰਖਾ ਦੇ ਪਾਣੀਆਂ ਨੂੰ ਸਮੇਟਣ ਲਈ ਬਣਾਈ ਗਈ ਇਹ ਡਰੇਨ ਮਨੁੱਖੀ ਗਲਤੀਆਂ ਤੇ ਲਾਲਚ ਕਾਰਨ ਹੁਣ ਭਾਰੀ ਪ੍ਰਦੂਸ਼ਣ ਪੈਦਾ ਕਰ ਰਹੀ ਹੈ, ਜਿਸ ਨਾਲ ਮਨੁੱਖੀ ਹੋਂਦ ਤੇ ਵਾਤਾਵਰਣੀ ਸਿਹਤ ਨੂੰ ਵੱਡਾ ਖਤਰਾ ਹੈ ਅਤੇ ਭਵਿੱਖ ਵਿਚ ਇਸ ਦਾ ਖਤਰਨਾਕ ਰੂਪ ਲੈਣ ਦੀ ਪੂਰੀ ਸੰਭਾਵਨਾ ਹੈ।

ਇਸੇ ਪ੍ਰਦੂਸ਼ਣ ਦੇ ਸਰੋਤ ਬਾਰੇ ਜੇ ਗੱਲ ਕਰੀਏ ਤਾਂ ਤੁੰਗ ਢਾਬ ਡਰੇਨ ਨੂੰ ਚਾਰ ਮੁੱਖ ਸਰੋਤਾਂ ਤੋਂ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ।

1. **ਪਿੰਡਾਂ ਦਾ ਗੰਧਲਾ ਪਾਣੀ** : ਡਰੇਨ ਦੇ ਨਜ਼ਦੀਕੀ ਪਿੰਡਾਂ ਵੱਲੋਂ ਦਿਨ ਵਿੱਚ 11 ਮਿਲੀਅਨ ਲੀਟਰ ਗੰਧਲਾ ਪਾਣੀ ਛੱਡਿਆ ਜਾਂਦਾ ਹੈ। ਪਹਿਲਾਂ ਇਹ ਪਾਣੀ ਪਿੰਡਾਂ ਦੇ ਛੱਪੜਾਂ ਦੁਆਰਾ ਸੰਭਾਲਿਆ ਜਾਂਦਾ ਸੀ, ਪਰ ਪਾਈਪਦਾਰ ਪਾਣੀ ਦੀ ਸਪਲਾਈ ਅਤੇ ਵਧੇਰੇ ਪਾਣੀ ਦੀ ਖਪਤ ਕਾਰਨ ਇਹ ਛੱਪੜ ਭਰ ਗਏ ਹਨ, ਜਿਸ ਨਾਲ ਇਹ ਗੰਦਾ ਪਾਣੀ ਤੇ ਹੋਰ ਗੰਦ ਡਰੇਨ ਵਿੱਚ ਪੈ ਰਿਹਾ ਹੈ।

2. **ਉਦਯੋਗਿਕ ਗੰਦ** : ਡਰੇਨ ਦੇ ਇਲਾਕੇ ਵਿੱਚ 38 ਉਦਯੋਗ ਹਨ, ਜੋ ਦਿਨ ਵਿੱਚ 27.98 ਮਿਲੀਅਨ ਲੀਟਰ ਗੰਧਲਾ ਪਾਣੀ ਛੱਡਦੇ ਹਨ। ਕੁਝ ਉਦਯੋਗਾਂ ਵੱਲੋਂ ਗੰਦੇ ਪਾਣੀ ਦੀ ਸੰਭਾਲ ਲਈ ਉਪਰਾਲੇ ਕੀਤੇ ਗਏ ਹਨ, ਪਰ ਟੈਕਸਟਾਈਲ, ਫਾਰਮਾਸਿਊਟੀਕਲ ਅਤੇ ਵੱਡੇ ਹਸਪਤਾਲਾਂ ਦੇ ਗੰਦੇ ਪਾਣੀ ਤੇ ਹੋਰ ਗੰਦ ਡ੍ਰੇਨ ਵਿੱਚ ਪਹੁੰਚਦਾ ਹੈ।

3. **ਸ਼ਹਿਰੀ ਗੰਦ**: ਅੰਮ੍ਰਿਤਸਰ ਸ਼ਹਿਰ ਆਪਣੀ ਵੱਡੀ ਆਬਾਦੀ ਅਤੇ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੋਣ ਕਾਰਨ ਲੱਗਭੱਗ 150 ਮਿਲੀਅਨ ਲੀਟਰ ਗੰਧਲਾ ਪਾਣੀ ਡਰੇਨ ਵਿੱਚ ਛੱਡਦਾ ਹੈ। 24×7 ਪਾਣੀ ਸਪਲਾਈ ਪ੍ਰਣਾਲੀ ਦੀ ਯੋਜਨਾ ਨਾਲ ਅੱਗੇ ਹੋਰ ਵੀ ਜ਼ਿਆਦਾ ਗੰਦਾ ਪਾਣੀ ਤਿਆਰ ਹੋਵੇਗਾ।

4. **ਡੇਅਰੀ ਫਾਰਮਾਂ ਦਾ ਗੰਦ**: ਡਰੇਨ ਦੇ ਕਿਨਾਰਿਆਂ 'ਤੇ ਸਥਿਤ ਡੇਅਰੀ ਫਾਰਮ ਦਿਨ ਵਿੱਚ 3 ਮਿਲੀਅਨ ਲੀਟਰ ਗੰਧਲਾ ਪਾਣੀ ਅਤੇ 59 ਟਨ ਪਸ਼ੂਆਂ ਦੇ ਫੋਕਟ ਪਦਾਰਥ ਛੱਡਦੇ ਹਨ। ਇਹ ਗੰਦ ਪਾਣੀ ਨੂੰ ਗੰਦਾ ਕਰਦਾ ਹੈ ਅਤੇ ਦੁਰਗੰਧ ਪੈਦਾ ਕਰਦਾ ਹੈ।

ਇਸ ਵੱਡੀ ਸਮੱਸਿਆ ਦਾ ਨਿਵਾਰਨ ਸਰਕਾਰਾਂ ਦੇ ਨਾਲ-ਨਾਲ ਸਾਨੂੰ ਆਮ ਲੋਕਾਈ ਨੂੰ ਵੀ ਕਰਨਾ ਪੈਣਾ ਹੈ। ਇਸ ਸਬੰਧ ਵਿਚ ਕੁੱਝ ਹੱਲ ਸੁਝਾਅ ਦੇ ਰੂਪ ਵਿਚ ਪੇਸ਼ ਕੀਤੇ ਗਏ ਹਨ ਤੇ ਤੁੰਗ ਢਾਬ ਡਰੇਨ ਦੇ ਪ੍ਰਦੂਸ਼ਣ ਸਮੱਸਿਆ ਨੂੰ ਹੱਲ ਕਰਨ ਲਈ ਜਲਦ ਤੇ ਬਹੁਪੱਖੀ ਉਪਰਾਲੇ ਕਰਨੇ ਬੇਹੱਦ ਲਾਜ਼ਮੀ ਹਨ। ਇਨ੍ਹਾਂ ਵਿਚ ਹੇਠ ਲਿਖੇ ਹਨ:

ਨਿਗਰਾਨੀ ਅਤੇ ਪਾਰਦਰਸ਼ਤਾ: ਤੁੰਗ ਢਾਬ ਪ੍ਰਦੂਸ਼ਣ ਮਾਨੀਟਰਿੰਗ ਕੇਂਦਰ ਬਣਾਉਣਾ ਇਕ ਜ਼ਰੂਰੀ ਨੁਕਤਾ ਹੈ। ਇੱਕ ਸੁਤੰਤਰ ਸੰਗਠਨ ਬਣੇ, ਜੋ ਗੰਦੇ ਪਦਾਰਥ ਦੇ ਪੱਧਰ ਅਤੇ ਪ੍ਰਵਾਹ ਦੀ ਮਾਤਰਾ ਦੀ ਨਿਗਰਾਨੀ ਕਰੇ ਅਤੇ ਇਸ ਡੇਟਾ ਨੂੰ ਜਨਤਾ ਨਾਲ ਸਾਂਝਾ ਕਰੇ।

**ਗੰਦੇ ਪਾਣੀ ਦਾ ਪ੍ਰਬੰਧ**: ਅੰਮ੍ਰਿਤਸਰ ਦੇ ਮੌਜੂਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਦੀ ਸਮਰੱਥਾ 95 ਮਿਲੀਅਨ ਲੀਟਰ ਹੈ, ਜੋ ਸ਼ਹਿਰ ਦੀ ਵਧਦੀ ਲੋੜ ਨੂੰ ਪੂਰਾ ਕਰਨ ਲਈ ਪੂਰੀ ਨਹੀਂ ਪੈ ਰਹੀ। 250 ਮਿਲੀਅਨ ਲੀਟਰ ਸਮਰੱਥਾ ਵਾਲੇ ਨਵੇਂ ਪਲਾਂਟ ਦੀ ਤੁਰੰਤ ਲੋੜ ਹੈ।

**ਡੇਅਰੀ ਪ੍ਰਬੰਧਨ**: ਪਸ਼ੂਆਂ ਦੇ ਫੋਕਟ ਪਦਾਰਥਾਂ ਨੂੰ ਵਰਮੀਕੰਪੋਸਟਿੰਗ ਜਾ ਮਾਈਕ੍ਰੋਬੀਅਲ ਤਕਨਾਲੋਜੀ ਨਾਲ ਜੈਵਿਕ ਖਾਦ ਵਿੱਚ ਬਦਲਿਆ ਜਾਂ ਸਕਦਾ ਹੈ। ਇਹ ਲਾਈ ਠੋਸ ਈਧਨ ਜਾਂ ਬਾਇਓਗੈਸ ਵਿੱਚ ਬਦਲੀ ਜਾ ਸਕਦੀ ਹੈ।

**ਸੀਚੇਵਾਲ ਮਾਡਲ**: ਪ੍ਰਕਿਰਤਿਕ ਇਲਾਜ ਅਤੇ ਖੇਤੀ ਲਈ ਪਾਣੀ ਦੁਬਾਰਾ ਵਰਤਣ ਵਾਲਾ ਇਹ ਘੱਟ ਖਰਚਾ ਮਾਡਲ ਪਿੰਡਾਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ।

**ਸਮਾਜਿਕ ਭਾਗੀਦਾਰੀ**: ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿ ਉਨ੍ਹਾਂ ਵੱਲੋਂ ਪੈਦਾ ਕੀਤਾ ਜਾ ਰਿਹਾ ਵਾਧੂ ਗੰਦਾ ਪਾਣੀ ਤੇ ਗੰਦਾ ਕਚਰਾ ਹੀ ਉਨ੍ਹਾਂ ਦੀ ਜਾਨ ਦਾ ਖੌ ਬਣੇਗਾ। ਆਮ ਲੋਕਾਈ ਨੂੰ ਪਾਣੀ ਦੀ ਖਪਤ ਸੀਮਤ ਕਰਨ ਤੇ ਕੂੜੇ ਨੂੰ ਘਟਾਉਣ ਦੀਆਂ ਟਿਕਾਊ ਪ੍ਰਥਾਵਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨ ਵਾਲੀਆਂ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ।

ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਇਸ ਸੰਬੰਧੀ ਫੌਰੀ ਕਾਰਵਾਈ ਦੀ ਲੋੜ ਹੈ। ਤੁੰਗ ਢਾਬ ਡਰੇਨ ਪੰਜਾਬ ਵਿੱਚ ਪਾਣੀ ਪ੍ਰਦੂਸ਼ਣ ਦੀ ਵੱਡੀ ਸਮੱਸਿਆ ਨੂੰ ਦਰਸਾਉਂਦੀ ਹੈ। ਇਸ ਸੰਕਟ ਨੂੰ ਹੱਲ ਕਰਨ ਲਈ ਸਰਕਾਰੀ ਅਧਿਕਾਰੀਆਂ, ਸਥਾਨਕ ਸਮਾਜ ਸੇਵੀ ਸਭਾ ਸੋਸਾਇਟੀਆਂ, ਆਮ ਲੋਕਾਂ ਅਤੇ ਵਾਤਾਵਰਣ ਮਾਹਿਰਾਂ ਦੇ ਸਾਂਝੇ ਯਤਨਾਂ ਦੀ ਕੋਸ਼ਿਸ਼ ਲੋੜੀਂਦੀ ਹੈ। ਇਸ ਸੰਬੰਧੀ ਗੰਦੇ ਪਾਣੀ ਪੈਦਾ ਕਰਨ ਵਾਲੇ ਸਰੋਤਾਂ 'ਤੇ ਫਰੀ ਨਿਗਰਾਨੀ ਤੇ ਕਾਰਵਾਈ, ਇਲਾਜ, ਅਤੇ ਟਿਕਾਊ ਪ੍ਰਬੰਧਨ ਵਿੱਚ ਨਿਵੇਸ਼ ਕਰਨਾ ਬਹੁਤ ਜ਼ਰੂਰੀ ਹੈ। ਇਸ ਨਾਲ ਪੰਜਾਬ ਵਿੱਚ ਸਾਫ਼ ਪਾਣੀ ਦੀ ਸੁਰੱਖਿਆ ਕਰਨ ਵੱਲ ਪਹਿਲਾ ਕਦਮ ਪੁੱਟਿਆ ਜਾ ਸਕਦਾ ਹੈ।

# ਨੌਜਵਾਨ ਪੀੜ੍ਹੀ 'ਤੇ ਤਲਾਕ ਦਾ ਪ੍ਰਭਾਵ

**ਸੁਰਜੀਤ ਸਿੰਘ ਫਲੋਰਾ**

ਵਿਆਹ ਦੀ ਮੁੱਢਲੀ ਪਰਿਭਾਸ਼ਾ ਹੈ ਹਮੇਸ਼ਾ ਵਫ਼ਾਦਾਰ ਰਹਿਣਾ, ਉਤਰਾਅ-ਚੜ੍ਹਾਅ ਵਿੱਚ ਇੱਕ-ਦੂਜੇ ਲਈ ਮੌਜੂਦ ਰਹਿਣਾ, ਸਹੁਰਿਆਂ ਅਤੇ ਮਾਪਿਆਂ ਅਤੇ ਰਿਸ਼ਤੇਦਾਰਾਂ ਦੇ ਤਾਅਨਿਆਂ ਤੋਂ ਇੱਕ ਦੂਜੇ ਦੀ ਇੱਜ਼ਤ ਦੀ ਰੱਖਿਆ ਕਰਨਾ, ਅਣਕਹੇ ਸ਼ਬਦਾਂ ਜਾਂ ਕੰਮਾਂ ਦੁਆਰਾ ਪਿਆਰ ਦਾ ਪ੍ਰਗਟਾਵਾ ਕਰਨਾ, ਜੋ ਉਹਨਾਂ ਦੇ ਸਾਥੀ ਨੂੰ ਖਾਸ ਮਹਿਸੂਸ ਕਰਵਾਉਣਾ ਜੋ ਜੀਵਨ ਸਾਥੀ ਨਾਲ ਏਕਤਾ ਦੀ ਭਾਵਨਾ, ਆਪਣਾਪਨ, ਇਕਦੂਸਰੇ ਦੇ ਸਾਥੀ ਹੋਣ ਦਾ ਅਹਿਸਾਸ ਕਰਵਾਉਂਦਾ ਸੀ।

ਪਹਿਲਾਂ ਲੋਕ ਰਿਸ਼ਤੇ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦੀ ਪੂਰੀ ਕੋਸ਼ਿਸ਼ ਕਰਦੇ ਸਨ। ਭਾਵੇਂ ਪਹਿਲਾਂ ਵੀ ਇਹਨਾਂ ਰਿਸ਼ਤਿਆਂ ਵਿੱਚ ਕਈ ਮੁਸ਼ਕਲਾਂ ਆਉਂਦੀਆਂ ਰਹੀਆਂ ਹਨ, ਪਰ ਅੰਤਮ ਟੀਚਾ ਕਈ ਕਾਰਨਾਂ ਕਰਕੇ ਇਕੱਠੇ ਨਿਭਾਅ ਲੈਂਦੇ ਸਨ, ਘਰ ਪਰਵਾਰ ਦੀ, ਮਾਂ-ਬਾਪ ਦੀ, ਸਹੁਰੇ ਘਰ ਤੇ ਬੱਚਿਆਂ ਦੀ ਖਾਤਰ ਕਿਸੇ ਨਾ ਕਿਸੇ ਤਰ੍ਹਾਂ ਵਿਆਹੁਤਾ ਜੀਵਨ ਲੰਘਾ ਲੈਂਦੇ ਸਨ ਤੇ ਬਹੁਤ ਸਾਰੇ ਵਿਆਹੇ ਰਹਿਣ ਨੂੰ ਤਰਜੀਹ ਦਿੰਦੇ ਸਨ। ਭਾਵੇਂ ਉਹ ਇਸ ਤੋਂ ਵੱਖ ਹੋਣਾ ਲੋਚਦੇ ਸਨ। ਤਲਾਕ ਨੂੰ ਇੱਕ ਵਰਜਿਤ ਮੰਨਿਆ ਜਾਂਦਾ ਸੀ, ਇਸ ਲਈ ਸਮਾਜ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਡਰ ਕਾਰਨ ਖੁਸ਼ ਰਹਿਣਾ ਸਿੱਖ ਜਾਂਦੇ ਸਨ।

ਜਿੱਥੇ ਵਿਆਹ ਇੱਕ ਨੌਜਵਾਨ ਜੋੜੇ ਦੇ ਜੀਵਨ ਵਿੱਚ ਸਭ ਤੋਂ ਖੁਸ਼ੀਆਂ ਭਰੇ ਮੌਕਿਆਂ ਵਿੱਚੋਂ ਇੱਕ ਹੁੰਦਾ ਹੈ। ਇਹ ਉਨ੍ਹਾਂ ਦੇ ਸਹਿ-ਰਹਿਣ ਦੀਆਂ ਇੱਛਾਵਾਂ ਨੂੰ ਸਾਕਾਰ ਕਰਨ ਵੱਲ ਸ਼ੁਰੂਆਤੀ ਕਦਮ ਨੂੰ ਦਰਸਾਉਂਦਾ ਹੈ, ਇੱਕ ਪਰਵਾਰ ਸ਼ੁਰੂ ਕਰਨ ਲਈ ਆਸ਼ਾਵਾਦ ਨਾਲ ਭਰੇ ਹੋਏ ਅਤੇ ਉਨ੍ਹਾਂ ਦੇ ਪਹਿਲੇ ਨਿਵਾਸ ਵਿੱਚ ਛੋਟੇ ਕਦਮਾਂ ਦੀਆਂ ਨਰਮ ਆਵਾਜ਼ਾਂ ਨਾਲ ਗੂੰਜਦੇ ਹੋਏ ਘਰ ਵਿਚ ਚਹਿਲ-ਪਹਿਲ ਦੀ ਇੰਤਜ਼ਾਰ ਕਰਦੇ ਹੁੰਦੇ ਸੀ। ਇਸ ਸਭ ਵਿਚ ਸ਼ੁਭਚਿੰਤਕਾਂ, ਜਾਣ-ਪਛਾਣ ਵਾਲਿਆਂ ਅਤੇ ਰਿਸ਼ਤੇਦਾਰਾਂ ਵੱਲੋਂ ਪ੍ਰਸ਼ੰਸਾ, ਸਦਭਾਵਨਾ ਦੇ ਪ੍ਰਗਟਾਵੇ ਅਤੇ ਜੋੜੇ ਦੇ ਆਪਣੀ ਸਾਂਝੇਦਾਰੀ ਵਿੱਚ ਵਿਸ਼ਵਾਸ ਜੁੜਿਆ ਹੁੰਦਾ ਸੀ।

20ਵੀਂ ਸਦੀ ਤੋਂ ਬਾਅਦ ਵਿਸ਼ਵ-ਵਿਆਪੀ ਦ੍ਰਿਸ਼ ਵਿਕਸਤ ਹੋਇਆ ਹੈ, ਰਵਾਇਤੀ ਘਰੇਲੂ ਔਰਤਾਂ ਤੋਂ ਦੋਹਰੀ-ਆਮਦਨੀ ਭਾਈਵਾਲੀ ਵੱਲ ਬਦਲ ਰਿਹਾ ਹੈ। ਮਾਪੇ ਅਕਸਰ ਆਪਣੇ ਆਪ ਨੂੰ ਆਪਣੀਆਂ ਨੌਕਰੀਆਂ ਵਿੱਚ ਰੁੱਝੇ ਹੋਏ ਪਾਉਂਦੇ ਹਨ, ਵਿੱਤੀ ਸਥਿਰਤਾ 'ਤੇ ਧਿਆਨ ਕੇਂਦਰਤ ਕਰਦੇ ਹਨ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਬੱਚੇ ਮਾਪਿਆਂ ਦੀ ਸਹਾਇਤਾ ਲਈ ਸੀਮਤ ਸਮਾਂ ਨਾ ਦੇਣ ਕਾਰਨ ਲੋੜੀਂਦੇ ਗਿਆਨ ਜਾਂ ਮਾਰਗ-ਦਰਸ਼ਨ ਤੋਂ ਬਿਨਾਂ ਜ਼ਿੰਦਗੀ ਜੀਉਣ ਲਈ ਛੱਡ ਦਿੱਤੇ ਜਾਂਦੇ ਹਨ। ਇਸ ਨਾਲ ਬੱਚਿਆਂ ਨੂੰ ਖੁਦਮੁਖਤਿਆਰੀ ਅਤੇ ਸੋਸ਼ਲ ਮੀਡੀਆ, ਧਾਰਮਿਕ ਵਿਸ਼ਵਾਸ, ਬਿਨਾਂ ਕਿਸੇ ਰੁਕਾਵਟ ਦੇ ਜੀਵਨ ਸ਼ੈਲੀ ਦੀਆਂ ਇੱਛਾਵਾਂ, ਫਿਲਮਾਂ, ਪਦਾਰਥ, ਰੋਮਾਂਟਿਕ ਰਿਸ਼ਤੇ, ਮੋਬਾਇਲ ਤਕਨਾਲੋਜੀ ਅਤੇ ਬਾਲਗ ਸਮੱਗਰੀ ਸਮੇਤ ਬਾਹਰੀ ਕਾਰਕਾਂ ਦੇ ਪ੍ਰਭਾਵ ਦਾ ਅਨੁਭਵ ਹੋਇਆ ਹੈ, ਜਿਸ ਨਾਲ ਮੌਜੂਦਾ ਪੀੜ੍ਹੀ ਵਿੱਚ ਵਿਆਹ ਦੀ ਧਾਰਨਾ ਘਟਦੀ ਜਾਪਦੀ ਹੈ। ਨੌਜਵਾਨ ਮੁੰਡੇ ਅਤੇ ਕੁੜੀਆਂ ਜਾਂ ਤਾਂ ਇਹਨਾਂ ਪਵਿੱਤਰ ਵਿਆਹ ਦੇ ਬੰਦਨਾਂ 'ਚ ਦਿਲਚਸਪੀ ਦੀ ਘਾਟ ਦਿਖਾਉਂਦੇ ਹਨ ਜਾਂ ਜਿਨਸੀ ਸੰਬੰਧ ਬਣਾਉਣ ਤੋਂ ਬਾਅਦ ਹੀ ਵਿਆਹ ਦੀ ਮੰਗ ਕਰਦੇ ਹਨ। ਇਹ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅੱਜਕੱਲ੍ਹ ਆਮ ਹੀ ਦੇਖਿਆ ਜਾ ਸਕਦਾ ਹੈ।

ਲਿਵ-ਇਨ ਰਿਲੇਸ਼ਨਸ਼ਿਪ ਦੇ ਮੁੱਖ ਕਾਰਨਾਂ ਵਿੱਚ ਵਚਨਬੱਧਤਾਵਾਂ ਦੀ ਅਣਹੋਂਦ ਅਤੇ ਨੌਜਵਾਨ ਵਿਅਕਤੀਆਂ ਲਈ ਮੌਕਾ ਸ਼ਾਮਲ ਹੈ, ਜਿਨ੍ਹਾਂ ਵਿੱਚ ਪਰਿਪੱਕਤਾ, ਪਿਆਰ ਅਤੇ ਆਪਸੀ ਅਨੁਕੂਲਤਾ ਦੀ ਡੂੰਘੀ ਸਮਝ ਦੀ ਘਾਟ ਹੋ ਸਕਦੀ ਹੈ, ਕਿਉਂਕਿ ਉਹਨਾਂ ਨੂੰ ਆਪਣੇ ਸਬੰਧਾਂ ਨੂੰ ਪ੍ਰਯੋਗ ਕਰਨ ਅਤੇ ਪੜਚੋਲ ਕਰਨ ਦਾ ਮੌਕਾ ਨਹੀਂ ਮਿਲਦਾ ਤੇ ਨਾ ਹੀ ਪਹਿਲਾਂ ਵਾਲੇ ਮਾਪੇ ਹਨ ਜਿਹਨਾਂ ਤੋਂ ਕੁਝ ਸਿੱਖ ਕੇ ਬੱਚੇ ਵੱਡੇ ਹੋਣ 'ਤੇ ਪਰਵਾਰ ਦੀ ਹੋਂਦ ਦਾ ਅਹਿਸਾਸ ਕਰ ਸਕਣ।

ਮੌਜੂਦਾ ਅਰਾਜਕਤਾ ਦੀ ਸਥਿਤੀ ਨੇ ਪਰਵਾਰਕ ਸੰਬੰਧਾਂ ਨੂੰ ਤੋੜ ਦਿੱਤਾ ਹੈ, ਜਿਸ ਦੇ ਨਤੀਜੇ ਵਜੋਂ ਪਰਵਾਰਕ ਦੂਰੀ ਸਮਕਾਲੀ ਸਮਾਜ ਦਾ ਇੱਕ ਪ੍ਰਚਲਿਤ ਵਰਤਾਰਾ ਬਣ ਗਈ ਹੈ। ਹਾਲਾਂਕਿ ਸੱਤਾ ਦੇ ਹੇਠਾਂ ਇੱਕ ਵਿਅਕਤੀ ਮੌਜੂਦ ਹੈ, ਜੋ ਜ਼ਿਆਦਾਤਰ ਨਤੀਜਿਆਂ ਨੂੰ ਸਹਿਣ ਕਰਦਾ ਹੈ, ਪਰ ਅਖਿਰ ਕਦ ਤੱਕ?

ਇਹ ਨੌਜਵਾਨ ਪੀੜ੍ਹੀਆਂ, ਜਿਨ੍ਹਾਂ ਨੂੰ ਅਕਸਰ ਆਪਣੇ ਵਿਅਕਤੀਗਤ ਸੰਘਰਸ਼ਾਂ ਦੇ ਨਾਲ-ਨਾਲ ਸਮਾਜਿਕ ਉਮੀਦਾਂ ਦਾ ਪ੍ਰਬੰਧਨ ਕਰਨਾ ਮੁਸ਼ਕਲ ਲੱਗਦਾ ਹੈ, ਕਿਉਂਕਿ ਭਾਵਨਾਵਾਂ ਦਾ ਪ੍ਰਭਾਵ ਪਰਵਾਰਕ ਦੂਰੀ ਅਕਸਰ ਨੌਜਵਾਨ ਬਾਲਗਾਂ ਨੂੰ ਉਲਝਣ ਅਤੇ ਦੁੱਖ ਦੇ ਇੱਕ ਨਿਰੰਤਰ ਦ੍ਰਿਸ਼ ਵਿੱਚ ਗੁਜ਼ਰਨ ਲਈ ਮਜਬੂਰ ਕਰ ਰਿਹਾ ਹੈ। ਜਦੋਂ ਮਾਪੇ ਤਲਾਕ ਲੈਂਦੇ ਹਨ ਜਾਂ ਵੱਖ ਹੋ ਜਾਂਦੇ ਹਨ, ਤਾਂ ਬੱਚੇ ਇਸ ਨੂੰ ਇੱਕ ਵੱਡਾ ਨੁਕਸਾਨ, ਇਕ ਸ਼ਰਮਿੰਦਗੀ, ਬੇਇੱਜ਼ਤੀ ਸਮਝਦੇ ਹਨ ਅਤੇ ਉਹ ਜਵਾਨੀ ਵਿੱਚ ਵੀ ਅਤੇ ਆਪਣੇ ਬੱਚਿਆਂ ਦੀ ਪਰਵਰਿਸ਼ ਕਰਦੇ ਹੋਏ ਵੀ ਸ਼ਰਮਿੰਦਗੀ ਵਰਗੇ ਮਾਹੌਲ ਵਿਚ ਵੱਡੇ ਹੁੰਦੇ ਹਨ, ਕਿਉਂਕਿ ਦੁਨੀਆ ਵਿਚ ਇਕ ਹਿੱਸੇ 'ਚ ਉਹ ਲੋਕ ਵੀ ਹਨ, ਜੋ ਸਦਾ ਤੁਹਾਡੇ ਚਿਹਰੇ 'ਤੇ ਜਾਂ ਇਸ ਤਰ੍ਹਾਂ ਦਾ ਮਾਹੌਲ ਜਿਹਨਾਂ ਵਿਚ ਟਿੱਚਰਾਂ - ਤਾਹਨੇ-ਮਿਹਣੇ ਹੁੰਦੇ ਹਨ, ਜੋ ਕਿਸੇ ਦਾ ਵੀ ਜੀਣਾ ਹਰਾਮ ਕਰ ਦਿੰਦੇ ਹਨ, ਜਿਹਨਾਂ ਨੂੰ ਸੁਣ ਕੇ ਇਹ ਭਾਵਨਾਵਾਂ ਅਕਸਰ ਤੇਜ਼ ਹੋ ਜਾਂਦੀਆਂ ਹਨ। ਜਦੋਂ ਇੱਕ ਜਾਂ ਦੋਵੇਂ ਮਾਪੇ ਨਵੇਂ ਰਿਸ਼ਤੇ ਸ਼ੁਰੂ ਕਰਦੇ ਹਨ। ਬੱਚੇ ਅਸਵੀਕਾਰ ਅਤੇ ਤਿਆਗ ਦੀਆਂ ਭਾਵਨਾਵਾਂ ਦਾ ਅਨੁਭਵ ਕਰਦੇ ਹਨ। ਕੁਝ ਵਿਅਕਤੀ ਮੰਨਦੇ ਹਨ ਕਿ ਉਹ ਆਪਣੇ ਮਾਪਿਆਂ ਦੇ ਤਲਾਕ ਦਾ ਮੁੱਖ ਕਾਰਨ ਹਨ, ਜਿਸ ਦੇ ਨਤੀਜੇ ਵਜੋਂ ਮਾਨਸਿਕ ਸਿਹਤ ਸੰਬੰਧੀ ਵੱਡੀਆਂ ਚੁਣੌਤੀਆਂ ਪੈਦਾ ਹੋ ਜਾਂਦੀਆਂ ਹਨ। ਅਕਸਰ ਵਿਅਕਤੀ ਆਪਣੇ-ਆਪ ਨੂੰ ਇਕੱਲਤਾ ਵਿੱਚ ਪਾ ਲੈਂਦੇ ਹਨ ਅਤੇ ਆਤਮ ਹੱਤਿਆ ਤੱਕ ਕਰ ਲੈਂਦੇ ਹਨ।

ਅਜਿਹੇ ਸਮੇਂ ਦੌਰਾਨ ਸੋਸ਼ਲ ਮੀਡੀਆ ਕਾਰਨ ਸਥਿਤੀ ਹੋਰ ਵੀ ਵਿਗੜ ਜਾਂਦੀ ਹੈ, ਜੋ ਟੁੱਟੇ ਹੋਏ ਪਰਵਾਰਾਂ ਦੇ ਵਿਅਕਤੀਆਂ, ਖਾਸ ਕਰਕੇ ਇਕੱਲੇ ਮਾਪਿਆਂ ਦੁਆਰਾ ਪਾਲੇ ਗਏ ਬੱਚਿਆਂ ਪ੍ਰਤੀ ਨਾਕਾਰਾਤਮਕ ਧਾਰਨਾਵਾਂ ਨੂੰ ਉਤਸ਼ਾਹਤ ਕਰਦਾ ਹੈ। ਸਵੈ-ਨਿਰਭਰਤਾ ਵਧੇਰੇ ਚੁਣੌਤੀਪੂਰਨ ਸਥਿਤੀਆਂ ਵਿੱਚ ਜਿੱਥੇ ਮਾਪਿਆਂ ਦੇ ਸਾਥੀ ਪੂਰੀ ਤਰ੍ਹਾਂ ਗੈਰਹਾਜ਼ਰ ਹੁੰਦੇ ਹਨ, ਮੁਸ਼ਕਲ ਪਿਛੋਕੜ ਵਾਲੇ ਕਿਸ਼ੋਰ ਅਕਸਰ ਆਪਣੇ ਆਪ ਨੂੰ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਨ ਅਤੇ ਉਹ ਜ਼ਿੰਮੇਵਾਰੀਆਂ ਲੈਣ ਲਈ ਮਜਬੂਰ ਪਾਉਂਦੇ ਹਨ ਜੋ ਉਨ੍ਹਾਂ ਦੀਆਂ ਨਹੀਂ ਹਨ। ਵਿਅਕਤੀ ਖੁਦਮੁਖਤਿਆਰੀ ਲਈ ਯਤਨਸ਼ੀਲ ਹੁੰਦੇ ਹਨ ਅਤੇ ਆਪਣੇ-ਆਪ ਨੂੰ ਕਾਇਮ ਰੱਖਣ ਅਤੇ ਦੇਖਭਾਲ ਕਰਨ ਦੇ ਮੌਕੇ ਲੱਭਦੇ ਹਨ।

**ਮਾਨਸਿਕ ਸਿਹਤ ਮੁੱਦੇ**: ਵਿਆਹ ਦੇ ਟੁੱਟਣ ਨਾਲ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਮਾਨਸਿਕ ਸਿਹਤ ਚੁਣੌਤੀਆਂ ਦਾ ਖ਼ਤਰਾ ਵਧ ਜਾਂਦਾ ਹੈ। ਉਮਰ, ਲਿੰਗ ਜਾਂ ਸੱਭਿਆਚਾਰਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਤਲਾਕਸ਼ੁਦਾ ਪਰਵਾਰਾਂ ਦੇ ਬੱਚਿਆਂ ਨੂੰ ਅਕਸਰ ਵਧਦੀਆਂ ਮਨੋਵਿਗਿਆਨਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਧਿਐਨ ਦਰਸਾਉਂਦੇ ਹਨ ਕਿ ਤਲਾਕਸ਼ੁਦਾ ਪਰਵਾਰਾਂ ਦੇ ਬੱਚਿਆਂ ਵਿੱਚ ਡਿਪਰੈਸ਼ਨ ਅਤੇ ਚਿੰਤਾ ਦਾ ਪ੍ਰਚਲਨ ਖਾਸ ਤੌਰ 'ਤੇ ਵੱਧ ਹੁੰਦਾ ਹੈ।

**ਅਕਾਦਮਿਕ ਪ੍ਰਾਪਤੀ**: ਤਲਾਕਸ਼ੁਦਾ ਘਰਾਂ ਤੋਂ ਆਉਣ ਵਾਲੇ ਬੱਚਿਆਂ ਵਿੱਚ ਅਕਸਰ ਨੀਵੇਂ ਪੱਧਰ ਦੇ ਵਿਦਿਅਕ ਨਤੀਜੇ ਦੇਖੇ ਜਾਂਦੇ ਹਨ। ਫਿਰ ਵੀ ਖੋਜੀਆਂ ਨੇ ਦਿਖਾਇਆ ਹੈ ਕਿ ਤਲਾਕ ਨਾਲ ਸੰਬੰਧਤ ਖਾਸ ਸਥਿਤੀਆਂ ਦੇ ਆਧਾਰ 'ਤੇ ਅਕਾਦਮਿਕ ਪ੍ਰਦਰਸ਼ਨ ਤੇ ਪ੍ਰਭਾਵ ਵੱਖ-ਵੱਖ ਹੁੰਦੇ ਹਨ। ਜਿਨ੍ਹਾਂ ਪਰਵਾਰਾਂ ਵਿੱਚ ਤਲਾਕ ਅਚਾਨਕ ਹੁੰਦਾ ਸੀ, ਉਨ੍ਹਾਂ ਦੇ ਬੱਚਿਆਂ ਨੂੰ ਅਕਸਰ ਆਪਣੇ ਵਿਦਿਅਕ ਕੰਮਾਂ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਉਲਟ ਜਿਨ੍ਹਾਂ ਪਰਵਾਰਾਂ ਵਿੱਚ ਤਲਾਕ ਦੀ ਉਮੀਦ ਕੀਤੀ ਜਾਂਦੀ ਸੀ, ਉਨ੍ਹਾਂ ਦੇ ਵਿਅਕਤੀਆਂ ਨੂੰ ਆਪਣੀਆਂ ਅਕਾਦਮਿਕ ਪ੍ਰਾਪਤੀਆਂ ਵਿੱਚ ਇੱਕੋ ਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪਿਆ।ਜਦੋਂ ਉਨ੍ਹਾਂ ਦੇ ਭੈਣ-ਭਰਾ ਉਨ੍ਹਾਂ 'ਤੇ ਨਿਰਭਰ ਕਰਦੇ ਹਨ ਤਾਂ ਸਥਿਤੀ ਹੋਰ ਵੀ ਚੁਣੌਤੀਪੂਰਨ ਹੋ ਜਾਂਦੀ ਹੈ। ਪਰਵਾਰਕ ਅਤੇ ਮਾਪਿਆਂ ਦੇ ਸਮਰਥਨ ਦੀ ਅਣਹੋਂਦ ਅਕਸਰ ਮਾਨਸਿਕ ਸਿਹਤ ਚੁਣੌਤੀਆਂ ਨੂੰ ਵਧਾਉਂਦੀ ਹੈ, ਜਿਸ ਦੇ ਨਤੀਜੇ ਵਜੋਂ ਡੂੰਘੀ ਉਦਾਸੀ, ਚਿੰਤਾ ਅਤੇ ਸੰਭਾਵੀ ਤੌਰ 'ਤੇ ਸ਼ਰਮਿੰਦਗੀ ਹੁੰਦੀ ਹੈ, ਜਿਸ ਕਰਕੇ ਨਵੀਂ ਪਨੀਰੀ ਸੰਬੰਧ ਸਥਾਪਤ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਨਾ ਕਰ ਪਾਉਣ ਕਾਰਨ ਆਪਣੇ ਸੰਬੰਧ ਖਤਮ ਕਰ ਰਹੀ ਹੈ, ਇਹ ਚਿੰਤਾਜਨਕ ਹੈ।ਕੁਝ ਵਿਅਕਤੀ ਆਪਣੇ ਪਰਵਾਰਕ ਰਿਸ਼ਤਿਆਂ ਦੁਆਰਾ ਲਗਾਏ ਗਏ ਮਨੋਵਿਗਿਆਨਕ ਜ਼ਖ਼ਮਾਂ ਨੂੰ ਸਹਿਣਾ ਜਾਰੀ ਰੱਖਦੇ ਹਨ। ਉਨ੍ਹਾਂ ਅਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ ਹੈ ਅਤੇ ਉਨ੍ਹਾਂ ਨੂੰ ਆਪਣੇ ਆਪ ਤੋਂ ਇਲਾਵਾ ਕਿਸੇ ਹੋਰ 'ਤੇ ਭਰੋਸਾ ਕਰਨਾ ਚੁਣੌਤੀਪੂਰਨ ਲੱਗਦਾ ਹੈ। ਉਹਨਾਂ ਨੂੰ ਅਕਸਰ ਆਪਣੇ ਰਿਸ਼ਤਿਆਂ ਵਿੱਚ ਵਿਸ਼ਵਾਸ ਦੀ ਘਾਟ ਹੁੰਦੀ ਹੈ, ਜੋ ਕਿ ਸਮਾਜਿਕ ਕਲੰਕ ਨਾਲ ਜੁੜਿਆ ਹੁੰਦਾ ਹੈ, ਜੋ ਉਹਨਾਂ ਦੀਆਂ ਅਯੋਗਤਾ ਦੀਆਂ ਭਾਵਨਾਵਾਂ ਵਿੱਚ ਯੋਗਦਾਨ ਪਾਉਂਦਾ ਹੈ। ਇਹਨਾਂ ਚੁਣੌਤੀਆਂ ਦਾ ਇਕੱਠਾ ਹੋਣਾ ਨੌਜਵਾਨ ਪੀੜ੍ਹੀਆਂ ਦੀ ਸਥਾਈ ਰਿਸ਼ਤੇ ਸਥਾਪਤ ਕਰਨ ਦੀ ਯੋਗਤਾ ਨੂੰ ਗੁੰਝਲਦਾਰ ਬਣਾਉਂਦਾ ਹੈ।

CMYK

20-Jan-PAGE--5.qxd 1/19/2025 8:28 PM Page 1



# ਲੋਕ ਨਿਰਮਾਣ ਵਿਭਾਗ ਦੀ ਢਿੱਲੀ ਕਾਰਵਾਈ ਦਾ ਆਰਥਿਕ ਖਮਿਆਜ਼ਾ ਭੁਗਤ ਰਹੇ ਟਰਾਂਸਪੋਰਟਰ

## * ਸਤਲੁਜ ਪੁਲ ਦੀ ਧੱਸੀ ਸਲੈਬ ਦੀ 4 ਮਹੀਨੇ ਬੀਤਣ ਦੇ ਬਾਵਜੂਦ ਵੀ ਮੁਰੰਮਤ ਸ਼ੁਰੂ ਨਾ ਹੋਈ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)** - ਖੰਨਾ ਤੇ ਨਵਾਂਸ਼ਹਿਰ ਸਤਲੁਜ ਦਰਿਆ 'ਤੇ ਬਣੇ ਪੁਲ ਦੀ ਸਲੈਬ ਕਰੀਬ 4 ਮਹੀਨੇ ਪਹਿਲਾਂ ਧੱਸ ਗਈ ਸੀ। ਪਰ ਲੋਕ ਨਿਰਮਾਣ ਵਿਭਾਗ ਦੀ ਢਿੱਲੀ ਕਾਰਵਾਈ ਕਾਰਨ ਇਸ ਦੀ ਮੁਰੰਮਤ ਸ਼ੁਰੂ ਨਾ ਹੋਈ, ਜਿਸ ਕਾਰਨ ਰੋਜ਼ਾਨਾਂ ਟਰਾਂਸਪੋਰਟਰਾਂ ਨੂੰ ਵੱਡਾ ਆਰਥਿਕ ਘਾਟਾ ਸਹਿਣਾ ਪੈ ਰਿਹਾ ਹੈ। ਟਰਾਂਸਪੋਰਟਰ ਬਲਵਿੰਦਰ ਸਿੰਘ, ਮਹਿੰਦਰ ਸਿੰਘ, ਸੁਰਿੰਦਰ ਸਿੰਘ ਟੋਨੀ, ਤੇਜਿੰਦਰ ਸਿੰਘ ਲਵਲੀ, ਰਵਨੀਤ ਸਿੰਘ, ਗਗਨਦੀਪ ਸਿੰਘ ਖੁਰਾਣਾ, ਕਿਰਪਾਲ ਸਿੰਘ ਬੁੱਲੇਵਾਲ, ਦਲਜੀਤ ਸਿੰਘ ਬੁੱਲੇਵਾਲ ਨੇ ਦੱਸਿਆ ਕਿ ਅੱਜ ਤੋਂ 4 ਮਹੀਨੇ ਪਹਿਲਾਂ ਸਤਲੁਜ ਪੁਲ ਦੀ ਸਲੈਬ ਧੱਸਣ ਕਾਰਨ ਨਵਾਂਸ਼ਹਿਰ ਪ੍ਰਸ਼ਾਸਨ ਵਲੋਂ ਇਸ 'ਤੇ ਭਾਰੀ ਆਵਾਜਾਈ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੀ, ਜਿਸ ਕਾਰਨ ਟਰਾਂਸਪੋਰਟਰਾਂ ਨੂੰ ਆਪਣੇ ਟਰੱਕ ਤੇ ਟਿੱਪਰ ਬਦਲਵੇਂ ਰਸਤਿਆਂ ਰਾਹੀਂ ਕਈ ਕਿਲੋਮੀਟਰ ਦਾ ਲੰਮਾਂ ਪੈਂਡਾ ਤੈਅ ਕਰਕੇ ਜਾਣਾ ਪੈ ਰਿਹਾ ਹੈ। ਬਦਲਵੇਂ ਰੂਟਾਂ 'ਤੇ ਜਾਣ ਕਾਰਨ ਟਰਾਂਸਪੋਰਟਰਾਂ ਨੂੰ ਰੋਜ਼ਾਨਾਂ ਲੱਖਾਂ ਰੁਪਏ ਦਾ ਡੀਜ਼ਲ ਵੱਧ ਫੂਕਣਾ ਪੈ ਰਿਹਾ ਹੈ। ਪਰ ਪ੍ਰਸ਼ਾਸ਼ਨ ਤੇ ਲੋਕ ਨਿਰਮਾਣ ਵਿਭਾਗ ਜਨਤਾ ਦੀ ਸਮੱਸਿਆ ਤੋਂ ਅਣਜਾਣ ਇਸ ਪੁਲ ਦੀ ਧੱਸੀ ਸਲੈਬ ਦੀ 4 ਮਹੀਨੇ ਬੀਤਣ ਦੇ ਬਾਵਜੂਦ ਵੀ ਮੁਰੰਮਤ ਨਾ ਸ਼ੁਰੂ ਕਰਵਾ ਸਕੇ। ਸ੍ਰੀਨਗਰ ਤੋਂ ਲੈ ਕੇ ਦਿੱਲੀ ਅਤੇ ਹਿਮਾਚਲ ਤੋਂ ਪੰਜਾਬ ਨੂੰ ਖਣਿਜ ਪਦਾਰਥ ਲੈ ਕੇ ਆ ਰਹੇ ਹਜ਼ਾਰਾਂ ਟਰੱਕਾਂ ਤੋਂ ਇਲਾਵਾ ਮੰਡੀ ਗੋਬਿੰਦਗੜ੍ਹ ਤੋਂ ਹਿਮਾਚਲ ਨੂੰ ਲੋਹਾ ਲੈ ਕੇ ਜਾਣ ਵਾਲੇ ਵਾਹਨ ਇਸ ਪੁਲ ਤੋਂ ਗੁਜ਼ਰਦੇ ਸਨ ਪਰ ਇੱਥੇ ਹੁਣ ਭਾਰੀ ਆਵਾਜਾਈ ਦੇ ਬੰਦ ਹੋਣ ਕਾਰਨ ਇਹ ਸਾਰੇ ਵਾਹਨ ਵਾਇਆ ਲੁਧਿਆਣਾ, ਰੋਪੜ ਹੋ ਕੇ ਕਈ ਕਿਲੋਮੀਟਰ ਦਾ ਲੰਮਾਂ ਪੈਂਡਾ ਤੈਅ ਕਰ ਆਪਣੀ ਮੰਜ਼ਿਲ 'ਤੇ ਪਹੁੰਚਦੇ ਹਨ। ਟਰਾਂਸਪੋਰਟਰਾਂ ਨੇ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ 4 ਮਹੀਨੇ ਬੀਤਣ ਦੇ ਬਾਵਜੂਦ ਵੀ ਲੋਕ ਨਿਰਮਾਣ ਵਿਭਾਗ ਨੇ ਇਸ ਦੀ ਮੁਰੰਮਤ ਸ਼ੁਰੂ ਨਾ ਕਰਵਾਈ ਜਦਕਿ ਉਹ ਆਰਥਿਕ ਘਾਟੇ ਵੱਲ ਜਾ ਰਹੇ ਹਨ। ਟਰਾਂਸਪੋਰਟਰਾਂ ਨੇ ਲੋਕ ਨਿਰਮਾਣ ਵਿਭਾਗ ਤੇ ਸਰਕਾਰ ਤੋਂ ਮੰਗ ਕੀਤੀ ਕਿ ਇਹ ਸਤਲੁਜ ਪੁਲ ਦੀ ਧੱਸੀ ਸਲੈਬ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ ਤਾਂ ਜੋ ਉਨ੍ਹਾਂ ਦਾ ਰੋਜ਼ਾਨਾ ਹੋਣ ਵਾਲੇ ਆਰਥਿਕ ਨੁਕਸਾਨ ਤੋਂ ਬਚਾਅ ਹੋ ਸਕੇ। ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਤੇਜਿੰਦਰ ਸਿੰਘ ਨਾਲ ਜਦੋਂ ਸਤਲੁਜ ਪੁਲ ਦੀ ਧੱਸੀ ਸਲੈਬ ਦੀ ਮੁਰੰਮਤ ਬਾਰੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੁਲ ਦੀ ਮੁਰੰਮਤ ਲਈ ਫੰਡਾਂ ਦੀ ਪ੍ਰਵਾਨਗੀ ਲਈ ਉੱਚ ਅਧਿਕਾਰੀਆਂ ਨੂੰ ਫਾਈਲ ਭੇਜੀ ਗਈ ਹੈ ਅਤੇ ਜਦੋਂ ਹੀ ਪ੍ਰਵਾਨਗੀ ਆ ਜਾਵੇਗੀ ਉਸ ਤੋਂ ਬਾਅਦ ਟੈਂਡਰ ਲਗਾ ਕੇ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 4 ਮਹੀਨੇ ਬੀਤਣ ਦੇ ਬਾਵਜੂਦ ਅਜੇ ਤੱਕ ਲੋਕ ਨਿਰਮਾਣ ਵਿਭਾਗ ਇਸ ਪ੍ਰਮੁੱਖ ਪੁਲ ਦੀ ਧੱਸੀ ਸਲੈਬ ਦਾ ਟੈਂਡਰ ਨਹੀਂ ਲਗਾ ਸਕਿਆ, ਮੁਰੰਮਤ ਦਾ ਕੰਮ ਸ਼ੁਰੂ ਹੋਣਾ ਤਾਂ ਅਜੇ ਦੂਰ ਦੀ ਗੱਲ ਲੱਗਦੀ ਹੈ।

## ਫਿਰਕਾਪ੍ਰਸਤੀ ਫੈਲਾਉਂਦੀਆਂ ਫਿਲਮਾਂ ਦਾ ਬਾਈਕਾਟ ਹੋਣਾ ਚਾਹੀਦਾ : ਬਾਬਾ ਬਲਬੀਰ ਸਿੰਘ



**ਸ੍ਰੀ ਮੁਕਤਸਰ ਸਾਹਿਬ:- (ਸ਼ਮਿੰਦਰਪਾਲ/ਪੂਜਾ)** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸਿੱਖ ਧਰਮ ਦੇ ਸਿੱਧਾਂਤ ਅਤੇ ਇਤਿਹਾਸ ਸਾਡੇ ਲਈ ਪਵਿੱਤਰ ਹਨ। ਭਾਰਤੀ ਫਿਲਮ ਜਗਤ ਦੀ ਅਭਿਨੇਤਰੀ ਅਤੇ ਭਾਰਤੀ ਜਨਤਾ ਪਾਰਟੀ ਦੀ ਹਿਮਾਚਲ ਤੋਂ ਐਮ ਪੀ ਕੰਗਣਾ ਰਣੌਤ ਦੀ ਫਿਲਮ ਵਿੱਚ ਸਿੱਖ ਵਿਰੋਧੀ ਸੰਦਰਭਾ ਦੀ ਅੰਸ਼ਤਾ ਹੈ। ਫਿਲਮ ਐਮਰਜੈਂਸੀ 'ਤੇ ਪੂਰਨ ਤੌਰ ਤੇ ਰੋਕ ਲਗਣੀ ਚਾਹੀਦੀ ਹੈ। ਉਬਨ੍ਹੇ ਸਖਤ ਨਿੰਦਿਆਂ ਕਰਦਿਆਂ ਕਿਹਾ ਕਿ ਸਾਡੇ ਵੱਲੋਂ ਪਹਿਲਾਂ ਵੀ ਇਸ ਮਸਲੇ 'ਤੇ ਧਿਆਨ ਦਿਵਾਇਆ ਗਿਆ ਸੀ, ਪਰ ਅਫਸੋਸ ਹੈ ਕਿ ਸਰਕਾਰ ਅਤੇ ਪ੍ਰਸ਼ਾਸ਼ਨ ਨੇ ਇਸ ਨੂੰ ਅਣਗੌਲਿਆ ਕੀਤਾ। ਇਹ ਕਾਰਵਾਈ ਨਾਂ ਸਿਰਫ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ, ਸਗੋਂ ਸਮਾਜਿਕ ਸਹਿਜਤਾ ਤੇ ਪੰਜਾਬ ਦੀ ਏਕਤਾ ਨੂੰ ਵੀ ਖਤਰੇ ਵਿੱਚ ਪਾਉਂਦੀ ਹੈ। ਸਿੱਖ ਧਰਮ ਦੇ ਇਤਿਹਾਸ ਅਤੇ ਸਿੱਧਾਂਤਾਂ ਦੇ ਖਿਲਾਫ ਫਿਲਮ ਵਿੱਚ ਇਕ ਜਿੰਮੇਵਾਰ ਹਸਤੀ ਵੱਲੋਂ ਇਸ ਤਰਾਂ ਦਰਸਾਉਣ ਨੂੰ ਅਣਦੇਖਿਆ ਨਹੀਂ ਕੀਤੀ ਜਾ ਸਕਦਾ। ਕੰਗਣਾ ਰਣੌਤ ਦੀ ਇਸ ਫਿਲਮ ਵਿੱਚ ਸਿੱਖਾਂ ਨੂੰ ਇੱਕ ਫਿਰਕਾਪ੍ਰਸਤੀ ਵਜੋਂ ਦਰਸਾਇਆ ਗਿਆ ਹੈ, ਜੋ ਇਤਿਹਾਸਕ ਤੱਥਾਂ ਦੇ ਖਿਲਾਫ ਹੈ। ਸਿੱਖ ਧਰਮ ਹਮੇਸਾ ਮਨੁੱਖਤਾ, ਨਿਆਂ ਅਤੇ ਭਾਈਚਾਰਕ ਦਾ ਪੱਖਪਾਤੀ ਰਿਹਾ ਹੈ। ਇਥੇ ਹੀ ਬੱਸ ਨਹੀਂ ਸਿੱਖ ਪੰਥ ਦੀਆਂ ਸਤਿਕਾਰਯੋਗ, ਮਹਾਨ ਹਸਤੀਆਂ ਦੇ ਜੀਵਨ ਨੂੰ ਤੌਹੀਨਜਨਕ ਸਾਂਝ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ ਅਤੇ ਬਿਲਕੁਲ ਵਿਪਰੀਤ ਜਾਣਕਾਰੀ ਪੇਸ਼ ਕੀਤੀ ਗਈ ਹੈ।

ਅਸੀਂ ਸਿੱਖ ਪੰਥ, ਧਰਮ ਪ੍ਰੇਮੀਆਂ ਅਤੇ ਪੰਜਾਬ ਹਿਤੈਸ਼ੀਆਂ ਨੂੰ ਅਪੀਲ ਕਰਦੇ ਹਾਂ ਕਿ ਅਜਿਹੀਆਂ ਫਿਲਮਾਂ, ਜੋ ਫਿਰਕਾਪ੍ਰਸਤੀ ਫੈਲਾਉਂਦੀਆਂ ਹਨ ਜਾਂ ਕਿਸੇ ਧਰਮ ਦਾ ਨਿਰਾਦਰ ਕਰਦੀਆਂ ਹਨ, ਉਨ੍ਹਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ।

## ਦਸਮੇਸ਼ ਮਿਸ਼ਨ ਸਕੂਲ ਵਿਖੇ ਕਰਵਾਇਆ ਪੋਸਟਰ ਮੇਕਿੰਗ ਮੁਕਾਬਲਾ



**ਕੋਟਕਪੂਰਾ, (ਰਛਪਾਲ ਭੁੱਲਰ )** ਇੰਟੈਕ ਫਰੀਦਕੋਟ ਵੱਲੋਂ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਪੋਸਟਰ ਮੇਕਿੰਗ ਪੇਂਟਿੰਗ ਅਤੇ ਲੇਖ ਲਿਖਣ ਮੁਕਾਬਲਾ 2025 ਦਾ ਆਯੋਜਨ ਕੀਤਾ ਗਿਆ। ਪ੍ਰੋ: ਬਲਤੇਜ ਸਿੰਘ ਬਰਾੜ ਕਨਵੀਨਰ ਫਰੀਦਕੋਟ ਅਤੇ ਸਕੂਲ ਮੈਨੇਜਿੰਗ ਡਾਇਰੈਕਟਰ ਸ. ਬਲਜੀਤ ਸਿੰਘ ਅਤੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਅਤੇ ਸਕੂਲ ਅਧਿਆਪਕ ਵੀ ਇਸ ਮੁਕਾਬਲੇ ਵਿੱਚ ਮੌਜੂਦ ਸਨ । ਇਹ ਮੁਕਾਬਲਾ ਇੰਟੈਕ ਦੀ ਇੱਕ ਸ਼ਾਖਾ ਹੈਰੀਟੇਜ ਐਜੂਕੇਸ਼ਨ ਐਂਡ ਕਮਿਊਨੀਕੇਸ਼ਨ ਸਰਵਿਸ ਦੁਆਰਾ ਸਪਾਂਸਰ ਕੀਤਾ ਗਿਆ ਹੈ। ਸਕੂਲ ਦੇ ਸੱਤਵੀਂ ਤੋ ਨੌਂਵੀਂ ਕਲਾਸ ਦੇ 11 ਵਿਦਿਆਰਥੀਆਂ ਨੂੰ ਭਾਗੀਦਾਰੀ ਸਰਟੀਫਿਕੇਟ ਵੀ ਦਿੱਤੇ ਗਏ । ਪੂਰੇ ਭਾਰਤ ਵਿੱਚ ਗਤੀਵਿਧੀ ਪੂਰੀ ਹੋਣ ਤੋਂ ਬਾਅਦ 100 ਖੇਤਰੀ ਅਤੇ ਦਸ ਰਾਸ਼ਟਰੀ ਜੇਤੂ ਘੋਸ਼ਿਤ ਕੀਤੇ ਜਾਣਗੇ। ਹਰ ਸਾਲ ਲਗਭਗ 20000 ਵਿਦਿਆਰਥੀ ਇਸ ਮੁਕਾਬਲੇ ਵਿੱਚ ਹਿੱਸਾ ਲੈਂਦੇ ਹਨ ।

## ਕੁੜੀਆਂ ਦੀ ਲੋਹੜੀ ਦਾ ਪੋਸਟਰ ਜਾਰੀ



**ਦੋਰਾਹਾ ( ਹਰਮਿੰਦਰ ਸੇਠ )** ਸਮਾਜ ਨੂੰ ਚੰਗੀ ਸੇਧ ਦੇਣ ਕੁੜੀਆਂ ਦੀ ਲੋਹੜੀ ਮਨਾਉਣ ਦੇ ਸਬੰਧ ਵਿੱਚ, ਜੋ ਕਿ 22 ਜਨਵਰੀ ਨੂੰ ਮਨਾਈ ਜਾ ਰਹੀ ਹੈ, ਸੰਬੰਧ ਵਿੱਚ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਦਲਜੀਤ ਸਿੰਘ ਬਆਨੀ, ਗੁਰਜੀਤ ਸਿੰਘ ਈਸੜੂ ਬੇਨੀਪਾਲੀ ਚੇਅਰਮੈਨ, ਜਗਬੀਰ ਸਿੰਘ ਰਾੜਾ ਮੁੱਖ ਸੇਵਾਦਾਰ, ਜਗਤਾਰ ਸਿੰਘ ਘੁਡਾਣੀ, ਸੁਖਦੇਵ ਸਿੰਘ ਬਿਲਾਸਪੁਰ, ਜਗਿੰਦਰ ਸਿੰਘ ਘੜਾਣੀ,ਜੋਗਿੰਦਰ ਸਿੰਘ, ਹਰਬੰਸ ਸਿੰਘ , ਸੋਹਣ ਸਿੰਘ ,ਬਲਵਿੰਦਰ ਸਿੰਘ, ਰਾਮ ਰਤਨ ਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ ।

## ਢਾਣੀ ਰਾਮਪੁਰਾ ਦੇ ਗੁਰਦੁਆਰੇ 'ਚੋਂ ਗੋਲਕ ਚੋਰੀ

**ਸਿਰਸਾ (ਸੁਰਿੰਦਰ ਪਾਲ ਸਿੰਘ)**=ਸਿਰਸਾ ਖੇਤਰ ਦੇ ਢਾਣੀ ਰਾਮਪੁਰਾ ਵਿੱਚ ਸਥਿਤ ਗੁਰਦੁਆਰਾ ਸਾਹਿਬ ਤੋਂ ਇੱਕ ਚੋਰ ਨੇ ਦਾਨ ਪੇਟੀ (ਗੋਲਕ) ਚੋਰੀ ਕਰ ਲਈ।ਚੋਰੀ ਦੀ ਸਾਰੀ ਘਟਨਾ ਗੁਰਦੁਆਰੇ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ, ਜਿਸ ਵਿੱਚ ਇੱਕ ਵਿਅਕਤੀ ਨੂੰ ਗੁਰਦੁਆਰੇ ਦਾ ਤਾਲਾ ਤੋੜਦੇ ਹੋਏ,ਅੰਦਰ ਦਾਖਲ ਹੁੰਦੇ ਹੋਏ ਅਤੇ ਗੋਲਕ ਲੈ ਕੇ ਭੱਜਦੇ ਹੋਏ ਦੇਖਿਆ ਜਾ ਸਕਦਾ ਹੈ।ਢਾਣੀ ਰਾਮਪੁਰਾ ਸਥਿਤ ਗੁਰਦੁਆਰੇ ਦੇ ਗ੍ਰੰਥੀ ਗੁਰਚਰਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਅਗਲੀ ਸਵੇਰੇ ਗੁਰੂਘਰ ਜਾ ਕੇ ਚੋਰੀ ਬਾਰੇ ਪਤਾ ਲਗਿਆ।ਉਨ੍ਹਾਂ ਕਿਹਾ ਕਿ ਦਾਨ ਬਕਸੇ ਵਿੱਚ ਹਜ਼ਾਰਾਂ ਰੁਪਏ ਦੀ ਨਕਦੀ ਸੀ।ਘਟਨਾ ਦੀ ਸੂਚਨਾ ਮਿਲਦੇ ਹੀ ਡਿੰਗ ਥਾਣੇ ਦੀ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ ਤਾਂ ਪੁਲਿਸ ਨੂੰ ਨੇੜਲੇ ਖੇਤਾਂ ਵਿੱਚੋਂ ਖਾਲੀ ਦਾਨ ਪੇਟੀ ਬਰਾਮਦ ਹੋਈ। ਗੁਰੂਘਰ ਦੇ ਗ੍ਰੰਥੀ ਗੁਰਚਰਨ ਸਿੰਘ ਦੀ ਸ਼ਿਕਾਇਤ ਤੇ ਪੁਲਿਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਐਫਆਈਆਰ ਦਰਜ ਕਰ ਲਈ ਹੈ।ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੀਸੀਟੀਵੀ ਫੁਟੇਜ ਦੀ ਮਦਦ ਨਾਲ ਚੋਰ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਉਹ ਜਲਦੀ ਇਸ ਮਾਮਲੇ ਨੂੰ ਸੁਲਝਾ ਲੈਣਗੇ।

## ਭੋਲਾ ਸਿੰਘ ਸਮਾਧ ਭਾਈ ਵੱਲੋਂ ਡੋਰ ਟੂ ਡੋਰ ਮੀਟਿੰਗਾਂ ਦਾ ਸਿਲਸਿਲਾ ਜਾਰੀ





**ਬਾਘਾਪੁਰਾਣਾ, (ਮਨੀ ਸਿੰਗਲਾ)** ਕਾਂਗਰਸ 'ਚ ਸੇਵਾ ਕਰ ਰਹੇ ਭੋਲਾ ਸਿੰਘ ਸਮਾਧ ਭਾਈ ਨੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਹਲਕੇ ਦੇ ਵੱਖ-ਵੱਖ ਪਿੰਡਾਂ 'ਚ ਡੋਰ ਟੂ ਡੋਰ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ, ਜਿਸ ਤਹਿਤ ਇਨ੍ਹਾਂ ਮੀਟਿੰਗਾਂ ਵਿੱਚ ਹੋ ਰਹੇ ਆਪ ਮੁਹਾਰੇ ਇਕੱਠ ਵੀ ਭੋਲਾ ਸਿੰਘ ਸਮਾਧ ਭਾਈ ਦੀ ਹੌਂਸਲਾ ਅਫ਼ਜ਼ਾਈ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਭੋਲਾ ਸਿੰਘ ਸਮਾਧ ਭਾਈ ਪਿਛਲੇ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਅ ਰਹੇ ਹਨ।

ਭੋਲਾ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਸਮੁੱਚੀ ਸੂਬਾ ਪੱਧਰੀ ਹਾਈਕਮਾਂਡ ਨੇ ਬਾਘਾ ਪੁਰਾਣਾ ਖੇਤਰ ਵਿਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਦੇ ਲਈ ਡਿਊਟੀ ਲਾਈ ਹੈ, ਜਿਸ ਤਹਿਤ ਉਨ੍ਹਾਂ ਵੱਲੋਂ ਡੋਰ ਟੂ ਡੋਰ ਹਲਕੇ ਦੇ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਲੋਕ ਮਣਾਂਮੂੰਹੀ ਪਿਆਰ ਵੀ ਦੇ ਰਹੇ ਹਨ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਸਰਕਾਰ ਪੰਜਾਬ ਵਿਚ ਬਣਨਾ ਤੈਅ ਹੈ ਤੇ ਹਲਕਾ ਬਾਘਾ ਪੁਰਾਣਾ ਤੋਂ ਕਾਂਗਰਸ ਪਾਰਟੀ ਵੱਡੀ ਲੀਡ ਕਰੇਗੀ।

ਕਿਸਾਨਾਂ ਦਾ ਸਮਰਥਨ ਕਰਦਿਆਂ ਭੋਲਾ ਸਿੰਘ ਸਮਾਧ ਭਾਈ ਨੇ ਖਨੌਰੀ ਬਾਰਡਰ 'ਤੇ ਚੱਲ ਰਹੇ ਕਿਸਾਨੀ ਸੰਘਰਸ਼ ਤੇ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਸਖ਼ਤ ਟਿੱਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਭਾਰਤ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਲੰਮੇ ਸਮੇਂ ਤੱਕ ਅਣਦੇਖਿਆ ਕਰਨਾ ਕਿਸੇ ਵੀ ਸਰਕਾਰ ਦੇ ਹੱਕ ਵਿੱਚ ਨਹੀਂ।

## ਵਿਧਾਇਕ ਹੈਪੀ ਨੇ ਪਿੰਡ ਰੈਲੀ 'ਚ ਵਿਕਾਸ ਪ੍ਰੋਜੈਕਟਾਂ ਦੀ ਕਰਵਾਈ ਸ਼ੁਰੂਆਤ

**ਬੱਸੀ ਪਠਾਣਾਂ (ਪ੍ਰਮੋਦ ਭਾਰਦਵਾਜ)**- ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ, ਜਿਸ ਤਹਿਤ ਵੱਖੋ-ਵੱਖ ਵਿਕਾਸ ਪ੍ਰੋਜੈਕਟ ਵੱਡੇ ਪੱਧਰ ਉੱਤੇ ਜਾਰੀ ਹਨ।

ਇਹਨਾਂ ਪ੍ਰੋਜੈਕਟਾਂ ਦੀ ਲੜੀ ਤਹਿਤ ਹੀ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਰੈਲੀ ਵਿਖੇ ਕਰਵਾਏ ਜਾਣ ਵਾਲੇ ਵਿਕਾਸ ਪ੍ਰੋਜਕਟਾਂ ਦੀ ਸ਼ੁਰੂਆਤ ਹਲਕਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਰਵਾਈ। ਇਹਨਾਂ ਪ੍ਰੋਜੈਕਟਾਂ ਵਿੱਚ ਨਾਲੇ ਨੂੰ ਪੱਕਾ ਕਰਨ, ਪਿੰਡ ਦੀ ਨਿਕਾਸੀ ਨਾਲ ਸਬੰਧਤ ਸੀਚੇਵਾਲ ਮਾਡਲ ਪ੍ਰੋਜੈਕਟ, ਪੀਣ ਵਾਲੇ ਪਾਣੀ ਦੀਆਂ ਪਾਈਪਾਂ ਅਤੇ ਗਰਾਊਂਡ ਦੀ ਉਸਾਰੀ ਸ਼ਾਮਲ ਹਨ। ਹਲਕਾ ਵਿਧਾਇਕ ਹੈਪੀ ਨੇ ਦੱਸਿਆ ਕਿ ਪਿੰਡਾਂ ਦੀਆਂ ਸੜਕਾਂ, ਗਲੀਆਂ, ਸਟਰੀਟ ਲਾਈਟਾਂ, ਪਾਰਕਾਂ, ਸ਼ਮਸ਼ਾਨਘਾਟਾਂ ਤੇ ਕਬਰਸਤਾਨਾਂ, ਪਾਣੀ ਦੀ ਨਿਕਾਸੀ ਅਤੇ ਪਿੰਡਾਂ ਦੇ ਸਕੂਲਾਂ ਸਬੰਧੀ ਵੱਡੇ ਪੱਧਰ ਉਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਹਲਕਾ ਵਿਧਾਇਕ ਨੇ ਕਿਹਾ ਕਿ ਖੁਸ਼ਹਾਲ ਪੰਜਾਬ ਦੀ ਸਿਰਜਣਾ ਲਈ ਪੰਜਾਬ ਦੇ ਲੋਕਾਂ ਤੇ ਖ਼ਾਸ ਕਰਕੇ ਸੂਬੇ ਦੇ ਨੌਜਵਾਨਾਂ ਦਾ ਤੰਦਰੁਸਤ ਹੋਣਾ ਲਾਜ਼ਮੀ ਹੈ। ਸੋ ਪੰਜਾਬ ਦੀ ਖੁਸ਼ਹਾਲੀ ਵੱਲ ਇੱਕ ਹੋਰ ਅਹਿਮ ਕਦਮ ਪੁੱਟਦਿਆਂ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਖੇਡ ਮੈਦਾਨ ਤੇ ਸਟੇਡੀਅਮ ਬਣਾਏ ਜਾ ਰਹੇ ਹਨ ਤੇ ਲੋਕਾਂ ਨੂੰ ਸਮਰਪਤ ਕੀਤੇ ਜਾ ਰਹੇ ਹਨ। ਇਸੇ ਤਹਿਤ ਹੀ ਪਿੰਡ ਵਿੱਚ ਗਰਾਊਂਡ ਦੀ ਉਸਾਰੀ ਕੀਤੀ ਜਾ ਰਹੀ ਹੈ। ਇਸ ਮੌਕੇ ਸਰਪੰਚ ਗੁਰਜੀਤ ਸਿੰਘ ਕਾਲਾ, ਦਵਿੰਦਰ ਸਿੰਘ, ਗੁਰਜੀਤ ਕੌਰ, ਰੁਪਿੰਦਰ ਕੌਰ, ਗੁਰਜੀਤ ਸਿੰਘ, ਜਗਦੀਪ ਸਿੰਘ (ਸਾਰੇ ਪੰਚ) ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਤੇ ਪਿੰਡ ਵਾਸੀ ਹਾਜ਼ਰ ਸਨ।

## ਬੱਸ ਅੱਡੇ ਨੇੜੇ ਕਾਰ ਪਾਰਕਿੰਗ ਵਿਚਾਰ ਅਧੀਨ : ਫੁੰਮਣ ਸਿੰਘ



**ਬਠਿੰਡਾ (ਰਾਜੀਵ ਗੋਇਲ)** ਕਸਬਾ ਭਗਤਾ 'ਚ ਵਧ ਰਹੀ ਟ੍ਰੈਫਿਕ ਸਮੱਸਿਆ ਨੂੰ ਲੈ ਕੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਵਹੀਕਲ ਖੜਾਉਣ ਦੀ ਸਹੂਲਤ ਪ੍ਰਦਾਨ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰਕਾਰ ਰਾਜੀਵ ਗੋਇਲ ਵੱਲੋਂ ਸੋਸ਼ਲ ਮੀਡੀਆ ਰਾਹੀਂ ਕਾਰ ਪਾਰਕਿੰਗ ਬਣਾਏ ਜਾਣ ਸੰਬੰਧੀ ਅਪੀਲ ਕੀਤੀ ਗਈ ਸੀ, ਜਿਸ ਤੋਂ ਬਾਅਦ ਬੀਤੀ ਦੇਰ ਰਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਫੁੰਮਣ ਸਿੰਘ ਵੱਲੋਂ ਦੱਸਿਆ ਗਿਆ ਕਿ ਟ੍ਰੈਫਿਕ ਦੀ ਸਮੱਸਿਆ ਤੋਂ ਆਮ ਲੋਕਾਂ ਤੇ ਰਾਹਗੀਰਾਂ ਨੂੰ ਨਿਜ਼ਾਤ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬੱਸ ਸਟੈਂਡ ਦੀ ਬੇਸਮੈਂਟ ਅੰਦਰ ਕਾਰ ਪਾਰਕਿੰਗ ਬਣਾਏ ਜਾਣ ਦੀ ਵਿਚਾਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦੁਕਾਨਦਾਰਾਂ ਲਈ ਬਹੁਤ ਹੀ ਆਲੀਸ਼ਾਨ ਬਾਥਰੂਮ ਬਣਾਏ ਜਾ ਰਹੇ ਹਨ, ਜਿਨ੍ਹਾਂ ਦਾ ਨਿਰਮਾਣ ਜਲਦ ਹੀ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਕਾਰ ਪਾਰਕਿੰਗ ਨੂੰ ਲੈ ਕੇ ਜਲਦ ਹੀ ਫੈਸਲਾ ਲਿਆ ਜਾਵੇਗਾ।

## ਭਗਤਾ ਭਾਈਕਾ ਤੋਂ ਖੋਹੀ ਕਾਰ ਲੁਧਿਆਣਾ ਪੁਲਸ ਵੱਲੋਂ ਬਰਾਮਦ : ਐੱਸ ਐੱਚ ਓ



**ਬਠਿੰਡਾ, (ਰਾਜੀਵ ਗੋਇਲ)** 16 ਜਨਵਰੀ ਦੀ ਸ਼ਾਮ 7 ਵਜੇ ਦੇ ਕਰੀਬ ਤਿੰਨ ਲੁਟੇਰਿਆਂ ਵੱਲੋਂ ਨਿਹੰਗ ਸਿੰਘਾਂ ਦੇ ਭੇਸ ਵਿੱਚ ਭਗਤਾ ਭਾਈ ਕਾ ਤੋਂ ਕਾਰ ਖੋਹਣ ਦੀ ਸੂਚਨਾ ਪ੍ਰਾਪਤ ਹੋਈ ਸੀ, ਜਿਸ ਤੋਂ ਬਾਅਦ ਥਾਣਾ ਦਿਆਲਪੁਰਾ ਦੀ ਪੁਲਿਸ ਵੱਲੋਂ ਇਨ੍ਹਾਂ ਲੁਟੇਰਿਆਂ ਦੀ ਪੈੜ ਨੱਪੀ ਜਾ ਰਹੀ ਸੀ, ਜਿਸ ਤੋਂ ਬਾਅਦ ਲੁਧਿਆਣਾ ਪੁਲਸ ਵੱਲੋਂ ਇਨ੍ਹਾਂ ਲੁਟੇਰਿਆਂ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ ਭਗਤਾ ਭਾਈ ਕਾ ਤੋਂ ਖੋਹੀ ਕਾਰ ਬਰਾਮਦ ਕੀਤੀ ਗਈ ਹੈ। ਦੱਸਣਾ ਬਣਦਾ ਹੈ ਕਿ ਇਨ੍ਹਾਂ ਲੁਟੇਰਿਆਂ ਵੱਲੋਂ ਸ੍ਰੀ ਮੁਕਤਸਰ ਸਾਹਿਬ ਤੋਂ ਮੋਟਰਸਾਈਕਲ, ਭਗਤਾ ਭਾਈਕਾ ਤੋਂ ਕਾਰ ਤੇ ਲੁਧਿਆਣਾ ਤੋਂ ਵੀ ਆਲਟੋ ਕਾਰ ਦੀ ਖੋਹ ਕੀਤੀ ਗਈ ਸੀ, ਜਿਸ ਤੋਂ ਪੁਲਸ ਪ੍ਰਸ਼ਾਸਨ ਇਨ੍ਹਾਂ ਦੀ ਪੈੜ ਨੱਪਦਾ ਆ ਰਿਹਾ ਸੀ ਤੇ ਅਖੀਰ ਇਹ ਲੁਟੇਰੇ ਪੁਲਸ ਹੱਥੇ ਚੜ੍ਹ ਹੀ ਗਏ।

## ਪੁਲਸ ਨੇ ਨਸ਼ਾ ਵਿਰੋਧੀ ਮੁਹਿੰਮ 'ਚ ਲੋਕਾਂ ਦਾ ਮੰਗਿਆ ਸਹਿਯੋਗ



**ਮਾਨਸਾ/ਬੋਹਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਪੁਲਸ ਮਾਨਸਾ ਵੱਲੋਂ ਪ੍ਰੋਜੈਕਟ ਸੰਪਰਕ ਅਪਰੇਸ਼ਨ ਸਕੀਮ ਤਹਿਤ ਇੱਕ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਏ ਆਰ ਪੈਲੇਸ ਬੋਹਾ ਵਿਖੇ ਲਗਾਇਆ ਗਿਆ। ਕੈਂਪ ਨੂੰ ਸੰਬੋਧਨ ਕਰਦਿਆਂ ਸੀਨੀਅਰ ਪੁਲਸ ਕਪਤਾਨ ਭਗੀਰਥ ਸਿੰਘ ਮੀਨਾ ਨੇ ਕਿਹਾ ਕਿ ਪੰਜਾਬ ਪੁਲਸ ਸੂਬੇ ਚੋਂ ਗੈਰ ਕਾਨੂੰਨੀ ਨਸ਼ਿਆਂ ਦੀ ਰੋਕਥਾਮ ਲਈ ਦ੍ਰਿੜ ਸੰਕਲਪ ਤੇ ਵਚਨਬੱਧ ਹੈ। ਪ੍ਰੰਤੂ ਇਹ ਕੰਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਹੋਰ ਵੀ ਛੇਤੀ ਤੇ ਅਸਰਦਾਰ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੁਲਸ ਲੋਕਾਂ ਦੀ ਸੇਵਾਦਾਰ ਤੇ ਦੋਸਤ ਹੈ, ਇਸ ਲਈ ਲੋਕ ਬਿਨਾਂ ਕਿਸੇ ਸੰਕੋਚ ਤੋਂ ਨਸ਼ੇ ਦੇ ਸੁਦਾਗਰਾਂ ਦੀਆਂ ਗਤੀਵਿਧੀਆਂ ਪੁਲਸ ਦੇ ਧਿਆਨ ਵਿੱਚ ਲਿਆਉਣ । ਪੁਲਸ ਅਧਿਕਾਰੀ ਨੇ ਕਿਹਾ ਕਿ ਨਸ਼ਾ ਵੇਚਣ ਵਾਲੇ ਲੋਕਾਂ ਬਾਰੇ ਸੂਚਨਾ ਦੇਣ ਵਾਲੇ ਲੋਕਾਂ ਦੇ ਨਾਂ ਗੁਪਤ ਰੱਖੇ ਜਾਣਗੇ। ਐਸ. ਪੀ. ਗੁਰਸਰਨ ਸਿੰਘ ਪੁਰੇਵਾਲ ਨੇ ਕਮਿਊਨਿਟੀ ਪੁਲਸਿੰਗ ,ਟਰੈਫਿਕ ਨਿਯਮਾਂ, ਸਾਈਬਰ ਕਰਾਈਮ ਆਦਿ ਬਾਰੇ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰਨ ਅਤੇ ਸਮਾਜ ਵਿਚਲੀਆਂ ਮਾੜੀਆਂ ਅਲਾਮਤਾਂ ਅਤੇ ਕਿਰਾਏਦਾਰਾਂ ਦੀ ਜਾਣਕਾਰੀ ਦੇਣ ਸਬੰਧੀ ਪੁਲਸ ਵੱਲੋਂ ਜਾਰੀ ਕੀਤੇ ਗਏ ਸੰਪਰਕ ਨੰਬਰਾਂ ਦੀ ਵਰਤੋਂ ਕਰਨ । ਇਸ ਕੈਂਪ 'ਚ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੁਲਵੰਤ ਸਿੰਘ ਸ਼ੇਰ ਖਾਂ, ਲੇਖਕ ਨਿਰੰਜਣ ਬੋਹਾ, ਦਰਸ਼ਨ ਘਾਰੂ, ਰਾਜਵਿੰਦਰ ਸਿੰਘ ਸਵੈਚ, ਬਲਾਕ ਪ੍ਰਧਾਨ ਅਵਤਾਰ ਸਿੰਘ ਮਘਾਣੀਆਂ, ਬਲਾਕ ਪ੍ਰਧਾਨ ਹੈਰੀ ਬਰ੍ਹੇ, ਨੈਬ ਸਿੰਘ ਦਈਆ ਪ੍ਰਧਾਨ ਟਰੱਕ ਯੂਨੀਅਨ ਤੇ ਸਰਪੰਚ ਜਸਵਿੰਦਰ ਸਿੰਘ ਰਿਉਂਦ ਕਲਾਂ ਅਤੇ ਪੰਚਾਇਤ ਯੂਨੀਅਨ ਦੇ ਪ੍ਰਧਾਨ ਸਰਪੰਚ ਰਜਿੰਦਰ ਸਿੰਘ ਗੋਬਿੰਦਪੁਰਾ ਵੀ ਹਾਜ਼ਰ ਸਨ । ਥਾਣਾ ਬੋਹਾ ਦੇ ਐਸ. ਐਚ. ਓ, ਇੰਸਪੈਕਟਰ ਜਗਦੇਵ ਸਿੰਘ ਨੇ ਹਾਜ਼ਰ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਕ ਦੀ ਭੂਮਿਕਾ ਰੰਗਕਰਮੀ ਸੰਤੋਖ ਸਾਗਰ ਵੱਲੋਂ ਨਿਭਾਈ ਗਈ।

## ਜ਼ਿਲ੍ਹਾ ਪੁਲਸ ਨੇ ਸੰਪਰਕ ਪ੍ਰੋਗਰਾਮ ਤਹਿਤ ਕਰਾਈ ਪੁਲਸ-ਪਬਲਿਕ ਮੀਟਿੰਗ



**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਪੰਜਾਬ ਸਰਕਾਰ ਨੇ ਨਸ਼ਾ ਮੁਕਤ ਪੰਜਾਬ ਦੇ ਉਦੇਸ਼ ਨੂੰ ਪੂਰਾ ਕਰਨ ਲਈ ਐਂਟੀ ਡਰੱਗ ਹੈਲਪ ਲਾਇਨ 9779-100-200 ਤੇ ਵਟਸਐਪ ਚੈਟਬੋਟ ਸ਼ੁਰੂ ਕੀਤਾ ਹੈ। ਸਰਕਾਰ ਦੀ ਇਹ ਪਹਿਲ ਆਮ ਲੋਕਾਂ ਨੂੰ ਨਸ਼ਿਆਂ ਖਿਲਾਫ਼ ਜਾਗਰੂਕ ਕਰਨ ਅਤੇ ਪੁਲਸ ਦੀ ਮਦਦ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ। ਇਸ ਹੈਲਪਲਾਇਨ ਤੇ ਚੈਟਬੋਟ ਰਾਹੀਂ ਲੋਕ ਨਸ਼ਿਆਂ ਨਾਲ ਸਬੰਧਤ ਮੁੱਦਿਆਂ ਬਾਰੇ ਪੁਲਸ ਨੂੰ ਰਿਪੋਰਟ ਕਰ ਸਕਦੇ ਹਨ। ਕਿਸੇ ਕਿਸਮ ਦੀ ਮੱਦਦ ਮੰਗ ਸਕਦੇ ਹਨ ਅਤੇ ਇਲਾਜ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਹ ਸੁਵਿਧਾ ਗੁਪਤਤਾ (ਪ੍ਰਾਈਵੇਸੀ) ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤੀ ਗਈ ਹੈ ਤਾਂ ਜੁ ਲੋਕ ਬਿਨਾਂ ਕਿਸੇ ਡਰ ਤੋਂ ਆਪਣੀਆਂ ਸਮੱਸਿਆਵਾਂ ਪੁਲਸ ਨਾਲ ਸਾਂਝੀਆਂ ਕਰ ਸਕਣ।

ਇਹ ਜਾਣਕਾਰੀ ਡੀਆਈਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ ਨੇ ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਵਿੱਚ ਆਮ ਲੋਕਾਂ ਦੇ ਸਹਿਯੋਗ ਨੂੰ ਯਕੀਨੀ ਬਣਾਉਣ ਲਈ ਸ਼ੁਰੂ ਕੀਤੇ ਮਿਸ਼ਨ ਸੰਪਰਕ ਤਹਿਤ ਸਰਹਿੰਦ ਵਿਖੇ ਕਰਾਈ ਪੁਲਸ ਪਬਲਿਕ ਮੀਟਿੰਗ ਦੌਰਾਨ ਪਿੰਡਾਂ ਦੇ ਪੰਚ, ਸਰਪੰਚ ਤੇ ਹੋਰ ਮੋਹਤਬਰ ਸ਼ਖ਼ਸੀਅਤਾਂ ਨੂੰ ਸੰਬੋਧਨ ਕਰਦਿਆਂ ਦਿੱਤੀ।

## ਬਾਇਓ ਗੈਸ ਫੈਕਟਰੀ ਵਿਰੋਧੀ ਸੰਘਰਸ਼ ਤਾਲਮੇਲ ਕਮੇਟੀ ਦਾ ਵਫ਼ਦ ਡੀ ਸੀ ਨੂੰ ਮਿਲਿਆ



**ਜਗਰਾਓਂ (ਨਛੱਤਰ ਸੰਧੂ)** ਲੁਧਿਆਣਾ ਜ਼ਿਲ੍ਹੇ 'ਚ ਉਸਾਰੀ ਅਧੀਨ ਬਾਇਓ ਗੈਸ ਫ਼ੈਕਟਰੀਆਂ ਨੂੰ ਪੱਕੇ ਤੌਰ 'ਤੇ ਬੰਦ ਕਰਾਉਣ ਲਈ ਸੰਘਰਸ਼ਸ਼ੀਲ ਤਾਲਮੇਲ ਕਮੇਟੀ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦਾ ਵਫ਼ਦ ਡੀ ਸੀ ਲੁਧਿਆਣਾ ਸ਼੍ਰੀ ਜਤਿੰਦਰ ਜੋਰਾਵਲ ਨੂੰ ਉਨ੍ਹਾਂ ਦੇ ਦਫ਼ਤਰ ਮਿਲਿਆ।ਤਾਲਮੇਲ ਕਮੇਟੀ ਦੇ ਕਨਵੀਨਰ ਡਾ. ਸੁਖਦੇਵ ਸਿੰਘ ਦੀ ਅਗਵਾਈ 'ਚ ਮਿਲੇ ਵਫ਼ਦ ਨੇ ਡੀ ਸੀ ਲੁਧਿਆਣਾ ਦੇ ਧਿਆਨ 'ਚ ਲਿਆਂਦਾ ਕਿ ਐਸ ਡੀ ਐਮ ਸਮਰਾਲਾ ਮੁਸ਼ਕਾਬਾਦ ਗੈਸ ਫੈਕਟਰੀ ਵਿਰੋਧੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਆਨੇ-ਬਹਾਨੇ ਪ੍ਰੇਸ਼ਾਨ ਕਰਕੇ ਦਬਾਅ ਅਧੀਨ ਗੈਸ ਫੈਕਟਰੀ ਦੀ ਬੰਦ ਪਈ ਉਸਾਰੀ ਸ਼ੁਰੂ ਕਰਾਉਣੀ ਚਾਹੁੰਦਾ ਹੈ। ਇਸੇ ਤਰ੍ਹਾਂ ਪਿਛਲੇ ਸਮੇਂ 'ਚ ਜ਼ਿਲ੍ਹਾ ਪ੍ਰਸ਼ਾਸਨ ਨੇ ਭਾਰੀ ਪੁਲਸ ਬਲ ਤੇ ਫ਼ਾਇਰ-ਬ੍ਰਿਗੇਡ ਭੇਜ ਕੇ ਅਖਾੜਾ, ਭੂੰਦੜੀ ਤੇ ਮੁਸ਼ਕਾਬਾਦ ਵਿਖੇ ਚੱਲ ਰਹੇ ਦਿਨ-ਰਾਤ ਦੇ ਧਰਨੇ ਉਖਾੜਨ ਦੀ ਅਸਫਲ ਕੋਸ਼ਿਸ਼ ਕੀਤੀ, ਜਿਸ ਨੂੰ ਪਿੰਡਾਂ ਦੇ ਲੋਕਾਂ ਨੇ ਏਕਤਾ ਦੇ ਜ਼ੋਰ ਪਛਾੜ ਦਿੱਤਾ।ਹੁਣ ਸਾਰੇ ਹੀ ਮੋਰਚਿਆਂ ਤੇ ਇੱਕ ਵੇਰ ਫਿਰ ਰੈਲ਼ੀਆਂ ਮੁਜ਼ਾਹਰਿਆਂ ਦੇ ਕਾਮਯਾਬ ਐਕਸ਼ਨ ਕੀਤੇ ਗਏ ਹਨ। ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਤਾਲਮੇਲ ਕਮੇਟੀ ਦੇ ਆਗੂ ਕੰਵਲਜੀਤ ਖੰਨਾ ਨੇ ਦੱਸਿਆ ਕਿ ਵਫ਼ਦ ਨੇ ਡੀ ਸੀ ਲੁਧਿਆਣਾ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਨਾਲ ਚੰਡੀਗੜ੍ਹ ਵਿਖੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ 'ਚ ਤਾਲਮੇਲ ਕਮੇਟੀ ਨਾਲ ਹੋਈ। ਅੰਤਮ ਮੀਟਿੰਗ 'ਚ ਦੋਹਾਂ ਧਿਰਾਂ ਦੀ ਉੱਚ ਪੱਧਰੀ ਕਮੇਟੀ ਤਕਨੀਕੀ ਤੇ ਵਿਗਿਆਨਿਕ ਅਧਿਐਨ ਲਈ ਬਨਾਉਣ ਦਾ ਫ਼ੈਸਲਾ ਕੀਤਾ ਗਿਆ ਸੀ, ਜਿਸ ਨੂੰ ਚਾਰ ਮਹੀਨੇ ਲੰਘ ਜਾਣ ਦੇ ਬਾਵਜੂਦ ਲਾਗੂ ਨਹੀਂ ਕੀਤਾ ਗਿਆ।ਵਫ਼ਦ ਨੇ ਮੰਗ ਕੀਤੀ ਕਿ ਅਜਿਹੀ ਕਮੇਟੀ ਦਾ ਨਿਰਮਾਣ ਕਰਕੇ ਸਮਾਂਬੱਧ ਸਿੱਟਾ ਸਾਹਮਣੇ ਲਿਆਂਦਾ ਜਾਵੇ। ਵਫ਼ਦ ਨੇ ਪ੍ਰਸ਼ਾਸਨ ਤੋਂ ਸਹੀ ਤੱਥ ਪੇਸ਼ ਕਰਨ ਦੀ ਮੰਗ ਕਰਦਿਆਂ ਦੱਸਿਆ ਕਿ ਚਾਰੇ ਥਾਵਾਂ ਤੇ ਇਹ ਫ਼ੈਕਟਰੀਆਂ ਅਬਾਦੀ ਦੇ ਤਿੰਨ ਸੌ ਮੀਟਰ ਦੇ ਘੇਰੇ 'ਚ ਲਾਈਆਂ ਜਾ ਰਹੀਆਂ ਹਨ, ਪਰ ਇਸ ਤੱਥ ਨੂੰ ਸਰਕਾਰ ਕੋਰਟ 'ਚ ਪੇਸ਼ ਨਹੀ ਕਰ ਰਹੀ।ਵਫ਼ਦ ਨੇ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ 'ਚ ਇਨ੍ਹਾਂ ਫ਼ੈਕਟਰੀਆਂ ਦੀ ਉਸਾਰੀ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦਿੱਤੀ ਜਾਵੇਗੀ।ਪਿਛਲੇ ਅੱਠ ਮਹੀਨਿਆਂ ਤੋਂ ਇਹ ਦਿਨ-ਰਾਤ ਦੇ ਧਰਨੇ ਜਾਰੀ ਹਨ।ਉਨ੍ਹਾਂ ਦੱਸਿਆ ਕਿ ਲੋਕ ਸੰਘਰਸ਼ ਨੂੰ ਤੇਜ਼ ਕਰਨ ਲਈ 17 ਜਨਵਰੀ ਨੂੰ ਸਮਰਾਲਾ ਐਸ ਡੀ ਐਮ ਦਫ਼ਤਰ ਦਾ ਘਿਰਾਓ ਤੇ 19 ਜਨਵਰੀ ਨੂੰ ਬੱਗਾ ਕਲਾਂ ਵਿਖੇ ਵਿਸ਼ਾਲ ਕਾਨਫਰੰਸ ਕੀਤੀ ਜਾਵੇਗੀ।ਸਾਰੀਆਂ ਥਾਵਾਂ 'ਤੇ ਦਿਨ ਰਾਤ ਦੇ ਧਰਨੇ ਬਾਦਸਤੂਰ ਜਾਰੀ ਰਹਿਣਗੇ।

## ਮਾਘੀ ਕਾਨਫਰੰਸ ਦੇ ਇਕੱਠ ਨੇ ਸ਼੍ਰੋਮਣੀ ਅਕਾਲੀ ਦਲ 'ਚ ਲੋਕਾਂ ਦਾ ਵਿਸ਼ਵਾਸ ਦਿਖਾਇਆ : ਜਥੇਦਾਰ ਮਾਹਲਾ



**ਬਾਘਾ ਪੁਰਾਣਾ, (ਮਨੀ ਸਿੰਗਲਾ)** ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਕੌਮੀ ਆਗੂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕੀਤੀ ਗਈ ਵਿਸ਼ਾਲ ਰੈਲੀ ਨੇ ਜਿੱਥੇ ਇਤਿਹਾਸ ਰਚ ਦਿੱਤਾ, ਉਥੇ ਇਕੱਠ ਪੱਖੋਂ ਵੀ ਸਾਰੇ ਰਿਕਾਰਡ ਤੋੜ ਦਿੱਤੇ ਅਤੇ ਇਸ ਰੈਲੀ ਨੇ ਸਾਬਤ ਕਰ ਵਿਖਾਇਆ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਲੋਕਾਂ ਦਾ ਅਟੁੱਟ ਵਿਸ਼ਵਾਸ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਤੇ ਸੂਬਾ ਜਰਨਲ ਸਕੱਤਰ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕੀਤਾ।

ਉਨ੍ਹਾਂ ਕਿਹਾ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਨਿਰੋਲ ਸਰਕਾਰ ਬਣਾਏਗਾ ਤੇ ਸੂਬੇ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰੇਗਾ। ਜਥੇਦਾਰ ਮਾਹਲਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦਾ 'ਆਪ' ਸਰਕਾਰ ਤੋਂ ਮੋਹ ਭੰਗ ਹੋ ਗਿਆ ਹੈ ਅਤੇ ਅੱਜ ਹਰ ਵਰਗ ਦੁਖੀ ਹੈ, ਉਥੇ ਨਾਲ ਹੀ ਆਪ ਸਰਕਾਰ ਦੀਆਂ ਮਾਰੂ ਨੀਤੀਆਂ ਦੇ ਖਿਲਾਫ਼ ਧਰਨੇ ਲਾਉਣ ਲਈ ਮਜਬੂਰ ਹਨ ਅਤੇ ਹੁਣ ਲੋਕ ਮਹਿਸੂਸ ਕਰਨ ਲੱਗੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਹੀ ਸੂਬੇ ਦੀ ਯੋਗ ਅਗਵਾਈ ਕਰ ਸਕਦਾ ਹੈ ਤੇ ਜੋ ਵਿਕਾਸ ਅਕਾਲੀ ਦਲ ਦੀ ਸਰਕਾਰ ਵੇਲੇ ਹੋਇਆ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਇਕਜੁਟ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ।

## ਪੀ ਐੱਸ ਪੀ ਸੀ ਐੱਲ ਵੱਲੋਂ ਸਿਖਲਾਈ ਤੇ ਜਾਗਰੂਕਤਾ ਪ੍ਰੋਗਰਾਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਟੀਟੀਆਈ, ਲੈਕਚਰ ਹਾਲ, ਪੀਐਸਪੀਸੀਐਲ, ਪਟਿਆਲਾ ਵਿਖੇ ਨੂੰ ਡਿਮਾਂਡ ਸਾਈਡ ਮੈਨੇਜਮੈਂਟ ਅਤੇ ਊਰਜਾ ਕੁਸ਼ਲਤਾ 'ਤੇ ਸਿਖਲਾਈ ਅਤੇ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ। ਇਹ ਪ੍ਰੋਗਰਾਮ ਪੇਡਾ ਵੱਲੋਂ ਬੀਈਈ ਦੁਆਰਾ ਆਯੋਜਤ ਪੀਐਸਪੀਸੀਐਲ ਵਿਭਾਗ ਦੇ ਸਹਿਯੋਗ ਨਾਲ ਕਰਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਇੰਜੀ. ਇੰਦਰਜੀਤ ਸਿੰਘ ਬਾਜਵਾ, ਮੁੱਖ ਇੰਜਨੀਅਰ/ਟੀਏ ਐਂਡ ਆਈ ਨੇ ਕੀਤੀ, ਜਿਸ ਵਿੱਚ ਇੰਜੀ. ਇੰਦਰਪਾਲ ਸਿੰਘ, ਮੁੱਖ ਇੰਜਨੀਅਰ/ਈਏ ਐਂਡ ਇਨਫੋਰਸਮੈਂਟ ਮੁੱਖ ਮਹਿਮਾਨ ਸਨ। ਇੰਜੀ. ਸਲੀਮ ਮੁਹੰਮਦ, ਡਿਪਟੀ ਸੀਈ/ਡੀਐਸਐਮ, ਇੰਜੀ. ਹਰਪ੍ਰੀਤ ਰਾਜ ਸਿੰਘ ਸੰਧੂ, ਏਐਸਈ/ਡੀਐਸਐਮ, ਇੰਜੀ. ਭੁਪਿੰਦਰ ਸਿੰਘ, ਏਈਈ/ਡੀਐਸਐਮ ਅਤੇ ਇੰਜੀ. ਹੇਨਾ ਗਰਗ, ਏਈਈ/ਡੀਐਸਐਮ ਨੇ ਵੀ ਪੀਐਸਪੀਸੀਐਲ ਦੇ ਡਿਮਾਂਡ ਸਾਈਡ ਮੈਨੇਜਮੈਂਟ ਵੱਲੋਂ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।

ਪੀਐਸਪੀਸੀਐਲ ਤੇ ਪੀਐਸਟੀਸੀਐਲ ਦੇ 50+ ਭਾਗੀਦਾਰਾਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਪ੍ਰੋਗਰਾਮ ਪੇਡਾ ਚੰਡੀਗੜ੍ਹ ਵੱਲੋਂ ਡਾ. ਐਚ.ਕੇ ਸਿੰਘ ਦੁਆਰਾ ਦਿੱਤਾ ਗਿਆ। ਊਰਜਾ ਸੰਭਾਲ ਐਕਟਾਂ ਦੇ ਲਾਗੂਕਰਨ ਦੇ ਪਹਿਲੂਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।

## ਸੜਕ ਸੁਰੱਖਿਆ ਰੋਡ ਸੇਫਟੀ ਮਹੀਨੇ ਤਹਿਤ ਵਾਹਨਾਂ 'ਤੇ ਰਿਫਲੈਕਟਰ ਲਾਏ



**ਮਾਲੇਰਕੋਟਲਾ (ਅਸਗਰ ਪਰਿਹਾਰ)** ਜ਼ਿਲ੍ਹਾ ਟਰਾਂਸਪੋਰਟ ਵਿਭਾਗ ਵੱਲੋਂ ਡਿਪਟੀ ਕਮਿਸ਼ਨਰ ਡਾ. ਪੱਲਵੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੋਡ ਸੇਫਟੀ ਜਾਗਰੂਕਤਾ ਮਹੀਨੇ ਤਹਿਤ ਉਲੀਕੇ ਗਏ ਵੱਖ-ਵੱਖ ਪ੍ਰੋਗਰਾਮਾਂ ਦੌਰਾਨ ਮਾਲੇਰਕੋਟਲਾ-ਸੰਗਰੂਰ ਰੋਡ 'ਤੇ ਵਾਹਨਾਂ ਉਪਰ ਜ਼ਿਲ੍ਹਾ ਟ੍ਰੈਫ਼ਿਕ ਪੁਲਸ ਦੇ ਸਹਿਯੋਗ ਨਾਲ ਖੇਤਰੀ ਟਰਾਂਸਪੋਰਟ ਅਫ਼ਸਰ ਗੁਰਮੀਤ ਕੁਮਾਰ ਬਾਂਸਲ ਨੇ ਰਿਫ਼ਲੈਕਟਰ ਲਗਾਏ। ਇਸ ਮੌਕੇ ਮਾਲੇਰਕੋਟਲਾ ਟ੍ਰੈਫਿਕ ਇੰਚਾਰਜ ਬਲਵੀਰ ਸਿੰਘ, ਸੀ.ਟੀ.ਯੂਨੀਵਰਸਿਟੀ ਤੋਂ ਆਸਿਫ ਹੁਸੈਨ ਤੋਂ ਇਲਾਵਾ ਹੋਰ ਵਿਭਾਗੀ ਅਧਿਕਾਰੀ ਮੌਜੂਦ ਸਨ। ਖੇਤਰੀ ਟਰਾਂਸਪੋਰਟ ਅਫ਼ਸਰ ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਰਾਸ਼ਟਰੀ ਸੁਰੱਖਿਆ ਮਹੀਨਾ-2025 ਤਹਿਤ ਮਾਲੇਰਕੋਟਲਾ ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਮੁਹਿੰਮ ਚਲਾਈ ਗਈ। ਮਹੀਨਾ ਜਨਵਰੀ 2025 ਦੌਰਾਨ ਇਸ ਮੁਹਿੰਮ ਤਹਿਤ ਵੱਖ-ਵੱਖ ਥਾਵਾਂ 'ਤੇ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਕਰੀਬ 89 ਵਾਹਨ ਚਾਲਕਾਂ ਦੇ 21 ਲੱਖ 30 ਹਜ਼ਾਰ ਰੁਪਏ ਦੇ ਚਲਾਨ ਟਰਾਂਸਪੋਰਟ ਤੇ ਪੁਲਸ ਵਿਭਾਗ ਵੱਲੋਂ ਕੀਤੇ ਗਏ ਹਨ।

ਗੁਰਮੀਤ ਕੁਮਾਰ ਬਾਂਸਲ ਨੇ ਕਿਹਾ ਕਿ ਆਮ ਲੋਕਾਂ ਨੂੰ ਸੜਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਤੇ ਸੜਕੀ ਹਦਾਸਿਆਂ ਨੂੰ ਠੱਲ੍ਹ ਪਾਉਣ ਦੇ ਮੰਤਵ ਨਾਲ ਰੋਡ ਸੇਫਟੀ ਜਾਗਰੂਕਤਾ ਮਹੀਨੇ ਦੀ ਸ਼ੁਰੂਆਤ ਕੀਤੀ ਗਈ ਹੈ। ਰਾਸ਼ਟਰੀ ਸੁਰੱਖਿਆ ਮਹੀਨਾ ਤਹਿਤ ਸਾਡਾ ਉਦੇਸ਼ ਸੜਕ 'ਤੇ ਸੁਰੱਖਿਆ ਦੇ ਮਹੱਤਵ ਨੂੰ ਕੇਂਦਰਤ ਕਰਨਾ ਅਤੇ ਲੋਕਾਂ ਨੂੰ ਆਵਾਜਾਈ ਨਿਯਮਾਂ ਪ੍ਰਤੀ ਜਾਗਰੂਕ ਕਰਨਾ ਹੈ। ਆਵਾਜਾਈ ਨਿਯਮਾਂ ਦੀ ਪਾਲਣਾ ਨਾ ਕੇਵਲ ਚਾਲਕਾਂ ਦੀ ਸੁਰੱਖਿਆ ਯਕੀਨੀ ਬਣਾਉਂਦਾ ਹੈ, ਬਲਕਿ ਹੋਰ ਰਾਹੀਗਰਾਂ ਦੀ ਜਾਨ-ਮਾਲ ਦੀ ਸੁਰੱਖਿਆ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਮੁਹਿੰਮ ਦੌਰਾਨ ਡਰਾਈਵਰਾਂ ਨੂੰ ਸਮਝਾਇਆ ਗਿਆ ਕਿ ਧੁੰਦ ਦੇ ਮੌਸਮ ਵਿੱਚ ਵਾਹਨ ਚਲਾਉਂਦੇ ਸਮੇਂ ਵਿਸ਼ੇਸ਼ ਸਾਵਧਾਨੀ ਵਰਤਣ ਅਤੇ ਯਕੀਨੀ ਬਣਾਉਣ ਕਿ ਵਾਹਨਾਂ ਦੀਆਂ ਲਾਈਟਾਂ ਤੇ ਰਿਫਲੈਕਟਰ ਸਹੀ ਢੰਗ ਨਾਲ ਕੰਮ ਕਰ ਰਹੇ ਹੋਣ। ਦੁਰਘਟਨਾਵਾਂ ਨੂੰ ਰੋਕਣ ਅਤੇ ਆਵਾਜਾਈ ਨਿਯਮਾਂ ਦੀ ਪਾਲਣਾ ਕਰਾਉਣ ਲਈ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

## ਸਰਕਾਰੀ ਸਕੂਲ ਕੋਟਲਾ ਸਮਸਪੁਰ ਦੀਆਂ ਵਿਦਿਆਰਥਣਾਂ ਨੇ ਜਿੱਤੇ ਸੋਨ ਤਗਮੇ




**ਸਮਰਾਲਾ, (ਸੁਰਜੀਤ ਸਿੰਘ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ 'ਰਾਣੀ ਲਕਸ਼ਮੀਬਾਈ ਆਤਮ ਰਕਸ਼ਾ ਪਰਸਕਿਸਨ' ਪ੍ਰਤੀਯੋਗਤਾ ਤਹਿਤ ਬਲਾਕ ਪੱਧਰੀ ਕਰਾਟਾ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਸਰਕਾਰੀ ਹਾਈ ਸਕੂਲ ਕੋਟਲਾ ਸਮਸਪੁਰ ਦੀਆਂ ਦੋ ਵਿਦਿਆਰਥਣਾਂ ਗੁੜੀਆ ਕੁਮਾਰੀ ਤੇ ਮੁਸਕਾਨ ਕੁਮਾਰੀ ਨੇ ਕ੍ਰਮਵਾਰ 50 ਕਿਲੋ ਅਤੇ 35 ਕਿਲੋ ਵਰਗ ਵਿੱਚ ਭਾਗ ਲਿਆ। ਦੋਵੇਂ ਵਿਦਿਆਰਥਣਾਂ ਨੇ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਜਿੱਤਿਆ। ਇਸ ਨਾਲ ਸਰਕਾਰੀ ਹਾਈ ਸਕੂਲ ਕੋਟਲਾ ਸਮਸਪੁਰ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ। ਵਿਦਿਆਰਥਣਾਂ ਦਾ ਸਕੂਲ ਵਿੱਚ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ। ਕਾਰਜਕਾਰੀ ਮੁੱਖ ਅਧਿਆਪਕ ਰੁਪਿੰਦਰਪਾਲ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਖੇਡਾਂ ਮਨੁੱਖ ਦਾ ਸਰਵਪੱਖੀ ਵਿਕਾਸ ਕਰਦੀਆਂ ਹਨ। ਇੱਕ ਸਿਹਤਮੰਦ ਵਿਦਿਆਰਥੀ ਪੜ੍ਹਾਈ ਵਿੱਚ ਵੀ ਵਧੀਆ ਪ੍ਰਦਰਸ਼ਨ ਕਰ ਸਕਦਾ ਹੈ ਅਤੇ ਉੱਚ ਪੱਧਰੀ ਗ੍ਰੇਡ ਵੀ ਪ੍ਰਾਪਤ ਕਰ ਸਕਦਾ ਹੈ। ਇੱਥੋਂ ਤੱਕ ਕਿ ਖੇਡਾਂ ਵਿੱਚ ਪੁਜ਼ੀਸ਼ਨ ਲੈ ਕੇ ਉਨ੍ਹਾਂ ਦੇ ਅੰਕ ਵੀ ਉਚੇਰੀ ਪੜ੍ਹਾਈ ਲਈ ਗਿਣੇ ਜਾਂਦੇ ਹਨ ਤੇ ਉਹ ਚੰਗਾ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ।

## 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਤ ਖੂਨਦਾਨ ਕੈਂਪ ਲਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਇਤਿਹਾਸਕ ਗੁਰਦੁਆਰਾ ਨਾਨਕਸਰ ਤਖਤੂਪੁਰਾ ਸਾਹਿਬ ਵਿਖੇ ਮਾਘੀ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਤ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 780ਵਾਂ ਮਹਾਨ ਖੂਨਦਾਨ ਕੈਂਪ ਗੁਰਦੁਆਰਾ ਤਖਤੂਪੁਰਾ ਸਾਹਿਬ ਜੀ ਦੇ ਰਸੀਵਰ ਪ੍ਰਤਾਪ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਗੁਰਦੁਆਰਾ ਤਖਤੂਪੁਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਲਾਇਆ ਗਿਆ।

ਖੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਮੈਨੇਜਰ ਦਿਲਬਾਗ ਸਿੰਘ ਬਾਠ ਨੇ ਕਿਹਾ ਕਿ ਖਿਦਰਾਣੇ ਦੀ ਢਾਬ ਤੇ ਜੰਗ ਦੌਰਾਨ 40 ਮੁਕਤਿਆਂ ਨੇ ਧਰਮ ਦੀ ਰੱਖਿਆ ਲਈ ਆਪਣਾ ਖੂਨ ਡੋਲ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਚਾਲੀ ਮੁਕਤਿਆਂ ਦਾ ਬੇਦਾਵਾ ਭਾਈ ਮਹਾਂ ਸਿੰਘ ਤੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਪ੍ਰਾਪਤ ਕਰਕੇ ਪਾੜਿਆ ਅਤੇ ਜੂਨਾਂ ਤੋਂ ਮੁਕਤ ਕੀਤਾ। ਮੈਨੇਜਰ ਦਿਲਬਾਗ ਸਿੰਘ ਬਾਠ ਨੇ ਚਾਲੀ ਮੁਕਤਿਆਂ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ 'ਤੇ ਖੂਨਦਾਨ ਕਰਨ ਤੇ ਸ਼ਹੀਦਾਂ ਨੂੰ ਨਤਮਸਤਕ ਹੋਣ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ ਤੇ ਸ਼ਲਾਘਾ ਕਰਦਿਆਂ ਕਿਹਾ ਕਿ ਲੋੜਵੰਦ ਮਰੀਜ਼ਾਂ ਲਈ ਖੂਨਦਾਨ ਕਰਨਾ ਪ੍ਰਮਾਤਮਾ ਦੀ ਸੱਚੀ ਸੇਵਾ ਹੈ । ਇਸ ਮੌਕੇ ਸਵਰਨ ਸਿੰਘ ਗੀਡਰ ਡੀ.ਐਸ.ਪੀ ਨਿਹਾਲ ਸਿੰਘ ਵਾਲਾ ਤੇ ਪ੍ਰਤਾਪ ਸਿੰਘ ਇੰਸਪੈਕਟਰ ਨੇ 100 ਖੂਨਦਾਨੀਆ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਜਥੇ. ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਨੇ ਦੱਸਿਆ ਖੂਨਦਾਨ ਕੈਂਪ ਸਿਵਲ ਹਸਪਤਾਲ ਤੇ ਮਿਤਲ ਹਸਪਤਾਲ ਦੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ।

## ਟਮਾਟਰ ਦੀਆਂ ਬਿਮਾਰੀਆਂ ਦੀ ਰੋਕਥਾਮ ਸੰਬੰਧੀ ਕੇਵੀਕੇ ਨੇ ਕਿਸਾਨਾਂ ਨੂੰ ਦਿੱਤੀ ਜਾਣਕਾਰੀ



**ਸਨੌਰ/ਪਟਿਆਲਾ, (ਰਾਜਿੰਦਰ ਸਿੰਘ ਥਿੰਦ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਪਿੰਡ ਅਸਰਪੁਰ ਵਿਖੇ ਟਮਾਟਰ ਦੀ ਫ਼ਸਲ ਦੀਆਂ ਬਿਮਾਰੀਆਂ ਦੀ ਰੋਕਥਾਮ ਦੀਆਂ ਤਕਨੀਕਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣ ਲਈ ਖੇਤ ਦਿਵਸ ਮਨਾਇਆ ਗਿਆ। ਇਸ ਖੇਤ ਦਿਵਸ ਵਿੱਚ ਪਿੰਡ ਅਸਰਪੁਰ, ਜੋਗੀਪੁਰ, ਫ਼ਤਿਹਪੁਰ, ਕਰਤਾਰਪੁਰ ਤੇ ਪੂਨੀਆ ਦੇ ਤਕਰੀਬਨ 80 ਕਿਸਾਨਾਂ ਵੱਲੋਂ ਸ਼ਿਰਕਤ ਕੀਤੀ ਗਈ।ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਨੇ ਆਏ ਹੋਏ ਕਿਸਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਕੇ.ਵੀ.ਕੇ. ਦੀਆਂ ਵੱਖ-ਵੱਖ ਗਤੀਵਿਧੀਆਂ ਕਿੱਤਾ-ਮੁਖੀ ਸਿਖਲਾਈ ਪ੍ਰੋਗਰਾਮ ਅਤੇ ਕਿਸਾਨ ਮੇਲਿਆਂ ਬਾਰੇ ਜਾਣਕਾਰੀ ਦਿੱਤੀ। ਪੀ.ਏ.ਯੂ. ਤੋਂ ਆਏ ਪ੍ਰਿੰਸੀਪਲ ਸਬਜ਼ੀ ਬਰੀਡਰ ਡਾ. ਸ਼ੈਲੇਸ਼ ਜਿੰਦਲ ਨੇ ਕਿਸਾਨਾਂ ਨੂੰ ਪੀ.ਏ.ਯੂ. ਵੱਲੋਂ ਵਿਕਤਿ ਕੀਤੀਆਂ ਟਮਾਟਰ ਦੀਆਂ ਸੁਧਰੀਆਂ ਕਿਸਮਾਂ ਨੂੰ ਅਪਣਾਉਣ ਦਾ ਸੱਦਾ ਦਿੱਤਾ ਤੇ ਟਮਾਟਰ ਦੀ ਫ਼ਸਲ ਦੇ ਉਤਪਾਦਨ ਦੀਆਂ ਵਿਗਿਆਨਕ ਸਿਫ਼ਾਰਸ਼ਾਂ ਬਾਰੇ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਡਾ. ਸੰਦੀਪ ਜੈਨ ਨੇ ਟਮਾਟਰ ਦੀ ਫ਼ਸਲ ਨੂੰ ਪੈਣ ਵਾਲੀ ਗੰਭੀਰ ਬਿਮਾਰੀ ਪਿਛੇਤੇ ਝੁਲਸ ਰੋਗ ਤੋਂ ਬਚਣ ਲਈ ਸਰਵਪੱਖੀ ਰੋਕਥਾਮ ਦੇ ਉਪਰਾਲੇ ਅਪਣਾਉਣ ਲਈ ਪ੍ਰੇਰਿਤ ਕੀਤਾ। ਪ੍ਰੋਫੈਸਰ ਡਾ. ਗੁਰਉਪਦੇਸ਼ ਕੌਰ ਨੇ ਪੌਸ਼ਟਿਕ ਖੁਰਾਕ ਪ੍ਰਬੰਧ ਬਾਰੇ ਜਾਣਕਾਰੀ ਦਿੱਤੀ।

## ਨਾਮਧਾਰੀ ਸੰਪਰਦਾ ਤੇ ਗੁਰੂਆਂ ਵੱਲੋਂ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ : ਮੁੰਡੀਆਂ



**ਮਾਲੇਰਕੋਟਲਾ, (ਅਸਗਰ ਪਰਿਹਾਰ)** ਦੇਸ਼ ਦੀ ਆਜ਼ਾਦੀ, ਧਰਮ ਤੇ ਗਊ ਰੱਖਿਆ ਲਈ ਨਾਮਧਾਰੀ ਸੰਪਰਦਾ ਦੇ ਆਗੂਆਂ ਅਤੇ ਪੈਰੋਕਾਰਾਂ ਨੇ ਬਹੁਤ ਹੀ ਦਲੇਰੀ ਤੇ ਤਿਆਗ ਦੀ ਭਾਵਨਾ ਨਾਲ ਮਿਸਾਲੀ ਕੰਮ ਕੀਤਾ।ਇਸ ਸੰਪਰਦਾ ਦੀ ਦਲੇਰੀ ਅਤੇ ਤਿਆਗ ਦੀਆਂ ਉਦਾਹਰਨਾਂ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀਆਂ।ਇਹ ਵਿਚਾਰ ਸ਼੍ਰੀ ਅਮਨ ਅਰੋੜਾ ਕੈਬਨਿਟ ਮੰਤਰੀ ਨੇ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ 66 ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਸੰਬੰਧੀ ਮਨਾਏ ਗਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਤੋਂ ਇਲਾਵਾ ਪੰਜਾਬ ਦੇ ਮਾਲ ਤੇ ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਬਾਰੇ ਵਿਭਾਗਾਂ ਦੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਹਰਦੀਪ ਸਿੰਘ ਮੁੰਡੀਆਂ ਨੇ ਵੀ ਸੰਬੋਧਨ ਕੀਤਾ।

ਸ਼੍ਰੀ ਅਰੋੜਾ ਨੇ ਕਿਹਾ ਕਿ ਇਹ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਨ੍ਹਾਂ ਗੁਰੂਆਂ ਵੱਲੋਂ ਦਰਸਾਏ ਹੋਏ ਅਹਿੰਸਾ ਦੇ ਰਸਤੇ 'ਤੇ ਚੱਲਦਿਆਂ ਅੰਗਰੇਜ਼ਾਂ ਦਾ ਤੇ ਉਨ੍ਹਾਂ ਵੱਲੋਂ ਦਿੱਤੀਆਂ ਜਾਂਦੀਆਂ ਸੁੱਖ ਸਹੂਲਤਾਂ ਦਾ ਮੁਕੰਮਲ ਬਾਈਕਾਟ ਕੀਤਾ।ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਗਏ ਨਾ ਮਿਲਵਰਤਨ ਅੰਦੋਲਨ ਤੇ ਨਾ ਫੁਰਮਾਨੀ ਅੰਦੋਲਨ ਨੂੰ ਬਾਅਦ ਵਿੱਚ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਅਪਣਾਉਣ ਨੂੰ ਪਹਿਲ ਦਿੱਤੀ। ਇਤਿਹਾਸ ਗਵਾਹ ਹੈ ਕਿ ਦੇਸ਼ ਦੀ ਅਜ਼ਾਦੀ ਦਾ ਅਸਲ ਮੁੱਢ ਕੂਕਿਆਂ ਵੱਲੋਂ ਮਲੇਰਕੋਟਲਾ ਦੀ ਪਵਿੱਤਰ ਧਰਤੀ ਤੋਂ ਬੱਝਿਆ ਗਿਆ ਸੀ। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਨਾਮਧਾਰੀ ਸੰਪਰਦਾ ਨੂੰ ਸਾਦਗੀ, ਸੱਚਾਈ ਤੇ ਨਿਮਰਤਾ ਦਾ ਸੋਮਾ ਦੱਸਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਸਾਨੂੰ ਇਸ ਸੰਪਰਦਾ ਤੇ ਗੁਰੂਆਂ ਵੱਲੋਂ ਦਰਸਾਏ ਹੋਏ ਮਾਰਗ 'ਤੇ ਚੱਲਦੇ ਹੋਏ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਜੋ ਹੁਕਮ ਜਾਂ ਸੇਵਾ ਲਾਈ ਜਾਵੇਗੀ, ਉਹ ਸਿਰ ਨਿਵਾ ਕੇ ਪੂਰੀ ਕੀਤੀ ਜਾਵੇਗੀ।ਮੁੰਡੀਆਂ ਨੇ ਐਲਾਨ ਕੀਤਾ ਕਿ ਨਾਮਧਾਰੀ ਸਮਾਰਕ ਨਾਲ ਜੁੜੀ ਸੰਗਤ ਦੀ ਧਾਰਮਿਕ ਆਸਥਾ ਨੂੰ ਧਿਆਨ ਵਿੱਚ ਰੱਖਦਿਆਂ ਜਲਦ ਹੀ ਸ਼੍ਰੀ ਭੈਣੀ ਸਾਹਿਬ- ਪਿੰਡ ਰਾਈਆਂ ਸੜਕ ਨੂੰ ਨਵੇਂ ਸਿਰੇ ਤੋਂ ਬਣਵਾਇਆ ਜਾਵੇਗਾ।

ਸਮਾਗਮ ਦੌਰਾਨ ਮੌਜੂਦਾ ਗੱਦੀਨਸ਼ੀਨ ਨਾਮਧਾਰੀ ਉਦੇ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ, ਸਮੂਹ ਗੁਰੂ ਸਾਹਿਬਾਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੱਸੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੰਦਿਆਂ ਸੰਗਤ ਨੂੰ ਗੁਰੂ ਨਾਲ ਜੁੜ ਕੇ ਧਰਮ ਅਤੇ ਦੇਸ਼ ਦੀ ਤਰੱਕੀ ਲਈ ਕੰਮ ਕਰਨ ਦਾ ਸੱਦਾ ਦਿੱਤਾ। ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਹਲਕਾ ਅਮਰਗੜ੍ਹ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਵੀ ਸੰਬੋਧਨ ਕੀਤਾ।

# ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਯਾਦ 'ਚ ਕਰਵਾਇਆ ਸਮਾਗਮ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ,ਪ੍ਰਦੀਪ ਲੋਹਗੜ੍ਹ)**- ਇਤਿਹਾਸਿਕ ਪਿੰਡ ਠੀਕਰੀਵਾਲਾ ਵਿਖੇ ਪਰਜਾ ਮੰਡਲ ਲਹਿਰ ਦੇ ਬਾਨੀ ਅਮਰ ਸ਼ਹੀਦ ਸ: ਸੇਵਾ ਸਿੰਘ ਠੀਕਰੀਵਾਲਾ ਦੀ ਯਾਦ ਵਿੱਚ ਸਾਲਾਨਾ ਬਰਸੀ ਸਮਾਗਮ ਦੀ ਅਰੰਭਤਾ ਸਮੇਂ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ, ਜਿਸ ਦਾ ਪਿੰਡ ਵਾਸੀਆਂ, ਮੋਹਤਬਰਾਂ ਵਲੋਂ ਥਾਂ-ਥਾਂ ਭਰਵਾਂ ਸਵਾਗਤ ਕਰਦਿਆ ਪੰਜ ਪਿਆਰਿਆਂ, ਵੱਖ-ਵੱਖ ਆਗੂਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਹਜ਼ੂਰੀ ਰਾਗੀ ਭਾਈ ਮਹਿੰਦਰ ਸਿੰਘ, ਗਿਆਨੀ ਪਰਮਿੰਦਰ ਸਿੰਘ, ਗਿ: ਮਹਿੰਦਰ ਸਿੰਘ, ਗਿ: ਜੋਗਿੰਦਰ ਸਿੰਘ ਦੇ ਜਥੇ ਨੇ ਰਸਭਿੰਨਾਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਕਮੇਟੀ ਪ੍ਰਧਾਨ ਭਾਈ ਜਗਸੀਰ ਸਿੰਘ, ਸਰਪੰਚ ਕਿਰਨਜੀਤ ਸਿੰਘ, ਸਕੱਤਰ ਹਰਪਾਲ ਸਿੰਘ ਨੇ ਮਹਾਨ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਿੱਜਦਾ ਕਰਦਿਆ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਜੀਵਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਇੰਟਰਨੈਸਨਲ ਗੋਲਡ ਮੈਡਲਿਸਟ ਢਾਡੀ ਕੁੰਢਾ ਸਿੰਘ ਜੋਸ਼, ਢਾਡੀ ਸੁਖਪਾਲ ਸਿੰਘ ਸਪੈਸ਼ਲ, ਬੀਬੀਆਂ ਦੇ ਢਾਡੀ ਜਥੇ ਨੇ ਸੂਰਮਿਆ ਦੀਆਂ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਕੁਰਬਾਨੀਆਂ ਭਰੇ ਸਿੱਖ ਇਤਿਹਾਸ ਤੋ ਸੇਧ ਦੀ ਅਪੀਲ ਕੀਤੀ । ਇਸ ਮੌਕੇ ਗੁਰਪ੍ਰੀਤ ਹੋਲੀ ਹਾਰਟ ਸਕੂਲ ਮਹਿਲ ਕਲਾਂ ਦੇ ਵਿਦਿਆਰਥੀਆਂ, ਭਾਈ ਘਨੱਈਆ ਸੁਖਮਨੀ ਸਾਹਿਬ ਸੁਸਾਇਟੀ, ਨੌਜਵਾਨ ਸਭਾ, ਐਵਰਗਰੀਨ ਕਲੱਬ, ਸਭਾ ਵਾਲਾ ਵਾਲੀਬਾਲ ਕਲੱਬ ਦੇ ਨੌਜਵਾਨਾਂ ਨੇ ਸੇਵਾ ਭਾਵਨਾ ਨਾਲ ਜਿੰਮੇਵਾਰੀ ਨਿਭਾਈ । ਗੱਤਕਾ ਕਲੱਬ ਦੇ ਸੇਵਾਦਾਰਾਂ ਨੇ ਗੱਤਕੇ ਦੇ ਜੌਹਰ ਵਿਖਾਏ । ਇਸ ਮੌਕੇ ਐਮ ਡੀ ਹੋਲੀ ਹਾਰਟ ਸਕੂਲ ਸੁਸ਼ੀਲ ਗੋਇਲ, ਸੈਕਟਰੀ ਸੁਰਿੰਦਰ ਸਿੰਘ ਔਜਲਾ, ਖਜਾਨਚੀ ਪਰਮਜੀਤ ਸਿੰਘ, ਮੀਤ ਪ੍ਰਧਾਨ ਰਾਮ ਸਿੰਘ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ, ਬਲਵਿੰਦਰ ਸਿੰਘ ਵਜੀਦਕੇ, ਮੰਗਲ ਸਿੰਘ ਠੀਕਰੀਵਾਲਾ, ਹਰਬੰਸ ਸਿੰਘ, ਮੰਦਰ ਸਿੰਘ, ਗੁਰਜੰਟ ਸਿੰਘ, ਮਨਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਮੇਲ ਸਿੰਘ, ਐਸ ਐਚ ਓ ਸ਼ੇਰਵਿੰਦਰ ਸਿੰਘ, ਸੁਰਜੀਤ ਸਿੰਘ ਦਿਹੜ, ਗੁਰਦਿਆਲ ਸਿੰਘ ਮਾਨ, ਜਸਪ੍ਰੀਤ ਹੈਪੀ ਠੀਕਰੀਵਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ।

# ਸੂਬਾਈ ਕਨਵੈਨਸ਼ਨ ਨੇ ਵਿਸ਼ਾਲ ਜਮਹੂਰੀ ਲਹਿਰ ਖੜ੍ਹੀ ਕਰਨ ਦਾ ਦਿੱਤਾ ਸੱਦਾ

## ਆਦਿਵਾਸੀਆਂ ਦੀ ਨਸਲਕੁਸ਼ੀ ਗਿਣੀਮਿਥੀ ਸਾਜ਼ਿਸ਼ : ਐਡਵੋਕੇਟ ਭਾਟੀਆ



**ਬਰਨਾਲਾ, (ਰਜਿੰਦਰ ਬਰਾੜ):** ਓਪਰੇਸ਼ਨ ਗਰੀਨ ਹੰਟ ਵਿਰੋਧੀ ਜ਼ਮਹੂਰੀ ਫਰੰਟ ਪੰਜਾਬ ਵੱਲੋਂ ਅੱਜ ਇੱਥੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਜ਼ਬਰ ਵਿਰੁੱਧ ਸੂਬਾਈ ਕਨਵੈਨਸ਼ਨ ਕੀਤੀ ਗਈ, ਜਿਸ ਦੀ ਪ੍ਰਧਾਨਗੀ ਆਦਿਵਾਸੀ ਹੱਕਾਂ ਦੀ ਉੱਘੀ ਝੰਡਾਬਰਦਾਰ ਅਤੇ ਖੋਜਕਾਰ ਬੇਲਾ ਭਾਟੀਆ, ਜ਼ਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ, ਜਮਹੂਰੀ ਸ਼ਖ਼ਸੀਅਤਾਂ ਡਾ. ਪਰਮਿੰਦਰ, ਬੂਟਾ ਸਿੰਘ ਮਹਿਮੂਦਪੁਰ ਅਤੇ ਪ੍ਰੋਫੈਸਰ ਏ.ਕੇ. ਮਲੇਰੀ ਨੇ ਕੀਤੀ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾਵਾਂ ਨੇ ਕਿਹਾ ਕਿ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਚਲਾਏ ਜਾ ਰਹੇ ਰਾਜਕੀ ਦਹਿਸ਼ਤਵਾਦ ਪਿੱਛੇ ਕੰਮ ਕਰਦੇ ਕਾਰਪੋਰੇਟ-ਹਿੰਦੂਤਵ ਗੱਠਜੋੜ ਦੇ ਅਸਲ ਮਨੋਰਥ ਨੂੰ ਸਮਝਣ ਦੀ ਲੋੜ ਹੈ। ਆਦਿਵਾਸੀ ਇਲਾਕਿਆਂ ਵਿਚ ਕਾਨੂੰਨ ਦੇ ਰਾਜ ਦੇ ਨਾਂ ਹੇਠ ਜੰਗੀ ਪੱਧਰ 'ਤੇ ਨੀਮ-ਫ਼ੌਜੀ ਤਾਕਤਾਂ ਦੀ ਤਾਇਨਾਤੀ ਵਡਮੁੱਲੇ ਕੁਦਰਤੀ ਵਸੀਲੇ ਹਥਿਆਉਣ ਅਤੇ ਆਦਿਵਾਸੀਆਂ ਦੀ ਜਲ-ਜੰਗਲ-ਜ਼ਮੀਨ ਦੀ ਰਾਖੀ ਲਈ ਸੰਘਰਸ਼ ਨੂੰ ਕੁਚਲਣ ਲਈ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਆਦਿਵਾਸੀ ਤੇ ਹੋਰ ਭਾਰਤੀ ਲੋਕਾਂ ਲਈ ਸਭ ਤੋਂ ਵੱਡਾ ਖ਼ਤਰਾ ਭਾਰਤੀ ਰਾਜ ਅਤੇ ਇਸ ਦੀਆਂ ਦੇਸੀ-ਬਦੇਸ਼ੀ ਕਾਰਪੋਰੇਟ ਸਰਮਾਏਦਾਰਾਂ ਪੱਖੀ ਨੀਤੀਆਂ ਹਨ। ਕਾਰਪੋਰੇਟ ਗ਼ਲਬੇ ਦਾ ਰਾਹ ਪੱਧਰਾ ਕਰਨ ਲਈ ਉਹ ਕਾਨੂੰਨ ਵੀ ਖ਼ਤਮ ਕੀਤੇ ਜਾ ਰਹੇ ਹਨ, ਜੋ ਜੰਗਲ ਉੱਪਰ ਆਦਿਵਾਸੀਆਂ ਦੇ ਕੁਦਰਤੀ ਹੱਕ ਨੂੰ ਮਾਨਤਾ ਦਿੰਦੇ ਸਨ। ਸਰਕਾਰਾਂ ਆਪਣੇ ਹੀ ਬਣਾਏ ਕਾਨੂੰਨਾਂ ਦੀਆਂ ਧੱਜੀਆਂ ਉਡਾਕੇ ਚਲਾਕੀ, ਧੋਖਾਧੜੀ ਅਤੇ ਜਾਬਰ ਰਾਜ ਮਸ਼ੀਨਰੀ ਦੇ ਜ਼ੋਰ ਜ਼ਮੀਨਾਂ ਹਥਿਆ ਰਹੀਆਂ ਹਨ। ਜਦਕਿ ਇਸ ਧੱਕੇਸ਼ਾਹੀ ਵਿਰੁੱਧ ਆਦਿਵਾਸੀਆਂ ਦੇ ਜਮਹੂਰੀ ਵਿਰੋਧ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਸਰਕਾਰੀ ਤੇ ਗ਼ੈਰਸਰਕਾਰੀ ਗਰੋਹਾਂ ਰਾਹੀਂ ਕੁਚਲ ਰਹੀਆਂ ਹਨ। ਕਨਵੈਨਸ਼ਨ ਨੂੰ ਡਾ. ਪਰਮਿੰਦਰ, ਪ੍ਰੋਫੈਸਰ ਏ ਕੇ ਮਲੇਰੀ ਨੇ ਵੀ ਸੰਬੋਧਨ ਕੀਤਾ। ਦੋਵੇਂ ਮੁੱਖ ਵਕਤਾਵਾਂ ਨੂੰ ਸ਼ਹੀਦ ਭਗਤ ਸਿੰਘ ਦੀ ਇਤਿਹਾਸਕ ਤਸਵੀਰ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਕਨਵੈਨਸ਼ਨ ਵਿਚ ਸਰਵਸੰਮਤੀ ਨਾਲ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਨਕਸਲੀਆਂ ਅਤੇ ਆਦਿਵਾਸੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਦੀ ਨੀਤੀ ਬੰਦ ਕੀਤੀ ਜਾਵ, ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਤੇ ਰਾਜਨੀਤਕ ਕਾਰਕੁੰਨਾਂ ਨੂੰ ਰਿਹਾਅ ਕੀਤਾ ਜਾਵੇ।

# ਵਿਦਿਆਰਥੀਆਂ ਨੂੰ ਦਿੱਤੀ ਕੈਰੀਅਰ ਗਾਈਡਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਸੀ.ਬੀ. ਐਸ. ਈ. ਦਿੱਲੀ ਨਾਲ ਐਫੀਲੀਏਟਿਡ ਮਾਊਂਟ ਲਿਟਰਾ ਜ਼ੀ ਸਕੂਲ, ਰਾਮਪੁਰਾ ਵਿਖੇ ਬੱਚਿਆਂ ਵਿੱਚ ਨਵਾਂ ਉਤਸ਼ਾਹ ਤੇ ਨਵੀਂ ਚੇਤਨਾ ਲਿਆਉਣ ਲਈ ਹਰ ਰੋਜ਼ ਕੋਈ ਨਾ ਕੋਈ ਗਤੀਵਿਧੀ ਕਰਾਈ ਜਾਂਦੀ ਹੈ ਤਾਂ ਜੁ ਬੱਚਿਆਂ ਵਿੱਚ ਛੁਪੀ ਹੋਈ ਕਾਬਲੀਅਤ ਨੂੰ ਸਾਹਮਣੇ ਲਿਆਂਦਾ ਜਾ ਸਕੇ ਤੇ ਉਹ ਜੀਵਨ ਦੇ ਮਾਰਗ 'ਤੇ ਅੱਗੇ ਵਧ ਸਕਣ। ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੈਰੀਅਰ ਲਈ ਸੇਧ ਦੇਣ ਵਾਸਤੇ ਸਕੂਲ ਵੱਲੋਂ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕੈਰੀਅਰ ਕੌਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ।ਸੈਸ਼ਨ ਵਿੱਚ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਪ੍ਰਤੀਕ ਜਾਮਵਾਲ ਉਚੇਚੇ ਤੌਰ 'ਤੇ ਪਹੁੰਚੇ।ਪ੍ਰਤੀਕ ਜਾਮਵਾਲ, ਜੋ ਕੇਆਈਪੀਐਸ ਪ੍ਰਕਾਸ਼ਨ ਘਰ ਵਿੱਚ ਉਤਪਾਦ ਪ੍ਰਬੰਧਕ ਹਨ ਤੇ ਉਨ੍ਹਾਂ ਕੋਲ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਕਾਊਂਸਲਿੰਗ ਦਾ ਤਜਰਬਾ ਹੈ।ਉਹ ਇੱਕ ਆਈ ਸੀ ਸੀ ਸੀ ਪ੍ਰਮਾਣਿਤ ਕੋਚ ਅਤੇ ਸਾਈਬਰ ਸੁਰੱਖਿਆ ਵਿੱਚ ਪ੍ਰਮਾਣਿਤ ਹਨ।ਸੈਸ਼ਨ ਵਿੱਚ ਉਨ੍ਹਾਂ ਨੇ ਕੈਰੀਅਰ ਗਾਈਡੈਂਸ ਲਈ ਸੰਬੋਧਨ ਕੀਤਾ।ਵਿਦਿਆਰਥੀਆਂ ਲਈ ਉਪਲਬਧ ਵੱਖ-ਵੱਖ ਕੈਰੀਅਰ ਵਿਕਲਪਾਂ ਨੂੰ ਸਮਝਣ ਵਿੱਚ ਉਨ੍ਹਾਂ ਦੀ ਮਦਦ ਕੀਤੀ। ਉਨ੍ਹਾਂ ਡਿਜ਼ੀਟਲ ਦੁਨੀਆ ਤੇ ਇੰਟਰਨੈਟ 'ਤੇ ਸਰਫਿੰਗ ਕਰਦੇ ਸਮੇਂ ਸੁਰੱਖਿਅਤ ਕਿਵੇਂ ਖੇਡਣਾ ਹੈ, ਬਾਰੇ ਵੀ ਦੱਸਿਆ।ਉਨ੍ਹਾਂ ਸਾਈਬਰ ਸੁਰੱਖਿਆ ਅਤੇ ਇਸ ਦੀ ਮਹੱਤਤਾ ਬਾਰੇ ਦੱਸਿਆ।ਇਹ ਸ਼ੈਸਨ ਵਿਦਿਆਰਥੀਆਂ ਲਈ ਬਹੁਤ ਜਾਣਕਾਰੀ ਭਰਪੂਰ ਰਿਹਾ, ਜਿਸ ਤੋਂ ਵਿਦਿਆਰਥੀਆਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਇਸ ਮੌਕੇ ਸਕੂਲ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਨੇ ਪ੍ਰਤੀਕ ਜਾਮਵਾਲ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਜਾਣਕਾਰੀ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੋਵੇਗੀ।ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਭਵਿੱਖ ਵਿੱਚ ਵੀ ਕਰਾਈਆਂ ਜਾਂਦੀਆਂ ਰਹਿਣਗੀਆਂ ਤਾਂ ਜੁ ਬੱਚਿਆਂ ਦਾ ਸਰਵਪੱਖੀ ਵਿਕਾਸ ਹੋ ਸਕੇ ਤੇ ਉਹ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕਰ ਸਕਣ।

# ਸ੍ਰੀ ਬਾਵਾ ਲਾਲ ਦਿਆਲ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼ੋਭਾ ਯਾਤਰਾ ਸਜਾਈ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਬਜ਼ਾਰ ਜੋੜੀਆਂ ਸਥਿਤ ਪੁਰਾਤਨ ਦੁਰਗਾ ਮਾਤਾ ਮੰਦਰ 'ਤੇ ਸ੍ਰੀ ਬਾਵਾ ਲਾਲ ਦਿਆਲ ਮਹਾਰਾਜ ਜੀ ਦੇ ਮੰਦਿਰ ਤੋਂ ਹਰ ਸਾਲ ਦੀ ਤਰ੍ਹਾਂ ਅੱਜ ਸ੍ਰੀ ਬਾਵਾ ਲਾਲ ਦਿਆਲ ਸੇਵਕ ਸਭਾ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਬਾਵਾ ਲਾਲ ਦਿਆਲ ਜੀ ਦੇ 670ਵੇਂ ਜਨਮ ਦਿਹਾੜੇ ਨੂੰ ਸਮਰਪਿਤ ਵਿਸਾਲ ਸੋਭਾ ਯਾਤਰਾ ਸਜਾਈ ਗਈ । ਸੋਭਾ ਯਾਤਰਾ ਮੌਕੇ ਸ੍ਰੀ ਬਾਵਾ ਲਾਲ ਦਿਆਲ ਜੀ ਮੂਰਤੀ ਸੁੰਦਰ ਪਾਲਕੀ 'ਚ ਸਜਾਈ ਹੋਈ ਸੀ। ਸੰਗਤਾਂ ਵੱਲੋ ਇਸ ਪਾਲਕੀ 'ਤੇ ਫੁੱਲਾ ਦੀ ਵਰਖਾ ਕੀਤੀ ਜਾ ਰਹੀ ਸੀ । ਸੋਭਾ ਯਾਤਰਾ ਅੱਗੇ ਬੈਂਡ ਵਾਜੇ ਸੋਭਾ ਯਾਤਰਾ ਦੀ ਸੋਭਾ ਵਧਾ ਰਹੇ ਸਨ। ਇਹ ਸੋਭਾ ਯਾਤਰਾ ਕਸਬੇ ਦੀਆਂ ਵੱਖ-ਵੱਖ ਗਲੀਆਂ ਤੇ ਬਜ਼ਾਰਾਂ 'ਚੋਂ ਹੁੰਦੀ ਹੋਈ ਵਾਪਸ ਸ੍ਰੀ ਬਾਵਾ ਲਾਲ ਦਿਆਲ ਜੀ ਦੇ ਮੰਦਰ ਵਿਖੇ ਸੰਪੰਨ ਹੋਈ । ਸੋਭਾ ਯਾਤਰਾ ਮੌਕੇ ਸ੍ਰੀ ਬਾਵਾ ਲਾਲ ਦਿਆਲ ਮਹਾਰਾਜ ਜੀ ਕਲਾਨੌਰ ਮੰਦਿਰ ਦੀ ਕੀਰਤਨ ਮੰਡਲੀ ਦੇ ਮੁੱਖ ਗਾਇਕ ਵਿਨੋਦ ਕੁਮਾਰ ਸਰਮਾ ਨੇ ਆਪਣੀ ਸੁਰੀਲੀ ਆਵਾਜ ਰਾਹੀਂ ਸ੍ਰੀ ਬਾਵਾ ਲਾਲ ਦਿਆਲ ਜੀ ਦੇ ਭਜਨਾਂ ਨੂੰ ਗਾ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ ਗਿਆ । ਸੋਭਾ ਯਾਤਰਾ ਦੇ ਸੁਆਗਤ ਲਈ ਕਸਬੇ ਦੇ ਲੋਕਾ ਵੱਲੋ ਸੰਗਤਾਂ ਲਈ ਥਾਂ ਥਾਂ ਤੇ ਪਾਣੀ, ਚਾਹ ਪਕੌੜਿਆਂ ਤੇ ਫਰੂਟ ਦੇ ਲੰਗਰ ਲਗਾਏ ਗਏ । ਮੰਦਰ ਦੇ ਮੁੱਖ ਪੁਜਾਰੀ ਮੁਕੇਸ਼ ਸ਼ਰਮਾ ਅਤੇ ਮੁੱਖ ਸੇਵਾਦਾਰ ਵਿਜੇ ਸਰਮਾ, ਨੀਲਮ ਸ਼ਰਮਾ ਅਤੇ ਗੋਲਡੀ ਰਾਮਪਾਲ ਨੇ ਦੱਸਿਆ ਕਿ 31 ਜਨਵਰੀ ਨੂੰ ਮੰਦਿਰ ਵਿਖੇ ਸ੍ਰੀ ਬਾਵਾ ਲਾਲ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਸੀ ਬਾਵਾ ਲਾਲ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਤੇ ਅਪੀਲ ਕੀਤੀ ਕਿ ਉਹ ਬਾਵਾ ਲਾਲ ਜੀ ਦੇ ਜਨਮ ਦਿਹਾੜੇ ਮੌਕੇ ਮੰਦਰ ਵਿੱਚ ਹਾਜਰੀ ਲਗਵਾ ਕੇ ਸ੍ਰੀ ਬਾਵਾ ਲਾਲ ਦਿਆਲ ਜੀ ਮਹਾਰਾਜ ਦਾ ਅਸੀਰਵਾਦ ਪ੍ਰਾਪਤ ਕਰਨ। ਇਸ ਮੌਕੇ ਪ੍ਰਬੰਧਕਾਂ ਵੱਲੋਂ ਐੱਨ ਆਰ ਆਈ ਬਾਬਾ ਰਜਿੰਦਰ ਸਿੰਘ ਬੇਦੀ ਸਮੇਤ ਪ੍ਰਮੁੱਖ ਸਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ ਤੇ ਸੰਗਤਾਂ ਲਈ ਲੰਗਰ ਭੰਡਾਰਾ ਵੀ ਲਗਾਇਆ ਗਿਆ । ਇਸ ਮੌਕੇ ਸੰਜੀਵ ਸਰਮਾ ਪਟਵਾਰੀ ਲਖਨਊ , ਪੂਨਮ ਸਰਮਾ ਲਖਨਊ, ਪੰਡਿਤ ਸੱਤ ਪਾਲ ਸਰਮਾ, ਮਾਤਾ ਕੇਸਰ ਦੇਵੀ, ਮਾਤਾ ਮਾਇਆ ਦੇਵੀ, ਉਤਕਰਸ ਰਾਮਪਾਲ, ਰਾਹੁਲ ਸ਼ਰਮਾ, ਰਾਮ ਸਰਮਾ, ਬਿੱਟੂ , ਸੱਤਪਾਲ ਜਖਮੀ, ਮੂਲ ਰਾਜ ਭੱਟੀ, ਚੇਤਨ ਭਾਸਕਰ, ਰਮੇਸ਼ ਸਰਮਾ, ਹੈਪੀ ਬੇਦੀ, ਸ੍ਰੀ ਬਾਵਾ ਲਾਲ ਜੀ ਮਹਿਲਾ ਕੀਰਤਨ ਮੰਡਲੀ ਰੀਨਾ ਕੁਮਾਰੀ, ਮੌਸਮੀ ਸਰਮਾ, ਮਮਤਾ ਸਰਮਾ, ਸੰਤੋਸ਼ ਸੈਲੀ ਸ਼ਰਮਾ,ਪ੍ਰਤਿੱਅਗਾ ਸ਼ਰਮਾ, ਭੂਮਿਕਾ ਸ਼ਰਮਾ, ਸੋਨੀਆ ਸ਼ਰਮਾ, ਰੇਖਾ ਸ਼ਰਮਾ, ਰਜਨੀ ਸ਼ਰਮਾ, ਰੂਪਾ ਦੇਵੀ, ਵਿਨੇ ਵਿੱਗ,ਪ੍ਰਵੀਨ ਮਹਾਜਨ,ਵਿੰਗ ਆਦਿ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਰ ਸਨ ।

# ਪਿੰਡ 'ਚ ਟੋਲ ਟੈਕਸ ਲਾਉਣ ਵਾਲਾ ਸਰਪੰਚ ਗ੍ਰਿਫ਼ਤਾਰ



**ਸਨੌਰ/ ਪਟਿਆਲਾ (ਰਾਜਿੰਦਰ ਸਿੰਘ ਥਿੰਦ):** ਸ਼ੰਭੂ ਬਾਰਡਰ ਨੇੜਲੇ ਪਿੰਡ ਮਾੜੂ ਵਿੱਚ ਰਾਹਗੀਰਾਂ ਤੋਂ ਗੈਰ ਕਾਨੂੰਨੀ ਢੰਗ ਨਾਲ ਵਸੂਲੀ ਕਰਨ ਦੇ ਮਾਮਲੇ ਵਿੱਚ ਥਾਣਾ ਜੁਲਕਾਂ ਪੁਲਿਸ ਨੇ ਸਰਪੰਚ ਨੂੰ ਗ੍ਰਿਫਤਾਰ ਕਰ ਲਿਆ ਹੈ। ਥਾਣਾ ਜੁਲਕਾ ਮੁਖੀ ਇੰਸਪੈਕਟਰ ਕੁਲਵਿੰਦਰ ਸਿੰਘ ਨੇ ਦੱਸਿਆ ਬਲਜਿੰਦਰ ਸਿੰਘ ਬੱਖੂ, ਜੋ ਕਿ ਪਿੰਡ ਮਾੜੂ ਦਾ ਮੌਜੂਦਾ ਸਰਪੰਚ ਹੈ, ਨੂੰ ਗੈਰ ਕਾਨੂੰਨੀ ਢੰਗ ਨਾਲ ਟੈਕਸ ਵਸੂਲਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਮੈਡੀਕਲ ਕਰਵਾਉਣ ਤੋਂ ਬਾਅਦ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਵੀ ਹਾਸਲ ਕੀਤਾ ਜਾਵੇਗਾ। ਇੰਸਪੈਕਟਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਰਾਹਗੀਰਾਂ ਤੋਂ ਜ਼ਬਰੀ ਵਸੂਲੀ ਕਰਨ ਵਾਲਿਆਂ ਵਿੱਚ ਇਹ ਸਰਪੰਚ ਵੀ ਮੌਜੂਦ ਰਿਹਾ ਹੈ, ਜਿਸ ਦੀ ਵੀਡੀਓ ਵੀ ਉਹਨਾਂ ਦੇ ਹੱਥ ਲੱਗੀ ਹੈ। ਇਸ ਮਾਮਲੇ ਵਿੱਚ ਬਾਕੀ ਮੁਲਜ਼ਮਾਂ ਦੀ ਵੀ ਗ੍ਰਿਫਤਾਰੀ ਜਲਦ ਕੀਤੀ ਜਾਵੇਗੀ । ਦੱਸਣਯੋਗ ਹੈ ਕਿ ਪੰਜਾਬ ਹਰਿਆਣਾ ਹੱਦ ਨਾਲ ਲੱਗਦੇ ਅਤੇ ਹਲਕਾ ਸਨੌਰ ਵਿਚਲਾ ਪਿੰਡ ਮਾੜੂ ਪੰਜਾਬ ਅਤੇ ਹਰਿਆਣਾ ਦੇ ਲੋਕਾਂ ਲਈ ਆਵਾਜਾਈ ਦਾ ਰਾਹ ਬਣਿਆ ਹੋਇਆ ਹੈ। ਬੀਤੇ ਦਿਨੀ ਪਿੰਡ ਦੇ ਪੁਲ ਕੋਲ ਕੁਝ ਲੋਕਾਂ ਵੱਲੋਂ ਲੰਘਣ ਵਾਲੇ ਵਾਹਨ ਚਾਲਕਾਂ ਤੋਂ 100 ਰੁਪਏ ਤੋਂ ਲੈ ਕੇ 1000 ਤੱਕ ਦੀ ਵਸੂਲੀ ਕੀਤੀ ਗਈ, ਜਿਸ ਸਬੰਧੀ ਇੱਕ ਵੀਡੀਓ ਵੀ ਵਾਇਰਲ ਹੋਈ । ਪੁਲਿਸ ਨੇ ਹਰਕਤ ਵਿੱਚ ਆਉਂਦਿਆਂ ਵੀਡੀਓ ਦੀ ਜਾਂਚ ਕਰਨ ਤੋਂ ਬਾਅਦ ਪਿੰਡ ਮਾੜੂ ਸਰਪੰਚ ਬਲਜਿੰਦਰ ਸਿੰਘ ਮੱਖੂ ਅਤੇ ਉਸ ਦੇ ਸਾਥੀਆਂ ਖਿਲਾਫ ਵਸੂਲੀ ਕਰਨ ਦਾ ਮਾਮਲਾ ਦਰਜ ਕੀਤਾ ਸੀ।

# ਮਾਲਵਾ ਪੰਜਾਬੀ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ:) ਵੱਲੋਂ ਸਾਹਿਤ ਸਮਾਗਮ ਸਰਕਾਰੀ ਸੀਨੀ. ਸੈਕੰ. ਸਕੂਲ ਪਿੰਡ ਰਾਮਪੁਰਾ ਵਿਖੇ ਕਰਾਇਆ ਗਿਆ, ਜਿਸਦੀ ਪ੍ਰਧਾਨਗੀ ਪ੍ਰਿੰਸੀਪਲ ਜਸਵੀਰ ਸਿੰਘ ਸ.ਸ.ਸ.ਸ ਪਿੰਡ ਰਾਮਪੁਰਾ ਅਤੇ ਮੁੱਖ ਮਹਿਮਾਨ ਪਿੰਡ ਦੇ ਸਰਪੰਚ ਰਾਜਵਿੰਦਰ ਸਿੰਘ ਸਿੱਧੂ ਸਨ।

ਪ੍ਰੋਗਰਾਮ ਦਾ ਆਗਾਜ ਮੁੱਖ ਮਹਿਮਾਨ ਵੱਲੋਂ ਰਿਬਨ ਕੱਟਣ ਬਾਅਦ ਹੋਇਆ। ਸਮਾਗਮ ਦੇ ਪਹਿਲੇ ਪੜਾਅ ਵਿੱਚ ਇਲਾਕੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ 'ਮਾਲਵੇ ਦਾ ਮਾਣ' ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਇਨ੍ਹਾਂ ਸ਼ਖਸੀਅਤਾਂ ਦੇ ਜੀਵਨ ਬਾਰੇ ਵੱਖ-ਵੱਖ ਬੁਲਾਰਿਆਂ ਨੇ ਰੌਸ਼ਨੀ ਪਾਈ।ਸਨਮਾਨਤ ਵਿਅਕਤੀਆਂ ਦੇ ਨਾਂਅ ਰਿਟਾ.ਲੈਕ ਦਹੂਦ ਸਿੰਘ, ਰਿਟਾ. ਹੈੱਡਮਾਸਟਰ ਹਰਿੰਦਰ ਸਿੰਘ ਭੁੱਲਰ, ਸ਼੍ਰੀ ਗਗਨਦੀਪ ਸ਼ਰਮਾ ਪੀ.ਸੀ.ਐਸ, ਬਾਡੀ ਬਿਲਡਰ ਜਸਪ੍ਰੀਤ ਸਿੰਘ ਡਾਲਰ ਤੇ ਮਨਪ੍ਰੀਤ ਮਨੀ ਹਨ।

ਸਮਾਗਮ ਦੇ ਦੂਸਰੇ ਪੜ੍ਹਾਅ ਵਿੱਚ ਰਾਮਪੁਰਾ ਪਿੰਡ ਦੀ ਸਾਰੀ ਨਵੀਂ ਚੁਣੀ ਪੰਚਾਇਤ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ।ਪਿੰਡ ਦੇ ਸਰਪੰਚ ਰਾਜਵਿੰਦਰ ਸਿੰਘ ਸਿੱਧੂ ਨੇ ਆਪਣੇ ਭਾਸਨ ਦੌਰਾਨ ਕਿਹਾ ਕਿ ਸਕੂਲ ਤੇ ਸਾਰੇ ਪਿੰਡ ਦੇ ਕੰਮ ਪਹਿਲ ਦੇ ਅਧਾਰ 'ਤੇ ਬਿਨਾਂ ਕਿਸੇ ਭੇਦ-ਭਾਵ ਤੋਂ ਕੀਤੇ ਜਾਣਗੇ। ਇਸੇ ਦੌਰਾਨ ਸਕੂਲ ਦੇ ਪ੍ਰਿੰਸੀਪਲ ਜਸਵੀਰ ਸਿੰਘ ਨੇ ਸਕੂਲ ਦੀਆ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਤੇ ਸਭਾ ਨੂੰ ਸਕੂਲੀ ਕੰਮਾਂ ਲਈ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ।

ਸਮਾਗਮ ਦੇ ਤੀਜੇ ਪੜ੍ਹਾਅ ਉੱਤੇ ਪੰਜਾਬੀ ਲੇਖਕ ਦਰਸਨ ਸਿੰਘ 'ਪ੍ਰੀਤੀਮਾਨ' ਦਾ ਜਨਮ ਦਿਨ ਹਾਜਰ ਸ਼ਖ਼ਸੀਅਤਾਂ ਨੇ ਧੂਮ-ਧਾਮ ਨਾਮ ਮਨਾਇਆ।ਇਸ ਮੌਕੇ ਦਰਸ਼ਨ ਸਿੰਘ ਸਿੱਧੂ ਨੇ ਪ੍ਰੀਤੀਮਾਨ ਬਾਰੇ ਕਾਵਿ-ਚਿੱਤਰ ਗੁਰਜਿੰਦਰ ਰਸੀਏ ਵੱਲੋਂ ਲਿਖਿਆ ਹੋਇਆ ਪੜ੍ਹ ਕੇ ਸੁਣਾਇਆ।ਹਰਜੀਤ ਸਿੰਘ ਸਿੱਧੂ ਫੂਲਕਾ ਤੇ ਮਨਪ੍ਰੀਤ ਮਨੀ ਦੇ ਗੀਤ ਗਾ ਕੇ ਮਾਹੌਲ ਤਰੋ-ਤਾਜ਼ਾ ਕਰ ਦਿੱਤਾ। ਸਟੇਜ ਸਕਤਰੀ ਦੀ ਜ਼ਿੰਮੇਵਾਰੀ ਗੁਰਨੈਬ ਸਿੰਘ ਭੰਮਾ ਨੇ ਬਾਖੂਬੀ ਨਿਭਾਈ।ਮਾਲਵਾ ਪੰਜਾਬੀ ਸਾਹਿਤ ਸਭਾ, ਰਜਿ: ਰਾਮਪੁਰਾ ਫੂਲ ਦੇ ਜਨਰਲ ਸਕੱਤਰ ਲੈਕ. ਦਹੂਦ ਸਿੰਘ ਤੇ ਸਭਾ ਦੇ ਪ੍ਰੈਸ ਸਕੱਤਰ ਰਿਟਾ: ਹੈੱਡ. ਮਾਸਟਰ ਹਰਿੰਦਰ ਸਿੰਘ ਭੁੱਲਰ ਨੇ ਜਾਣਕਾਰੀ ਦਿੱਤੀ।

# ਸੜਕ ਹਾਦਸੇ 'ਚ ਦੋ ਪ੍ਰਵਾਸੀ ਮਜ਼ਦੂਰਾਂ ਦੀ ਮੌਤ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਪਿੰਡ ਮਾਧੋਪੁਰ ਨਜ਼ਦੀਕ ਵਾਪਰੇ ਇੱਕ ਸੜਕ ਹਾਦਸੇ ਵਿੱਚ ਦੋ ਪ੍ਰਵਾਸੀ ਮਜ਼ਦੂਰਾਂ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ। ਪਿੰਡ ਭੱਟਮਾਜਰਾ ਨਜ਼ਦੀਕ ਬਣ ਰਹੇ ਭਾਰਤ ਮਾਲਾ ਰੋਡ ਪ੍ਰਾਜੈਕਟ 'ਤੇ ਮਜ਼ਦੂਰੀ ਦਾ ਕੰਮ ਕਰ ਰਹੇ ਜੁਗਨੂੰ, ਲੁਟਨ ਤੇ ਸੰਦੀਪ ਕੁਮਾਰ ਵਾਸੀਆਨ ਪਿੰਡ ਕੁਸ਼ਹਾ, ਜ਼ਿਲ੍ਹਾ ਬਲੀਆ, ਉੱਤਰ ਪ੍ਰਦੇਸ਼ ਦੇਰ ਸ਼ਾਮ ਆਪਣਾ ਕੰਮ ਖਤਮ ਕਰਕੇ ਸਰਹਿੰਦ ਰੇਲਵੇ ਸਟੇਸ਼ਨ ਨਜ਼ਦੀਕ ਬਣਾਏ ਆਪਣੇ ਰਿਹਾਇਸ਼ੀ ਟਿਕਾਣੇ ਵੱਲ ਨੂੰ ਸਰਵਿਸ ਰੋਡ ਰਾਹੀਂ ਪੈਦਲ ਤੁਰੇ ਜਾ ਰਹੇ ਸਨ ਤਾਂ ਇੱਕ ਤੇਜ਼ ਰਫ਼ਤਾਰ ਤੇਲ ਵਾਲੇ ਟੈਂਕਰ ਪੀ.ਬੀ.65.ਬੀ.ਈ-4625 ਨੇ ਚਾਲਕ ਨੇ ਅਣਗਹਿਲੀ ਨਾਲ ਗੱਡੀ ਚਲਾਉਂਦੇ ਹੋਏ ਟੈਂਕਰ ਉਨ੍ਹਾਂ ਉੱਤੇ ਚਾੜ੍ਹ ਦਿੱਤਾ।ਇਸ ਹਾਦਸੇ ਕਾਰਨ ਲੁਟਨ (28) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਗੰਭੀਰ ਜ਼ਖ਼ਮੀ ਹੋਏ ਸੰਦੀਪ ਕੁਮਾਰ(30) ਨੂੰ ਜਦੋਂ ਇਲਾਜ਼ ਲਈ ਸੈਕਟਰ 32 ਹਸਪਤਾਲ ਚੰਡੀਗੜ੍ਹ ਲਿਜਾਇਆ ਜਾ ਰਿਹਾ ਸੀ ਤਾਂ ਉਸਦੀ ਵੀ ਰਸਤੇ 'ਚ ਮੌਤ ਹੋ ਗਈ।ਜੁਗਨੂੰ ਦੇ ਬਿਆਨਾਂ 'ਤੇ ਅ/ਧ 106,125(ਏ), 281 ਬੀ.ਐਨ.ਐਸ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਟੈਂਕਰ ਦੇ ਕਥਿਤ ਚਾਲਕ ਹਰਦੀਪ ਸਿੰਘ ਵਾਸੀ ਸੰਗਰੂਰ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਸੰਧਵਾਂ ਨੇ ਸੱਤ ਲੱਖ ਦੇ ਚੈੱਕ ਦਿੱਤੇ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)- ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਦਸਮੇਸ਼ ਡੈਂਟਲ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਲਈ 1 ਲੱਖ ਰੁਪਏ ਆਪਣੀ ਅਖਤਿਆਰੀ ਕੋਟੇ ਵਿੱਚੋਂ ਭੇਟ ਕੀਤੇ।ਇਸ ਤੋਂ ਇਲਾਵਾ ਉਨ੍ਹਾਂ ਬਾਬਾ ਫਰੀਦ ਬੈਡਮਿੰਟਨ ਕਲੱਬ ਨੂੰ 5 ਲੱਖ ਰੁਪਏ ਅਤੇ ਬਾਬਾ ਫਰੀਦ ਫੁੱਟਬਾਲ ਕਲੱਬ ਨੂੰ 1 ਲੱਖ ਰੁਪਏ ਆਪਣੇ ਅਖਤਿਆਰੀ ਕੋਟੇ ਵਿੱਚੋਂ ਦਿੱਤੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕਰਵਾ ਕੇ ਪੰਜਾਬ ਵਿਚ ਖੇਡ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਤਰੁਣ ਕੁਮਾਰ, ਡਾ. ਗੁਰਸੇਵਕ ਸਿੰਘ, ਜਸਵੀਰ ਸਿੰਘ ਸੰਧੂ, ਸਵਰਨਜੀਤ ਸਿੰਘ ਗਿੱਲ, ਗੁਰਦੀਪ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਲਾਲਾ ਲਾਜਪਤ ਰਾਏ ਨੂੰ ਸਮਰਪਿਤ ਐਵਾਰਡ ਸਮਾਗਮ



**ਜਗਰਾਉ (ਅਮਿਤਖੰਨਾ)** ਲਾਲਾ ਲਾਜਪਤ ਰਾਏ ਚੈਰੀਟੇਬਲ ਵੈਲਫੇਅਰ ਸੁਸਾਇਟੀ ਵੱਲੋਂ ਸ਼ੇਰੇ ਏ ਪੰਜਾਬ, ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲਾਲਾ ਲਾਜਪਤ ਰਾਏ ਐਵਾਰਡ ਸਮਾਗਮ ਜਗਰਾਉਂ ਵਿਖੇ ਲਾਲਾ ਜੀ ਦੇ ਜੱਦੀ ਘਰ ਵਿਖੇ ਕਰਵਾਇਆ ਗਿਆ । ਸੰਸਥਾ ਦੇ ਸਰਪ੍ਰਸਤ ਅੰਕਿਤ ਬਾਂਸਲ (ਸਾਬਕਾ ਓ ਐਸ ਡੀ ਮੁੱਖ ਮੰਤਰੀ ਪੰਜਾਬ) ਦੇ ਦਿਸ਼ਾ-ਨਿਰਦੇਸ਼ਾਂ ਤੇ ਸੰਸਥਾ ਦੇ ਚੇਅਰਮੈਨ ਪਿਯੂਸ ਮਿੱਤਲ ਅਤੇ ਪ੍ਰਧਾਨ ਪੁਨੀਤ ਬਾਂਸਲ ਦੀ ਅਗਵਾਈ ਵਿੱਚ ਹੋਏ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਲੁਧਿਆਣਾ ਦੇ ਪ੍ਰਸਿੱਧ ਡਾ: ਸਾਹਿਲ ਬੱਸੀ, ਡਾ: ਮੋਨਿਕਾ ਬੱਸੀ ਅਤੇ ਯੂਨੀਰਾਈਸ ਵਰਲਡ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ਼ਿਫੂ ਅਗਰਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਿਤੀ। ਸਮਾਗਮ ਦੀ ਸ਼ੁਰੂਆਤ ਛੋਟੇ ਬੱਚਿਆਂ ਵੱਲੋਂ ਰਾਸ਼ਟਰੀ ਗੀਤ ਨਾਲ ਕੀਤੀ ਗਈ। ਦੇਸ਼ ਦੀ ਸੇਵਾ ਕਰਨ ਲਈ ਫੌਜ ਵਿੱਚ ਭਰਤੀ ਹੋਏ ਨੌਜਵਾਨ ਲੈਫਟੀਨੈਂਟ ਕ੍ਰਿਤਿਨ ਗੁਪਤਾ, ਲੋਕ ਸੇਵਾ ਸੁਸਾਇਟੀ, ਗੁਣਵੀਨ ਕੌਰ ਤੇ ਮਾਤਾ ਚਿੰਤਪੁਰਨੀ ਆਟੋ ਸੇਵਾ ਸਮਿਤੀ ਦੇ ਨਾਲ - ਨਾਲ ਦੱਸਵੀਂ ਕਲਾਸ ਵਿੱਚੋਂ 95% ਤੋਂ ਵੱਧ ਨੰਬਰ ਲੈਣ ਵਾਲੇ ਵਿਦਿਆਰਥੀ ਚਾਹਤ, ਪ੍ਰਭ ਰੂਪ ਸਿੰਘ, ਰਮਨਦੀਪ ਕੌਰ, ਕਿਰਨ ਜੋਤ ਸਿੰਘ, ਤਨਮਯੇ ਵਰਮਾ, ਪ੍ਰਾਰਥਨਾ ਥਵਨ, ਸੋਨਲ, ਗੁਰਕੀਰਤ ਕੌਰ ਸਮੇਤ ਸਮਰਾਲਾ ਦੇ ਤਸਵਿੰਦਰ ਸਿੰਘ ਬੜੈਚ ਨੂੰ ਲਾਲਾ ਲਾਜਪਤ ਰਾਏ ਅਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਡਾ: ਸਾਹਿਲ ਬੱਸੀ, ਡਾ: ਮੋਨਿਕਾ ਬੱਸੀ ਅਤੇ ਸ਼ਿਫੂ ਅਗਰਵਾਲ ਨੇ ਸੰਸਥਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਅਦਾ ਕੀਤੀਆਂ ਜਾ ਰਹੀਆਂ ਹਨ ਅਤੇ ਸੰਸਥਾ ਵੱਲੋਂ ਲਾਲਾ ਦੇ ਜੱਦੀ ਘਰ ਸਬੰਧੀ ਸੰਘਰਸ ਕੀਤਾ ਜਾ ਰਿਹਾ ਹੈ। ਜਥੇਬੰਦੀ ਦੇ ਜਨਰਲ ਸਕੱਤਰ ਕਮਲਦੀਪ ਬਾਂਸਲ ਨੇ ਸਮਾਗਮ ਦੌਰਾਨ ਮੀਡੀਆ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਜਥੇਬੰਦੀ ਦੇ ਹਰ ਸੰਘਰਸ ਵਿੱਚ ਜਗਰਾਉਂ ਮੀਡੀਆ ਦਾ ਹਮੇਸ਼ਾ ਹੀ ਭਰਪੂਰ ਯੋਗਦਾਨ ਰਿਹਾ ਹੈ। ਇਸ ਮੌਕੇ ਵਿਸੇਸ ਤੌਰ 'ਤੇ ਸਮਾਜ ਸੇਵਕ ਕੈਪਟਨ ਨਰੇਸ ਵਰਮਾ, ਭਾਜਪਾ ਆਗੂ ਗੌਰਵ ਖੁੱਲਰ, ਕੌਂਸਲਰ ਵਿਕਰਮ ਜੱਸੀ, ਕੌਂਸਲਰ ਹਿਮਾਂਸ਼ੂ ਮਲਿਕ, ਵਿਵੇਕ ਭਾਰਦਵਾਜ, ਭਾਜਪਾ ਆਗੂ ਹਨੀ ਗੋਇਲ, ਸੈਮ ਅਰੋੜਾ, ਆਦੇਸ ਗੁਪਤਾ, ਪ੍ਰਸਿੱਧ ਸਮਾਜ ਸੇਵਕ ਹਰਸ ਜੈਨ, ਅਗਰਵਾਲ ਸਮਾਜ ਦੇ ਚੇਅਰਮੈਨ ਅਨਮੋਲ ਗਰਗ, ਸੰਸਥਾ ਦੇ ਮੀਤ ਪ੍ਰਧਾਨ ਅੰਕੁਸ ਮਿੱਤਲ, ਸਕੱਤਰ ਦੀਪਕ ਗੋਇਲ, ਖਜਾਨਚੀ ਮੋਹਿਤ ਗੋਇਲ, ਮੋਹਿਤ ਬਾਂਸਲ, ਵਿਕਾਸ ਗਰਗ, ਹਰਸ ਜੈਨ, ਸੁਨੀਲ ਗੁੰਬਰ, ਜੋਤੀ ਲੂੰਬਾ, ਸੁਭਮ ਜੈਨ, ਸੰਜੇ ਗੁਪਤਾ, ਕਮਲ ਸਰਮਾ, ਵਿਪਨ ਗਰਗ, ਅਭਿਸੇਕ ਸਿੰਗਲਾ, ਰਿਸਭ ਅਗਰਵਾਲ, ਆਰੀਅਨ ਭਾਟੀਆ, ਨਿਤਿਨ ਸਿੰਗਲਾ, ਸੰਜੀਵ ਗਰਗ, ਅਜੇ ਗੋਇਲ, ਦੀਪਕ ਗੋਇਲ, ਹਿਮਾਂਸ਼ੂ ਸਿੰਗਲ, ਵੈਭਵ ਜੈਨ, ਅਮਿਤ ਬਾਂਸਲ, ਗੌਰਵ ਸਿੰਗਲਾ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਗਣਤੰਤਰ ਦਿਵਸ ਦੇ ਪ੍ਰੋਗਰਾਮਾਂ ਦਾ ਵਿਸ਼ਾ ਰਹੇਗਾ ਸੜਕ ਸੁਰੱਖਿਆ ਤੇ ਟ੍ਰੈਫਿਕ ਨਿਯਮ

**ਮਲੋਟ, (ਗੁਰਮੀਤ ਸਿੰਘ ਮੱਕੜ)** 26 ਜਨਵਰੀ ਨੂੰ ਗਣਤੰਤਰਤਾ ਦਿਵਸ ਵੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਾਣਾ ਮੰਡੀ ਮਲੋਟ ਵਿਖੇ ਉਪ ਮੰਡਲ ਪ੍ਰਸ਼ਾਸਨ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਉਪ ਮੰਡਲ ਮੈਜਿਸਟ੍ਰੇਟ ਡਾ. ਸੰਜੀਵ ਕੁਮਾਰ ਨੇ ਸਾਂਝੀ ਕੀਤੀ। ਉਨ੍ਹਾਂ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਨਵਰੀ ਦਾ ਮਹੀਨਾ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਵਜੋਂ ਮਨਾਇਆ ਜਾਂਦਾ ਹੈ, ਜਿਸ ਤਹਿਤ ਇਸ ਸਾਲ 26 ਜਨਵਰੀ ਮੌਕੇ 'ਤੇ ਸਕੂਲੀ ਵਿਦਿਆਰਥੀਆਂ ਵੱਲੋਂ ਸੜਕ ਸੁਰੱਖਿਆ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਨਾਟਕ, ਕੋਰੀਓਗ੍ਰਾਫ਼ੀ ਤੇ ਕਵਿਤਾਵਾਂ ਦੀ ਪੇਸ਼ਕਾਰੀ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗਣਤੰਤਰਤਾ ਦਿਵਸ ਮੌਕੇ ਸੜਕ ਸੁਰੱਖਿਆ ਤੇ ਟ੍ਰੈਫਿਕ ਨਿਯਮਾਂ ਸਬੰਧੀ ਸਹੁੰ ਵੀ ਚੁਕਵਾਈ ਜਾਵੇਗੀ ਤਾਂ ਜੁ ਸਮਾਜ ਨੂੰ ਟ੍ਰੈਫਿਕ ਨਿਯਮ ਤੇ ਸੜਕ ਸੁਰੱਖਿਆ ਸਬੰਧੀ ਜਾਗਰੂਕ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾ ਵੀ ਡਾ. ਸੰਜੀਵ ਕੁਮਾਰ, ਪੀ.ਸੀ.ਐਸ. ਦੀ ਪਹਿਲਕਦਮੀ ਤਹਿਤ 26 ਜਨਵਰੀ 2024 ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕਾਂ ਦੀ ਸਹੂਲਤਾਂ ਸਕੀਮਾਂ ਸਬੰਧੀ ਨਾਟਕ ਤੇ 15 ਅਗਸਤ ਨੂੰ ਸੁਤੰਤਰਤਾ ਦਿਵਸ ਮੌਕੇ 'ਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਸਬੰਧੀ ਨਾਟਕ ਤੇ ਕੋਰੀਓਗ੍ਰਾਫ਼ੀ ਦੀ ਪੇਸ਼ਕਾਰੀ ਕਰਾਈ ਗਈ ਸੀ।

# ਗੋਦਾਮ 'ਚ ਸਮਾਨ ਚੋਰੀ

**ਸ੍ਰੀ ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਗੋਦਾਮ ਦੀ ਕੰਧ ਨੂੰ ਪਾੜ ਲਗਾ ਕੇ ਸਮਾਨ ਚੋਰੀ ਕਰਨ ਦੇ ਮਾਮਲੇ 'ਚ ਅਮਲੋਹ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਗੁਰਪ੍ਰੀਤ ਸਿੰਘ ਵਾਸੀ ਮੰਡੀ ਗੋਬਿੰਦਗੜ੍ਹ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਨੇ ਪਿੰਡ ਜਲਾਲਪੁਰ ਨਜ਼ਦੀਕ ਗੋਦਾਮ ਕਿਰਾਏ 'ਤੇ ਲਿਆ ਹੋਇਆ ਹੈ ਜਿੱਥੇ ਉਸ ਦੀਆਂ ਜੇ.ਸੀ.ਬੀ. ਮਸ਼ੀਨਾਂ, ਟਰੈਕਟਰ ਟਰਾਲੀਆਂ ਖੜ੍ਹੀਆਂ ਹੁੰਦੀਆਂ ਹਨ।ਬੀਤੇ ਕੱਲ੍ਹ ਸਵੇਰੇ ਜਦੋਂ ਉਸ ਨੇ ਗੋਦਾਮ 'ਚ ਆ ਕੇ ਦੇਖਿਆ ਤਾਂ ਗੋਦਾਮ ਦੀ ਪਿਛਲੀ ਕੰਧ ਨੂੰ ਪਾੜ ਲੱਗਿਆ ਹੋਇਆ ਸੀ, ਜਿੱਥੋਂ ਜੇ.ਸੀ.ਬੀ. ਮਸ਼ੀਨਾਂ ਦੇ ਰਿਮ, ਜੈੱਕ, ਰਾਡ, ਪਿੰਨਾਂ, ਸੀਟ ਅਤੇ ਹੋਰ ਸਮਾਨ ਚੋਰੀ ਹੋ ਚੁੱਕਾ ਸੀ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦਰਜ ਕੀਤੇ ਗਏ ਮੁਕੱਦਮੇ 'ਚ ਜੱਸੀ ਵਾਸੀ ਪਿੰਡ ਸਲਾਣੀ, ਬੁੱਧੂ ਵਾਸੀ ਪਿੰਡ ਲਾਡਪੁਰ ਨੂੰ ਨਾਮਜ਼ਦ ਕਰਕੇ ਥਾਣਾ ਅਮਲੋਹ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।


## COURT NOTICE

(U/o 5 Rule 20 CPC)
In the Court of
**Jaspreet Singh**
Additional Civil Judge (Senior Division), Baba Bakala Sahib
CNR No. PBASB0-000664-2023
Next Date :- 05-03-2025

Harbhinder Singh S/o Swaran Singh R/o Village Taharpura, Tehsil Baba Bakala Sahib, Distt. Amritsar

Vs.

General Public

Publication Issued To:

2. Amritpal Singh S/o Harbhinder Sindh R/oVillage Taharpura, Tehsil Baba Bakala Sahib, Distt. Amritsar

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 05.03.2025 at 10:00 A.M.

For details logon to https://highcourtchd.gov.in/?trs=district_notice&district= Amritsar

Additional Civil Judge (Senior Division), Baba Bakala Sahib
Dated this day of 17-01-2025

## COURT NOTICE

(U/o 5 Rule 20 CPC)
In the Court of
**Ms. Ramandeep Kaur**
Civil Judge (Junior Division), 10, Jalandhar
CNR No. PBJL02-000078-2025
Next Date :- 14-02-2025

1. Meera Sharma W/o Late Rakesh Kumar Sharma D/o Kewal Krishan R/o H. No. 50, Near Jagriti Model School, Vikaspuri, Tanda Road, Industrial Town Jalandhar-144004
2. Sanjeev Kumar S/o Kewal Krishan R/o H. No. 292, Mohalla Lathimar Sodal Road, VTC, Jalandhar-1, Post Office Industrial Town, Jalandhar-144004

Vs.

General Public

Publication Issued To:
General Public
Jalandhar

In above titled case, the defendant (s)/ respondent (s) could not be served. It is ordered that defendant (s)/ respondent (s) should appear in person or through counsel on 14.02.2025 at 10:00 A.M.

For details logon to https://highcourtchd.gov.in/?trs=district_notice &district=Jaladhar

Civil Judge (Junior Division), 10, Jalandhar
Dated this day of 16-01-2025

## COURT NOTICE

(U/o 5 Rule 20 CPC)
In The Court of
**Ms. Ramandeep Kaur**
Civil Judge (Junior Division)-10, Jalandhar
CNR No. : PBJL02-000260-2020
Next Date:- 19-02-2025

Parveen Kumar S/O Hukum Chand, R/O H.No. 53, New Rajinder Nagar, Police Lines Road, Jalandhar

Vs.

1. Munish Sharma S/o Hukum Chand 2. Seema Sharma W/o Munish Sharma R/o H.No. 53, New Rajinder Nagar, Police Lines Road, Jalandhar
3. Arun Kumar Sharma S/o Hukum Chand, R/o 74, Sector-2, Khopper Kherna, New Mumbai (Maharashtra)

Publication Issued To:
Arun Kumar Sharma S/o Hukam Chand, R/0 74, Sector-2 Khopper Kherna New Mumbai (Maharashtra)

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 19-02-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-10 Jalandhar
Dated, this day of 16-01-2025

## COURT NOTICE

(U/O 5 Rule 20 Cpc)
In The Court of
Ms. Khyatl Goyal, PCS
**Civil Judge (Jr. Divn.), Amloh**
Cs/400/2024
CNR. No. PBFGA0-000548-2024
Next Date:05-02-2025

Swami Ajarnand Andh Vidyalya Sapt Sarovar, Haridwar. Uttrakhand, Through Its Trustee. Roshan Lal. (petitioners)

Versus

1. Narinder Castings Pvt. Ltd, B-5, B-6, Focal Point Mandi Gobindgarh, Tehsil Amloh, Distt Fatehgarh Sahib, Through Its Director, Gaganinder Chattley, 2. Aruna D/O Dharam Parkash Kapoor And W/O Late Sh. Raghubinder Chattley S/O Late Sh. Ram Rashpal, 3. Yagya S/O Aruna D/O Sh. Dharam Parkash Kapoor, 4. Prerna D/o Aruna D/o Sh. Dharam Parkash Kapoor, All R/o House No. 22-C, New Lal Bagh Colony, Patiala (Defendants)

In The Matter of Civil Suit
Swami Ajarnand Vs. Narinder Castings Pvt. Ltd

Publication Issued To:
1. Narinder Castings Pvt. Ltd, B-5, B-6, Focal Point, Mandi Gobindgarh, Tehsil Amloh, Distt. Fatehgarh Sahib, Through Its Director, Gaganinder Chattley, 2. Aruna D/O Dharam Parkash Kapoor And W/O Late Sh. Raghubinder Chattley S/O Late Sh. Ram Rashpal, 3. Yagya S/O Aruna D/o Sh. Dharam Parkash Kapoor ,4. Prerna D/o Aruna D/o Sh. Dharam Parkash Kapoor, All R/o House No. 22-C, New Lal Bagh Colony, Patiala

In above titled case, the defendant(s) could not be served. It is ordered that defendant(s) should appear in person or through counsel on 05-02-2025 at 10:00 a.m.

For details logon to https://highcourtchd.gov.in/?trs=district_notice &district=Fatehgarh Sahib*

Civil Judge (Jr. Divn.), Amloh
Dated, This day of 17.01.2025

## ਸੇਲਜ਼ਮੈਨ ਦੀ ਭਰਤੀ

ਦੀ ਜੌਹਲ ਲੱਲੀਆਂ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਜੌਹਲ ਲੱਲੀਆਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਿਚ ਸੇਲਜ਼ਮੈਨ ਦੀ ਭਰਤੀ ਸੰਬੰਧੀ ਉਮੀਦਵਾਰ ਆਪਣੀਆਂ ਅਰਜ਼ੀਆਂ ਤਸਦੀਕਸ਼ੁਦਾ ਯੋਗਤਾ ਸਰਟੀਫਿਕੇਟ ਦੀਆਂ ਕਾਪੀਆਂ ਨੱਥੀ ਕਰ ਉਕਤ ਪਤੇ 'ਤੇ ਮਿਤੀ 27.01.2025 ਸ਼ਾਮ 5 ਵਜੇ ਤੱਕ ਡਾਕ ਰਾਹੀਂ ਜਾਂ ਦਸਤੀ ਦੇ ਸਕਦੇ ਹਨ। ਮਿਤੀ 28.01.2025 ਨੂੰ ਸਵੇਰੇ 10 ਵਜੇ ਸਬ-ਕਮੇਟੀ ਵੱਲੋਂ ਯੋਗਤਾ ਅਨੁਸਾਰ ਸੇਲਜ਼ਮੈਨ ਦੀ ਭਰਤੀ ਕੀਤੀ ਜਾਵੇਗੀ। ਇਹ ਭਰਤੀ ਡੀ. ਸੀ. ਰੇਟ ਅਨੁਸਾਰ ਕੀਤੀ ਜਾਵੇਗੀ। ਯੋਗਤਾ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :-

1. ਉਮੀਦਵਾਰ ਦੀ ਉਮਰ 27.01.2025 ਨੂੰ 37 ਸਾਲ ਤੋਂ ਵੱਧ ਨਾ ਹੋਵੇ, 2. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ ਹੋਵੇ, 3. ਦਸਵੀਂ ਪੱਧਰ ਦੀ ਪੰਜਾਬੀ ਦੀ ਵਿੱਦਿਅਕ ਯੋਗਤਾ ਹੋਵੇ, 4. ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ, ਜੋ ਆਈ ਐੱਸ ਓ 9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਕੰਪਿਊਟਰ ਕੋਰਸ ਹੋਵੇ, 5. ਪੇਂਡੂ ਪਿਛੋਕੜ।

ਪ੍ਰਧਾਨ/ਸੈਕਟਰੀ, ਦੀ ਜੌਹਲ ਲੱਲੀਆਂ ਖੇਤੀਬਾੜੀ ਸੇਵਾ ਸਭਾ ਲਿਮ. ਜੌਹਲ ਲੱਲੀਆਂ, ਤਹਿਸੀਲ ਫਿਲੌਰ (ਜਲੰਧਰ)

## ਸੇਲਜ਼ਮੈਨ ਦੀ ਭਰਤੀ

ਦੀ ਰਾਏਪੁਰ ਅਰਾਈਆਂ ਸਹਿਕਾਰੀ ਖੇਤੀਬਾੜੀ ਸਭਾ ਲਿਮਟਿਡ ਰਾਏਪੁਰ ਅਰਾਈਆਂ ਵਿਖੇ ਸੇਲਜ਼ਮੈਨ ਦੀ ਭਰਤੀ ਸੰਬੰਧੀ ਉਪਰੋਕਤ ਵਿਸ਼ੇ ਦੀ ਰਾਏਪੁਰ ਅਰਾਈਆਂ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸਭਾ ਲਿਮਟਿਡ ਰਾਏਪੁਰ ਅਰਾਈਆਂ ਦੀ ਖਾਲੀ ਅਸਾਮੀ ਤੇ ਸੇਲਜ਼ਮੈਨ ਦੀ ਭਰਤੀ ਕੀਤੀ ਜਾਣੀ ਹੈ। ਭਰਤੀ ਸੰਬੰਧੀ ਇੰਟਰਵਿਊ ਦੀ ਪ੍ਰਕਿਰਿਆ ਮਿਤੀ 10.02.2025 ਨੂੰ ਸਵੇਰੇ 10 ਵਜੇ ਸਭਾ ਦੇ ਦਫਤਰ ਪਿੰਡ ਰਾਏਪੁਰ ਅਰਾਈਆਂ, ਜ਼ਿਲ੍ਹਾ ਕਪੂਰਥਲਾ ਵਿਖੇ ਕੀਤੀ ਜਾਵੇਗੀ। ਭਰਤੀ ਸਬੰਧੀ ਯੋਗਤਾ ਅਤੇ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :

(1) ਉਮੀਦਵਾਰ ਦੀ ਉਮਰ 18 ਸਾਲ ਤੋਂ 37 ਸਾਲ ਹੋਵੇ, (2) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੇਜੂਏਸਨ ਯੋਗਤਾ ਦੀ ਡਿਗਰੀ ਅਤੇ ਦੱਸਵੀਂ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ ਹੋਵੇ ,(3) ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਮਾਣਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ ਜੋ ਕਿ ਦੇ ਅਨੁਸਾਰ ਤਸਦੀਕ ਹੋਵੇ ਤੋਂ ਘੱਟ ਘੱਟ 120 ਘੰਟਿਆਂ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ: (ੳ) ਪਰਸਨਲ ਕੰਪਿਊਟਰ ਦਾ ਕੋਰਸ ਜਾਂ (ਅ) ਇਨਫੋਰਮੇਸ਼ਨ ਟੈਕਨਾਲੋਜੀ ਵਿਚ ਆਫਿਸ ਪਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ (ੲ) ਡੈਸਕਟਾਪ ਪਬਲਿਸਿੰਗ ਦਾ ਕੋਰਸ, (4) ਉਮੀਦਵਾਰ ਦਾ ਪਿਛੋਕੜ ਪੇਂਡੂ ਹੋਣਾ ਚਾਹੀਦਾ ਹੈ, ਸਭਾ ਦੇ ਦਾਇਰੇ ਕਾਰੋਬਾਰ ਦੇ ਨਿਵਾਸੀ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। (5) ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਨੂੰ ਆਪਣੀ ਨਿਯੁਕਤੀ ਦੇ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਦਰਸਾਈ ਗਈ ਜਮਾਨਤ ਗਰੰਟੀ ਦੇ ਤੌਰ ਤੇ ਦੇਣੀ ਪਵੇਗੀ। ਉਮੀਦਵਾਰ ਆਪਣੀ ਅਰਜੀ ਨਾਲ ਆਪਣੀ ਯੋਗਤਾ ਸੰਬੰਧੀ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ, ਪਾਸਪੋਰਟ ਸਾਈਜ ਫੋਟੋ ਅਤੇ ਹਲਫੀਆ ਬਿਆਨ ਸਭਾ ਦੇ ਦਫਤਰ ਵਿਖੇ ਮਿਤੀ 21/01/2025 ਤੋਂ 07/02/2025 ਤੱਕ ਸਵੇਰੇ 10 ਵਜੇ ਤੋਂ ਸਾਮ 4 ਵਜੇ ਤੱਕ 1000 ਰੁਪਏ ਦੇ ਡੀ.ਡੀ. ਫੀਸ ਦਸਤੀ ਜਾਂ ਡਾਕ ਰਾਹੀਂ ਕਿਸੇ ਵੀ ਕੰਮਕਾਜ ਦੇ ਦਿਨ ਸਭਾ ਦੇ ਦਫਤਰ ਹਾਜਰ ਹੋ ਕੇ ਜਾਂ 8727874040 ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਉਮੀਦਵਾਰ ਦੀ ਭਰਤੀ ਕਰਨ ਜਾਂ ਨਾ ਕਰਨ ਸੰਬੰਧੀ ਹੱਕ ਸਲੈਕਸ਼ਨ ਕਮੇਟੀ ਕੋਲ ਰਾਖਵੇਂ ਹੋਣਗੇ।

ਸਹੀ/- ਦੀ ਰਾਏਪੁਰ ਅਰਾਈਆਂ ਸਹਿਕਾਰੀ ਬਹੁਮੰਤਵੀ ਖੇਤੀਬਾੜੀ ਸਭਾ ਲਿਮਟਿਡ ਜ਼ਿਲ੍ਹਾ ਕਪੂਰਥਲਾ

## ਕਲਾਸੀਫਾਈਡ ਇਸ਼ਤਿਹਾਰ

### Change of Name

I, Mamta Rani W/o Mohinder Nath R/o Gali Shekha Wali, VTC Majitha, Distt. Amritsar, Punjab have changed my name after marriage from Mamta Rani to Kanta Rani.

I, Asha Sidhu Wife of Sat Paul, resident of VPO Laroi, District Jalandhar, Punjab, have changed my name from ASHA SIDHU to ASHA RANI. All concerned noted.

I Kishan Bahadur S/o Makhan Lal R/o H.No. 19 C, Phase -3, Tower Enclave , PO Model Town,Jalandhar-144003, Punjab, have changed my name from Kishan Bahadur to Kishan Lal.

I Raman S/o Kishan Lal R/o H.No. 19 C, Phase -3, Tower Enclave , PO Model Town,Jalandhar- 144003, Punjab, have changed my name from Raman to Raman Verma in which given name Raman and surname as Verma.

I, Paramjit Kaur W/O Daljeet Singh, R/O Patti Akalpur Malsian, Tehsil Shahkot, Distt. Jalandhar have changed my minor son's name Karanbir Singh to Karanbir Singh Randhawa. Note Please.

I, Sandeep Kumar S/o Som Nath R/o B41 1231/103, Bootan Pind, Jalandhar, Punjab, India have changed my name to given as Sandep & Surname as Kumar. Please Note.

I, Reeta Devi W/O Sudesh Kumar R/O H.no. W.t 223 , Kot Mohalla ,Basti Sheikh , Jalandhar Have Changed My Name From Reeta Devi To Reeta Rani . All Note.

I, Sonita Bhatti w/o Samiual Bhatti r/o H.No. 54, K.P. Nagar, Jallowal Abadi, Jalandhar have changed my name to Sunita Bhatti. All Please Note.

I, Kumari Prabha D/o Mohinder Nath W/o Bharat Dhawan R/o H.No. T-12/54, Gali Pawara Wali, Kalyan Singh Road, Amritsar, Punjab have changed my name after marriage from Kumari Prabha to Prabha Rani. My correct date of birth is 25-06-1982.

### Change of Name

I, Simarjit Kaur Bhandal W/o Harbhajan Singh Bhandal R/O 53, Model Town, Kapurthala declare that have changed my name from Simerjeet Kaur Bhandal to SIMARJIT KAUR BHANDAL. Please note.

I, Komal Anand w/o Manav Chadda r/o H.No. 40, Tower Town, Back Side TV Tower, Jalandhar have changed my name to Komal Chadda. All Please Note.

I, Shamli Kapoor w/o Gourav Bhalla r/o 326/6, Shaheed Babu Labh Singh Nagar, Po. Nagra Jalandhar have changed my name to Shamli Bhalla, After Marriage. All Please Note.

I, Goldy S/o Surjit Lal R/o Randhawa Masandan, Distt. Jalandhar have changed my name from Goldy to Goldy Mahi. All concerned please note.

I, hitherto known as Jasbir Singh S/o Joginder Singh R/o Badial, Po. Sandhu Chatha, Distt. Kapurthala, Punjab-144625 have changed my name and shall hereafter be known as Jasvir Singh.

I, Navneet Kaur W/o Manpreet Singh R/o Village Tahli, Tehsil Nakodar, Distt. Jalandhar- 144043, Punjab have changed my name to Given name as Navneet & Surname as Kaur. All concerned please note.

I, Somseel Masih S/o Mukhtar Masih R/o H. No. 94, Nandanpur, PO. Nagra, Distt. Jalandhar have changed my name from Samseel Masih to Samshil Masih.

I, Parth S/o Vikas Kumar Resident of H.No. 14, Street No. 8, Cantt Road, Dashmesh Avenue, Mithapur, Tehsil and Distt. Jalandhar, Punjab-144022 have changed my name from Parth to Parth Vaish.

### ਬੇਦਖਲੀ ਨੋਟਿਸ

ਮੈਂ, ਬਲਵਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਮਕਾਨ ਨੰ. 28, ਲਿੱਧੜਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਉਰਫ ਗੋਪੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਬਲਜਿੰਦਰ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਪਿੰਡ ਅਕਾਲਗੜ੍ਹ ਢੱਪਈਆਂ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਿੰਸਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਨੂੰ ਤੰਗ-ਪ੍ਰੇਸ਼ਾਨ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਆਮ ਸੂਚਨਾ

ਮੈ ਰਾਜਪਾਲ ਪੁੱਤਰ ਪ੍ਰੇਮ ਚੰਦ ਵਾਸੀ ਰਮਦਾਸ ਤਹਿ:ਅਜਨਾਲਾ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਸੁਮਨ ਰਾਣੀ ਮੇਰੀ ਸਕੀ ਪੁੱਤਰੀ ਹੈ ਅਤੇ ਮੈਂ ਆਪਣੀ ਪੁੱਤਰੀ ਇੱਕ ਐਲ.ਆਈ.ਸੀ ਕੰਪਨੀ ਦੀ ਪਾਲਿਸੀ ਕਰਵਾਈ ਸੀ ਜਿਸਦਾ ਨੰਬਰ 473074391 ਹੈ। ਬੀਮਾ ਪਾਲਿਸੀ ਵਿਚ ਮੇਰੀ ਪੁੱਤਰੀ ਦਾ ਨਾਮ ਸੋਫੀਆ ਦਰਜ ਹੈ ਜੋ ਕਿ ਗਲਤ ਹੈ ਜਦ ਕਿ ਮੇਰੀ ਪੁੱਤਰੀ ਦਾ ਸਹੀ ਨਾਮ ਸੁਮਨ ਰਾਣੀ ਹੈ।

ਮੈਂ ਸਿਮਰਨਜੀਤ ਪਤਨੀ ਰਾਜਪਾਲ ਤਾਸੀ ਰਮਦਾਸ, ਤਹਿ: ਅਜਨਾਲਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਐਲ. ਆਈ. ਸੀ. ਬੀਮਾ ਪਾਲਿਸੀ ਨੰ: 473074386 ਤੇ ਗਲਤੀ ਨਾਲ ਮੇਰਾ ਨਾਮ ਸੁਮਨ ਪਤਨੀ ਰਾਜ ਪਾਲ ਪੁੱਤਰ ਪ੍ਰੇਮ ਨਾਥ ਤੇ ਜਨਮ ਮਿਤੀ 1/7/1984 ਦਰਜ ਹੋਈ ਹੈ। ਜਦੋਂ ਕਿ ਮੇਰਾ ਸਹੀ ਨਾਮ ਸਿਮਰਨਜੀਤ ਪਤਨੀ ਰਾਜਪਾਲ ਪੁੱਤਰ ਪ੍ਰੇਮ ਚੰਦ ਹੈ ਤੇ ਜਨਮ ਮਿਤੀ 9/8/1983 ਹੈ। ਸੰਬੰਧਤ ਨੋਟ ਕਰਨ।

ਹਰਜਿੰਦਰ ਸਿੰਘ ਪੁੱਤਰ ਸੋਹਣ ਸਿੰਘ, ਪਿੰਡ ਦਨਿਆਲ (ਅੰਮ੍ਰਿਤਸਰ) ਨਾਮ ਪਿੰਡ ਵਡਾਲਾ ਖੁਰਦ ਵਿਖੇ ਚੱਲਦਾ ਟਿਊਬਵੈਲ ਕੁਨੈਕਸ਼ਨ ਏ.ਪੀ. 25/813 ਨੂੰ ਹਰਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ, ਆਰ-2058 ਡੇਰਾ ਬਾਬਾ ਜੈਮਲ ਸਿੰਘ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 7 ਦਿਨਾਂ ਅੰਦਰ ਉੱਪ ਮੰਡਲ ਅਫਸਰ ਬੁਟਾਰੀ ਪੁੱਜਣ ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਕੋਰਟ ਕੰਪਲੈਕਸ 'ਚ ਪਬਲਿਕ ਪਖਾਨਿਆਂ ਦੀ ਹਾਲਤ ਤਰਸਯੋਗ

**ਨਿਹਾਲ ਸਿੰਘ ਵਾਲਾ ( ਲਵਲੀ ਮਾਛੀਕੇ )** ਤਹਿਸੀਲ ਨਿਹਾਲ ਸਿੰਘ ਵਾਲਾ ਕੋਰਟ ਕੰਪਲੈਕਸ ਵਿੱਚ ਜੋ ਪਬਲਿਕ ਵਾਸਤੇ ਪਖਾਨੇ ਬਣੇ ਹੋਏ ਹਨ ਬਹੁਤ ਹੀ ਜਿਆਦਾ ਤਰਸਯੋਗ ਹਾਲਤ ਵਿੱਚ ਹਨ ਕਿਉਂਕਿ ਆਪਾਂ ਤਰਸਯੋਗ ਹਾਲਤ ਨਹੀਂ ਕਹਿ ਸਕਦੇ ਇਹਨਾਂ ਨੂੰ ਬਣਿਆ ਨੂੰ ਕੁਝ ਟਾਈਮ ਹੀ ਹੋਇਆ ਹੈ। ਪਤਾ ਲੱਗਾ ਹੈ ਕਿ ਇਹਨਾਂ ਤੇ ਤਕਰੀਬਨ 8ਕੁ ਲੱਖ ਰੁਪਏ ਖਰਚ ਆਇਆ ਸੀ, ਪਰ ਥੋੜੇ ਟਾਈਮ ਵਿੱਚ ਦੀ ਇਹ ਪਖਾਨੇ ਬਹੁਤ ਬਦਤਰ ਹਾਲਤ ਵਿੱਚ ਚਲੇ ਗਏ ਹਨ । ਜਦ ਇੰਨੇ ਪੈਸੇ ਲਾ ਕੇ ਨਵੇਂ ਤਿਆਰ ਕੀਤੇ ਹੋਏ ਪਖਾਨਿਆਂ ਦਾ ਹਾਲ ਇਹ ਹੋਵੇ ਤਾਂ ਕੀ ਪ੍ਰਸਾਸਨ ਦਾ ਇਸ ਵੱਲ ਕੋਈ ਧਿਆਨ ਨਹੀਂ, ਇੱਥੋਂ ਦੀ ਜੋ ਵੀ ਅਦਾਲਤ ਦੇ ਕਿਸੇ ਕੰਮ ਜਾਂ ਕੋਈ ਹੋਰ ਕਚਹਿਰੀ ਦੇ ਕੰਮ ਆਉਂਦਾ ਹੈ ਤਾਂ ਨੱਕ ਬੰਨ ਕੇ ਲੰਘਣਾ ਪੈਂਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਤਹਿਸੀਲ ਕੋਰਟ ਕੰਪਲੈਕਸ ਦਾ ਕੋਈ ਵੀ ਬਾਲੀ ਵਾਰਸ ਨਾ ਹੋਵੇ । ਆਮ ਪਬਲਿਕ ਨਾਲ ਗੱਲ ਕਰਨ ਤੇ ਪਤਾ ਲੱਗਾ ਕਿ ਇਹ ਥੋੜਾ ਟਾਈਮ ਹੀ ਪਹਿਲਾਂ ਪਖਾਨੇ ਨਵੇਂ ਬਣੇ ਸਨ ਅਤੇ ਕੁਝ ਦਿਨਾਂ ਬਾਅਦ ਹੀ ਇਹਨਾਂ ਦੀ ਹਾਲਤ ਇਸ ਤਰ੍ਹਾਂ ਹੀ ਬਦਤਰ ਪਈ ਹੈ। ਲੋਕਾਂ ਦੀ ਮੰਗ ਹੈ ਕਿ ਪਖਾਨਿਆਂ ਦੀ ਸਫਾਈ ਵਾਸਤੇ ਕੋਈ ਸਫਾਈ ਮੁਲਾਜਮ ਰੱਖ ਕੇ ਇਹਨਾਂ ਵੱਲ ਧਿਆਨ ਦਿੱਤਾ ਜਾਵੇ।

*ਕੀ ਕਹਿਣਾ ਹੈ ਐਸ ਡੀ ਐਮ ਮੈਡਮ ਸਵਾਤੀ ਟਿਵਾਣਾ ਦਾ :* ਜਦ ਐਸ ਡੀ ਐਮ ਮੈਡਮ ਸਵਾਤੀ ਟਿਵਾਣਾ ਨਾਲ ਫੋਨ ਉੱਪਰ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਪਖਾਨੇ ਤਾਂ ਉਹ ਬਿਲਕੁਲ ਬੰਦ ਹਨ ਪਰ ਜਦ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਕਿ ਇਹ ਪਖਾਨੇ ਤਾਂ ਕੁਝ ਟਾਈਮ ਪਹਿਲਾਂ ਹੀ ਨਵੇਂ ਬਣੇ ਹਨ ਤਾਂ ਫਿਰ ਉਹਨਾਂ ਨੇ ਕਿਹਾ ਕਿ ਮੈਂ ਦੇਖਦੀ ਹਾਂ ਪਤਾ ਕਰਦੇ ਹਾਂ। ਕੁੱਝ ਮਹੀਨੇ ਪਹਿਲਾਂ ਬਣੇ ਪਖਾਨਿਆਂ ਦਾ ਕੀ ਪ੍ਰਸ਼ਾਸਨ ਨੂੰ ਬਿਲਕੁਲ ਨਹੀਂ ਪਤਾ ਕੀ ਉਹ ਬੰਦ ਹਨ ਜਾਂ ਚਾਲੂ ਹਾਲਤ ਵਿੱਚ ਹਨ ਅੱਗੇ ਦੇਖੋ ਕੀ ਹੁੰਦਾ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਕਾਂਗਰਸ ਵੱਲੋਂ ਨਾਭਾ 'ਚ ਭਾਜਪਾ ਤੇ ਆਰ ਐੱਸ ਐੱਸ ਖਿਲਾਫ ਰੋਸ ਪ੍ਰਦਸ਼ਨ



**ਨਾਭਾ (ਵਰਿੰਦਰ ਵਰਮਾ)** ਹਲਕਾ ਨਾਭਾ ਦੇ ਪਟਿਆਲਾ ਗੇਟ ਵਿਖੇ ਕਾਂਗਰਸ ਵਲੋਂ ਡਾਕਟਰ ਭੀਮ ਰਾਓ ਅੰਬੇਦਕਰ ਖਿਲਾਫ ਜੋ ਟਿੱਪਣੀਆਂ ਭਾਜਪਾ ਦੇ ਨੇਤਾਵਾਂ ਵੱਲੋਂ ਕੀਤੀਆਂ ਗਈਆ, ਉਨ੍ਹਾਂ ਟਿੱਪਣੀਆਂ ਖਿਲਾਫ ਵਿੱਚ ਰੋਸ ਪ੍ਰਦਰਸ਼ਨ ਜਿਲ੍ਹਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਦੀ ਯੋਗ ਅਗਵਾਈ ਹੇਠ ਕੀਤਾ ਗਿਆ ਅਤੇ ਪੈਦਲ ਕੱਢਿਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਬੀਜੇਪੀ ਅਤੇ ਆਰ ਐਸ ਐਸ ਹਮੇਸ਼ਾ ਹੀ ਕਦੀ ਪੰਡਿਤ ਜਵਾਹਰਲਾਲ ਨਹਿਰੂ, ਕਦੀ ਮਹਾਤਮਾ ਗਾਂਧੀ ਅਤੇ ਕਦੀ ਗਾਂਧੀ ਪਰਵਾਰ ਨੂੰ ਲੈ ਕੇ ਗ਼ਲਤ ਬਿਆਨਬਾਜੀ ਅਤੇ ਗ਼ਲਤ ਟਿਪਣੀਆਂ ਕਰਦੇ ਰਹਿੰਦੇ ਹਨ।ਇਹ ਮਨੂੰ ਸਮ੍ਰਿਤੀ ਦੇ ਉਪਾਸ਼ਕ ਸੰਵੀਧਾਨ ਨੂੰ ਠੇਸ ਪਹੁਚਾਉਣ ਦਾ ਕੰਮ ਕਰਦੇ ਹਨ। ਪਰ ਭਾਰਤ ਦੇਸ਼ 75 ਸਾਲ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਸੰਵਿਧਾਨ ਨਾਲ ਅੱਗੇ ਵਧਿਆ ਤੇ ਵਧਦਾ ਰਹੇਗਾ ਨਾ ਕਿ ਮਨੂੰ ਸਿਮ੍ਰਤੀ ਨਾਲ ਬੀਜੇਪੀ ਅਤੇ ਆਰ ਐਸ ਐਸ ਦੇ ਮਨਸੂਬੇ ਕਾਂਗਰਸ ਪਾਰਟੀ ਅਤੇ ਭਾਰਤ ਲੋਕ ਕਾਮਯਾਬ ਨਹੀਂ ਹੋਣ ਦੇਣਗੇ।ਇਸ ਮੌਕੇ ਗੁਰਪ੍ਰੀਤ ਸਿੰਘ ਧਰਮਸੋਤ, ਬਲਵਿੰਦਰ ਸਿੰਘ ਬਿੱਟੂ ਬਲਾਕ ਪ੍ਰਧਾਨ, ਵਿਵੇਕ ਸਿੰਗਲਾ ਬਲਾਕ ਪ੍ਰਧਾਨ ਸ਼ਹਿਰੀ, ਹਰੀ ਸੇਠ, ਇੰਦਰਜੀਤ ਚੀਕੂ, ਕੁਲਵਿੰਦਰ ਸਿੰਘ ਸੁੱਖੇਵਾਲ ਚੇਅਰਮੈਨ ਕਾਂਗਰਸ ਐਸ ਸੀ ਡਿਪਾਰਟਮੇਂਟ ਪਟਿਆਲਾ ਰੂਲਰ, ਇੰਦਰਪਾਲ ਚੀਮਾ ਜੁਆਇੰਟ ਸੈਕਟਰੀ ਪੰਜਾਬ, ਕਮਲੇਸ਼ ਕੌਰ ਗਿੱਲ ਮਹਿਲਾ ਪ੍ਰਧਾਨ, ਦਰਸ਼ਨ ਭਾਟੀਆ, ਬਿੱਟੂ ਸ਼ਰਮਾ, ਅਸ਼ੋਕ ਬਾਬਰਪੁਰ, ਗੁਰਮੀਤ ਬੂਹੀ, ਭੀਮ ਸਿੰਘ ਸਰਪੰਚ ਬਨੇਰਾ, ਕਰਨੈਲ ਸਿੰਘ ਸੰਜਾ, ਮਾਸਟਰ ਬਲਵਿੰਦਰ ਅਲੀਪੁਰ ਸਰਪੰਚ, ਸੁੱਚਾ ਸਿੰਘ ਸਹੋਲੀ, ਜੱਤੀ ਅਭੇਪੁਰ, ਅਮਨਦੀਪ ਅੌਲਖ ਬੂਹੀ ਸੈਕਟਰੀ ਕਰਮ ਸਿੰਘ ਸਕੋਹਾ, ਜੱਗਾ ਸਿੰਘ ਸਾਬਕਾ ਸਰਪੰਚ ਚੱਠੇ, ਬਚਿੱਤਰ ਸਿੰਘ ਬੋਪਾਰਾਏ, ਅਜੈਬੂ ਨਾਭਾ, ਬਲਕਾਰ ਸਿੰਘ ਰੈਸਲ ਤੋਂ ਇਲਾਵਾ ਵੱਡੀ ਗਿਣਤੀ ਚ ਕਾਂਗਰਸੀ ਆਗੂ ਤੇ ਵਰਕਰ ਮੌਜੂਦ ਸਨ।

# ਮਨਮੀਤ ਸਿੰਘ ਤੇਜੀ ਦਾ ਸਨਮਾਨ



**ਮੋਗਾ ( ਇਕਬਾਲ ਸਿੰਘ ਖਹਿਰਾ)** ਇੰਟਰਨੈਸ਼ਨਲ ਵਾਲਮੀਕਿ ਗਰੁੱਪ ਆਸਟ੍ਰੇਲੀਆ ਦੇ ਸੰਚਾਲਕ ਦੀਪ ਚੰਡਾਲੀਆ ਵੱਲੋਂ ਚਲਾਈ ਗਈ ਘਰ-ਘਰ ਸੰਵਿਧਾਨ ਨੇ ਮੁਹਿਮ ਅਧੀਨ ਵਾਲਮੀਕਿ ਆਸ਼ਰਮ ਮੋਗਾ ਦੇ ਮੁੱਖ ਸੰਚਾਲਕ ਸੇਵਕ ਵਿਜੇ ਦਾਸ ਸ਼ੈਰੀ ਵੱਲੋਂ ਪੰਜਾਬ ਸਰਕਾਰ ਦੇ ਅਸਿਸਟੈਂਟ ਐਡਵੋਕੇਟ ਜਨਰਲ ਮਨਮੀਤ ਸਿੰਘ ਤੇਜ਼ੀ ਦੇ ਉਨ੍ਹਾਂ ਦੇ ਦਫਤਰ ਚੰਡੀਗੜ੍ਹ ਵਿਖੇ ਸੰਵਿਧਾਨ ਦਾ ਮੋਮੈਂਟੋ ਭੇਂਟ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਐਡਵੋਕੇਟ ਮਨਮੀਤ ਸਿੰਘ ਤੇਜੀ ਨੇ ਕਿਹਾ ਕਿ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਦੁਬਾਰਾ ਦਿੱਤੀ ਗਈ ਕੁਰਬਾਨੀ ਦੀ ਸਦਕਾ ਅੱਜ ਅਸੀਂ ਇਸ ਮੁਕਾਮ ਤੇ ਪਹੁੰਚੇ ਹਾਂ। ਸਾਨੂੰ ਉਹਨਾਂ ਦੁਆਰਾ ਕੀਤੇ ਗਏ ਕਾਰਜਾਂ ਨੂੰ ਕਦੀ ਵੀ ਨਹੀਂ ਭੁੱਲਣਾ ਚਾਹੀਦਾ,ਅੱਜ ਦੀਪ ਚੰਡਾਲੀਆ ਆਸਟ੍ਰੇਲੀਆ ਵੱਲੋਂ ਸੰਵਿਧਾਨ ਦਾ ਮੋਮੈਂਟੋ ਘਰ-ਘਰ ਪਹੁੰਚਾਉਣ ਦੀ ਮੁਹਿਮ ਪੂਰੇ ਭਾਰਤ ਵਿੱਚ ਚੱਲ ਰਹੀ ਹੈ ਅਤੇ ਲੋਕ ਇਸ ਮੋਮੈਂਟੋ ਨੂੰ ਤੁਹਾਡੇ ਘਰ ਅਤੇ ਦਫ਼ਤਰ ਵਿੱਚ ਲਗਾ ਰਹੇ ਹਨ ਅਤੇ ਲੋਕ ਹਮੇਸ਼ਾ ਹੀ ਬਾਬਾ ਸਾਹਿਬ ਅਤੇ ਤੁਹਾਡੇ ਰਚੇ ਗਏ ਸੰਵਿਧਾਨ ਨਾਲ ਜੁੜੇ ਹੋਏ ਹਨ।ਇਸ ਮੌਕੇ ਅਰੁਣ ਕੁਮਾਰ ਲੈਕਚਰ ਦੇ ਹੋਰ ਮੌਜੂਦ ਸਨ।

# ਐੱਨ ਐੱਸ ਕਿਊ ਐੱਫ ਵੋਕੇਸ਼ਨਲ ਟੀਚਰਜ਼ ਫ਼ਰੰਟ ਵੱਲੋਂ ਅਰਥੀ ਫੂਕ ਮੁਜ਼ਾਹਰਾ



**ਮਾਨਸਾ (ਆਤਮਾ ਸਿੰਘ ਪਮਾਰ)** ਐੱਨ ਐੱਸ ਕਿਉ ਐਫ਼ ਅਧਿਆਪਕ ਯੂਨੀਅਨ ਨੂੰ ਸਿੱਖਿਆ ਮੰਤਰੀ ਵੱਲੋਂ 14 ਜਨਵਰੀ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨ ਦੇ ਵਿਰੋਧ ਵਿੱਚ ਐੱਨ ਐੱਸ ਕਿਉ ਐਫ਼ ਅਧਿਆਪਕ ਯੂਨੀਅਨ ਜ਼ਿਲ੍ਹਾ ਮਾਨਸਾ ਵੱਲੋਂ ਅੱਜ ਸਥਾਨਕ ਪ੍ਰਬੰਧਕੀ ਕੰਪਲੈਕਸ ਅੱਗੇ ਸਿੱਖਿਆ ਮੰਤਰੀ ਦੀ ਅਰਥੀ ਫੂਕੀ ਗਈ। ਇਸ ਮੌਕੇ ਸੰਬੋਧਨ ਕਰਦੇ ਹੋਏ ਜਿਲ੍ਹਾ ਪ੍ਰਧਾਨ ਗੁਰਪ੍ਰੀਤ ਭੀਖੀ ਨੇ ਕਿਹਾ ਕਿ ਸਰਕਾਰ ਵਾਰ ਵਾਰ ਆਪਣੇ ਵਾਅਦੇ ਤੋਂ ਮੁਕਰ ਰਹੀ ਹੈ ਜਿਸ ਕਾਰਨ ਐੱਨ ਐੱਸ ਕਿਉ ਐਫ਼ ਅਧਿਆਪਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਲ੍ਹਾ ਸਕੱਤਰ ਰਾਜ ਸਿੰਘ ਮਾਨਸਾ ਨੇ ਮੰਗ ਕੀਤੀ ਕਿ ਐੱਨ ਐੱਸ ਕਿਉ ਐਫ਼ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਧਿਆਪਕਾਂ ਨੇ ਕਿਹਾ ਕਿ ਸਰਕਾਰ ਸਾਡੀਆ ਮੰਗਾਂ ਮੰਨਣ ਦੀ ਬਜਾਏ ਵਾਰ ਵਾਰ ਮੀਟਿੰਗ ਦੇ ਕੇ ਗੱਲਬਾਤ ਤੋਂ ਭੱਜ ਰਹੀ ਹੈ।ਜਿਸ ਕਰ ਕੇ ਸਾਡੇ ਕੋਲ ਸੰਘਰਸ਼ ਤੋਂ ਬਿਨਾ ਕੋਈ ਹੋਰ ਚਾਰਾ ਨਹੀਂ ਬਚਿਆ। ਜਥੇਬੰਦੀ ਦੇ ਜਿਲਾ ਵਿੱਤ ਸਕੱਤਰ ਨਰਪਿੰਦਰ ਸਿੰਘ ਮਾਨਸਾ ਨੇ ਕਿਹਾ ਕੇ ਸਰਕਾਰ ਚੋਣਾਂ ਸਮੇਂ ਕੀਤੇ ਵਾਅਦੇ ਅਨੁਸਾਰ ਐਨ ਐਸ ਕਿਊ ਐਫ ਅਧਿਆਪਕਾਂ ਨੂੰ ਕੰਪਨੀਆਂ ਦੇ ਚੁੰਗਲ ਵਿੱਚੋ ਕੱਢਕੇ ਸਿੱਖਿਆ ਵਿਭਾਗ ਵਿੱਚ ਮਾਰਜ ਕਰੇ।ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਸਰਕਾਰ ਨੂੰ ਅਧਿਆਪਕਾ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਰਿੰਦਰ ਖੀਵਾ, ਜਸਪਾਲ ਸਿੰਘ, ਲਾਭ ਸਿੰਘ, ਮਨਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਅਵਤਾਰ ਸਿੰਘ, ਸਰਬਜੀਤ ਸਿੰਘ, ਸੁਖਦੀਪ ਸਿੰਘ, ਕੁਲਵਿੰਦਰ ਸਿੰਘ ਤੋਂ ਇਲਾਵਾ ਡੀ ਟੀ ਐਫ਼ ਦੇ ਜਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ, ਰਾਜਵਿੰਦਰ ਬੈਹਣੀਵਾਲ, ਰਾਜਿੰਦਰ ਸਿੰਘ, ਕੁਲਦੀਪ ਅੱਕਾਵਾਲੀ, ਨਵਜੋਸ਼ ਸਪੋਲੀਆ, ਕਰਨਪਾਲ ਸਿੰਘ ਵੀ ਹਾਜ਼ਰ ਸਨ।

# ਲਾਇਨਜ਼ ਕਲੱਬ ਸੁਨਾਮ ਵੱਲੋਂ ਲਗਾਇਆ ਗਰਮ ਕੱਪੜਿਆਂ ਦਾ ਲੰਗਰ




**ਸੁਨਾਮ, (ਅਸ਼ੋਕ ਬਾਂਸਲ, ਹਾਕਮ ਭੱਟੀ)** ਅਗਰਸੈਨ ਚੌਂਕ ਵਿੱਚ ਲਾਈਨਜ਼ ਕਲੱਬ ਸੁਨਾਮ ਦੇ ਪ੍ਰਧਾਨ ਰਮਨ ਗਰਗ ਦੀ ਪ੍ਰਧਾਨਗੀ ਹੇਠ ਗਰਮ ਕੱਪੜਿਆਂ ਦਾ ਲੰਗਰ ਲਗਾਇਆ ਗਿਆ। ਇਹ ਪ੍ਰੋਜੈਕਟ ਸੈਕਟਰੀ ਕੁਲਦੀਪ ਗਰਗ ਨੇ ਆਪਣੇ ਪਿਤਾ ਸਵਰਗੀ ਸੁਰੇਸ਼ ਕੁਮਾਰ ਦੀ ਯਾਦ ਵਿੱਚ ਲਗਾਇਆ। ਇਸ ਮੌਕੇ 200 ਤੋਂ ਵੱਧ ਗਰਮ ਕੱਪੜੇ ਵੰਡੇ ਗਏ।ਪ੍ਰਧਾਨ ਰਮਨ ਗਰਗ ਨੇ ਦੱਸਿਆ ਕੀ ਇਹ ਕੈਂਪ ਅਗਲੇ ਦਿਨਾਂ ਵਿੱਚ ਵੀ ਜਾਰੀ ਰਹੇਗਾ।ਇਸ ਮੌਕੇ ਕੈਸ਼ੀਅਰ ਰਾਜੀਵ ਸਿੰਗਲਾ ਵੀ ਆਰ ਸੀ ਸੁਸ਼ੀਲ ਕੁਮਾਰ, ਸੀਨੀਅਰ ਮੈਂਬਰ ਮੰਗਤ ਰਾਏ, ਭੂਸ਼ਣ ਕਸਲ ਤੋਂ ਇਲਾਵਾ ਸੁਨੀਲ ਕੁਮਾਰ, ਰਜਤ ਜੈਨ, ਸਤੀਸ਼ ਕੁਮਾਰ, ਰਿਕੀ ਬੰਦਲਿਸ਼ ਆਦੀ ਮੈਂਬਰ ਹਾਜ਼ਰ ਸਨ।

# ਵਾਹਨਾਂ 'ਤੇ ਲਗਾਏ ਰਿਫਲੈਕਟਰ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸ਼ਹਿਰ ਦੀ ਸਮਾਜ ਸੇਵਾ ਸੁਸਾਇਟੀ ਵੱਲੋਂ ਇੱਕ ਹੋਰ ਭਲਾਈ ਦਾ ਕੰਮ ਕਰਦਿਆਂ ਹੋਇਆਂ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਦੇ ਨਾਲ ਡੀ ਐਸ ਪੀ ਦਫਤਰ ਦੇ ਬਾਹਰ ਫਰੀਦਕੋਟ ਰੋਡ 'ਤੇ ਵੱਖ-ਵੱਖ ਵਾਹਨਾਂ ਨੂੰ ਰਿਫਲੈਕਟਰ ਲਾਏ ਗਏ ਇਸ ਸੰਬਧੀ ਜਾਣਕਾਰੀ ਦਿੰਦੇ ਹੋਏ ਸਮਾਜ ਸੇਵਾ ਸੋਸਾਇਟੀ ਦੇ ਪ੍ਰਧਾਨ ਮਦਨ ਮੋਹਨ , ਸੈਕਟਰੀ ਬੁਡ਼ ਚੰਦ ਬਿੰਦਰਾ, ਕੈਸ਼ੀਅਰ ਆਦਰਸ਼ਪਾਲ ਧਵਨ, ਵਾਇਸ ਪ੍ਰਧਾਨ ਹਰਪ੍ਰੀਤ ਸਿੰਘ ਸੋਢੀ, ਸੰਦੀਪ ਮਦਾਨ, ਬੋਬੀ ਗਲਹੋਤਰਾ, ਰਾਕੇਸ਼ ਬਜਾਜ ਨੇ ਦੱਸਿਆ ਕਿ ਅਕਸਰ ਹੀ ਦੇਖਣ ਨੂੰ ਮਿਲਦਾ ਹੈ ਕਿ ਧੁੰਦ ਦੇ ਕਾਰਨ ਸੜਕੀ ਹਾਦਸੇ ਹੋ ਜਾਂਦੇ ਹਨ ਜਿਸ ਨਾਲ ਕਈ ਕੀਮਤੀ ਜਾਨਾ ਚਲੀਆਂ ਜਾਂਦੀਆਂ ਹਨ। ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਮਾਜ ਸੇਵਾ ਸੋਸਾਇਟੀ ਵੱਲੋਂ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਦੇ ਨਾਲ ਡੀ ਐਸ ਪੀ ਦਫਤਰ ਦੇ ਬਾਹਰ ਵੱਖ ਵੱਖ ਵਾਹਨਾਂ ਤੇ ਰਿਫਲੈਕਟਰ ਲਾਏ ਗਏ ਹਨ। ਇਸ ਮੌਕੇ ਡੀਐਸਪੀ ਸਤਨਾਮ ਸਿੰਘ ,ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ, ਟਰੈਫਿਕ ਇੰਚਾਰਜ ਬਲਵਿੰਦਰ ਸਿੰਘ, ਬਲਕਰਨ ਸਿੰਘ , ਦੀਪਕ ਸ਼ਰਮਾ, ਹਰਜਿੰਦਰ ਸਿੰਘ ਅਤੇ ਸੁਸਾਇਟੀ ਦੇ ਮੈਂਬਰਾਂ ਅਤੇ ਹੋਰ ਵੀ ਪੁਲਸ ਕਰਮਚਾਰੀ ਹਾਜ਼ਰ ਸਨ ਜਿਨਾਂ ਵੱਲੋਂ ਮਿਲ ਕੇ ਰਿਫਲੈਕਟਰ ਲਾਏ ਗਏ ਇਸ ਮੌਕੇ ਗੱਲਬਾਤ ਕਰਦੇ ਹੋਏ ਡੀ ਐਸ ਪੀ ਸਤਨਾਮ ਸਿੰਘ ਨੇ ਦੱਸਿਆ ਕਿ ਸਮਾਜ ਸੇਵਾ ਸੁਸਾਇਟੀ ਵੱਲੋਂ ਵਾਹਨਾ ਦੇ ਰਿਫਲੈਕਟਰ ਲਾ ਕੇ ਅੱਜ ਬਹੁਤ ਹੀ ਚੰਗਾ ਕੰਮ ਕੀਤਾ ਹੈ ਵਾਹਨਾ ਤੇ ਰਿਫਲੈਕਟਰ ਲੱਗੇ ਹੋਣ ਕਰਕੇ ਐਕਸੀਡੈਂਟ ਹੋਣ ਤੋਂ ਬਚਾਓ ਰਹਿੰਦਾ ਹੈ ਲਾਈਟ ਦੀ ਰੋਸ਼ਨੀ ਦੇ ਨਾਲ ਦੂਰ ਤੋਂ ਹੀ ਰਿਫਲੈਕਟਰ ਵਿੱਖ ਜਾਂਦਾ ਹੈ ਜਿਸ ਨਾਲ ਦੂਸਰਾ ਵਿਅਕਤੀ ਆਪਣੇ ਵਾਹਨ ਨੂੰ ਹੋਲੀ ਕਰ ਲੈਂਦਾ ਹੈ ਅਤੇ ਐਕਸੀਡੈਂਟ ਤੋਂ ਬਚਾਅ ਹੋ ਜਾਂਦਾ ਹੈ।

# ਵਿਦਿਆਰਥੀ ਪ੍ਰਭ ਸਿੰਘ ਗਿੱਲ ਨੇ ਪੀ ਟੀ ਈ 'ਚ ਪ੍ਰਾਪਤ ਕੀਤੇ ਚੰਗੇ ਬੈਂਡ



*ਪ੍ਰਭ ਸਿੰਘ ਗਿੱਲ ਨੂੰ ਪੀਟੀਈ ਦਾ ਟੀ ਆਰ ਐੱਫ ਦਿੰਦੇ ਹੋਏ ਸੰਸਥਾ ਦੇ ਸਟਾਫ ਮੈਂਬਰ।*

**ਮੋਗਾ ( ਇਕਬਾਲ ਸਿੰਘ ਖਹਿਰਾ)** ਮਾਲਵਾ ਖਿੱਤੇ ਦੀ ਮਸ਼ਹੂਰ ਸੰਸਥਾ ਰਾਈਟ-ਵੇ ਏਅਰਲਿੰਕਸ ਜੋ ਕਈ ਸਾਲਾਂ ਤੋਂ ਆਈਲੈਟਸ ਅਤੇ ਇੰਮੀਗ੍ਰੇਸ਼ਨ ਦੇ ਖੇਤਰ ਵਿਚ ਚੰਗੀ ਭੂਮਿਕਾ ਨਿਭਾ ਰਹੀ ਹੈ।ਇਸੇ ਲੜੀ ਤਹਿਤ ਰਾਈਟ-ਵੇ ਏਅਰਲਿੰਕਸ ਦੇ ਵਿਦਆਰਥੀ ਪ੍ਰਭ ਸਿੰਘ ਗਿੱਲ ਸਪੁੱਤਰ ਤ੍ਰਿਲੋਚਨ ਸਿੰਘ ਵਾਸੀ ਮੋਗਾ ਨੇ ਕ੍ਰਮਵਾਰ ਲਿਸਨਿੰਗ 'ਚ 60, ਰੀਡਿੰਗ 'ਚ 56, ਰਾਈਟਿੰਗ 'ਚ 57, ਸਪੀਕਿੰਗ 'ਚ 69 ਅਤੇ ਉਵਰਆਲ ਪੀ ਟੀ ਈ ਵਿਚੋਂ 60 ਸਕੋਰ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕੀਤਾ।

ਇਸ ਮੌਕੇ ਸੰਸਥਾ ਦੇ ਡਾਇਕਟਰ ਦੇਵ ਪ੍ਰਿਆ ਤਿਆਗੀ ਨੇ ਪ੍ਰਭ ਸਿੰਘ ਗਿੱਲ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸੰਸਥਾ 'ਚ ਬੱਚਿਆ ਨੂੰ ਤਜਰਬੇਕਾਰ ਟੀਚਰਾਂ ਵਲੋਂ ਆਈਲੈਟਸ ਅਤੇ ਪੀ ਟੀ ਈ ਦੇ ਟੈਸਟ ਦੀ ਤਿਆਰੀ ਕਰਵਾਈ ਜਾਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਸਥਾ ਵਲੋ ਵਿਦਆਰਥੀਆਂ ਨੂੰ ਆਈਲੈਟਸ ਅਤੇ ਪੀਟੀਈ ਦਾ ਸਾਰਾ ਲੋੜੀਦਾ ਮਟੀਰੀਅਲ ਮਹੁੱਈਆ ਕਰਵਾਇਆ ਜਾਂਦਾ ਹੈ।ਉਨ੍ਹਾਂ ਪ੍ਰਭ ਸਿੰਘ ਗਿੱਲ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆ ਨੂੰ ਜਿਆਦਾ ਮਿਹਨਤ ਕਰਕੇ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਪ੍ਰਭ ਸਿੰਘ ਗਿੱਲ ਨੇ ਰਾਈਟ-ਵੇ ਏਅਰਲਿੰਕਸ ਦੇ ਸਾਰੇ ਸਟਾਫ ਮੈਂਬਰਾ ਅਤੇ ਸੰਸਥਾ ਦੇ ਡਾਇਰੈਟਰ ਦਾ ਧੰਨਵਾਦ ਕੀਤਾ।

# ਹੱਡ ਚੀਰਵੀ ਠੰਢ 'ਚ ਨਿੱਕੇ-ਨਿੱਕੇ ਸਕੂਲੀ ਬੱਚੇ ਲੋਹੇ ਦੀਆਂ ਚਾਦਰਾਂ ਹੇਠ ਬੈਠ ਕੇ ਪੜ੍ਹਨ ਨੂੰ ਹੋਏ ਮਜਬੂਰ





**ਨਾਭਾ, (ਵਰਿੰਦਰ ਵਰਮਾ)** ਸੂਬੇ ਦੀ ਸਰਕਾਰ ਵੱਲੋਂ ਜਿੱਥੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਹਤ ਸਹੂਲਤਾਂ ਤੇ ਸਿੱਖਿਆ ਦੇ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ, ਉੱਥੇ ਮੈਕਸੀਮਮ ਸਿਕਿਉਰਟੀ ਜੇਲ ਨਾਭਾ ਵਿੱਚ ਬਣੇ ਸਕੂਲ ਅੰਦਰ ਪੋਹ ਮਾਘ ਦੇ ਦਿਨਾਂ ਵਿੱਚ ਨਿੱਕੇ ਨਿੱਕੇ ਮਾਸੂਮ ਬੱਚੇ ਲੋਹੇ ਦੀਆਂ ਚਾਦਰਾਂ ਦੇ ਬਰਾਂਡੇ ਹੇਠ ਜਿਨ੍ਹਾਂ ਦੇ ਦੋਵੇਂ ਪਾਸੇ ਕੋਈ ਖਿੜਕੀ ਜਾ ਦਰਵਾਜ਼ਾ ਨਹੀਂ ਲੱਗਿਆ ਹੋਇਆ ਉਸ ਥਾਂ 'ਤੇ ਪੜ੍ਹਨ ਲਈ ਮਜਬੂਰ ਹਨ। ਇਹਨਾਂ ਹਾਲਾਤਾਂ ਸੰਬੰਧੀ ਜਦੋਂ ਸਕੂਲ ਮੁਖੀ ਸੁਮਨ ਲਤਾ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਸਕੂਲ ਦੇ ਸਮੁੱਚੇ ਸਟਾਫ ਅਤੇ ਬੱਚਿਆਂ ਦੇ ਮਾਪਿਆਂ ਵੱਲੋਂ ਕਈ ਵਾਰ ਇਸ ਸੰਬੰਧੀ ਸਮੇਂ ਦੀਆਂ ਸਰਕਾਰਾਂ ਨੂੰ ਲਿਖ ਕੇ ਦਿੱਤਾ ਜਾ ਚੁੱਕਿਆ ਹੈ ਕਿ ਬੱਚਿਆਂ ਦੇ ਬੈਠਣ ਲਈ ਕੋਈ ਵੀ ਖਾਸ ਪ੍ਰਬੰਧ ਨਹੀਂ ਇੱਥੋਂ ਤੱਕ ਕਿ ਜੋ ਵੀ ਪੁਰਾਣੇ ਸਮਿਟ ਦੀਆਂ ਚਾਦਰਾਂ ਦੇ ਵਰਾਂਡੇ ਜਾਂ ਕਮਰੇ ਬਣੇ ਹੋਏ ਹਨ ਉਹ ਬਰਸਾਤਾਂ ਦੇ ਦਿਨਾਂ ਵਿੱਚ ਚੋਣ ਲੱਗ ਜਾਂਦੇ ਹਨ ਜਿਸ ਕਰਕੇ ਬੱਚਿਆਂ ਤੇ ਸਟਾਫ ਮੈਂਬਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲ ਮੁਖੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੁਝ ਸਮਾਂ ਪਹਿਲਾਂ ਦੋ ਕਮਰਿਆਂ ਦੇ ਬਣਾਉਣ ਲਈ ਗਰਾਂਟ ਜਾਰੀ ਕੀਤੀ ਗਈ ਸੀ ਦੇ ਬਾਵਜੂਦ ਅੱਜ ਤੱਕ ਕੋਈ ਵੀ ਕੰਮ ਨਹੀਂ ਚੱਲਿਆ।

ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਦੋ ਕਮਰੇ ਜਲਦੀ ਬਣਾਏ ਜਾਣ ਅਤੇ ਹੋਰ ਗਰਾਂਟ ਜਾਰੀ ਕੀਤੀ ਜਾਵੇ ਤਾਂ ਜੋ ਇਸ ਸਕੂਲ ਵਿੱਚ ਪੜ੍ਹਦੇ ਨਿੱਕੇ ਨਿੱਕੇ ਬੱਚੇ ਕਮਰਿਆਂ ਵਿੱਚ ਬੈਠ ਕੇ ਪੜ੍ਹਾਈ ਕਰ ਸਕਣ।ਉਹਨਾਂ ਕਿਹਾ ਕਿ ਇਸ ਸਕੂਲ ਵਿੱਚ ਕਰੀਬ 377 ਬੱਚੇ ਪੜ੍ਹਦੇ ਹਨ ਜਿਸ ਕਰਕੇ ਸਰਕਾਰ ਨੂੰ ਇਸ ਸਮੱਸਿਆ ਵੱਲ ਜਲਦ ਤੋਂ ਜਲਦ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅਸੀਂ ਪਿਛਲੇ ਦਿਨੀ ਨਾਭਾ ਪਹੁੰਚੇ ਜੇਲ ਮੰਤਰੀ ਨਾਲ ਵੀ ਗੱਲ ਕੀਤੀ ਸੀ ਜਿਨਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਜਲਦ ਹੀ ਸਕੂਲ ਵਿੱਚ ਕਮਰੇ ਬਣਾਏ ਜਾਣਗੇ।ਸਕੂਲ ਵਿੱਚ ਬੱਚਿਆਂ ਅਤੇ ਸਟਾਫ ਨੂੰ ਆ ਰਹੀ ਸਮੱਸਿਆ ਸੰਬੰਧੀ ਜਦੋਂ ਸੀਨੀਅਰ ਕੌਂਸਲਰ ਅਸ਼ੋਕ ਬਿੱਟੂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਉਹ ਲੰਮਾ ਸਮਾਂ ਇਸ ਸਕੂਲ ਦੀ ਪਸਵਕ ਕਮੇਟੀ ਦੇ ਚੇਅਰਮੈਨ ਰਹੇ ਹਨ ਉਸ ਵੇਲੇ ਵੀ ਉਹਨਾਂ ਵੱਲੋਂ ਸਰਕਾਰ ਤੱਕ ਬੱਚਿਆਂ ਨੂੰ ਸਿੱਖਿਆ ਮੁੱਹਈਆ ਕਰਵਾਉਣ ਲਈ ਅਤੇ ਉਨ੍ਹਾਂ ਦੇ ਬੈਠਣ ਲਈ ਕਮਰੇ ਬਣਾਉਣ ਵਾਸਤੇ ਅਨੇਕਾਂ ਵਾਰ ਲਿਖ ਕੇ ਭੇਜਿਆ ਗਿਆ ਸੀ ਜਿਸ ਦੀ ਬਦੌਲਤ ਸਕੂਲ ਵਿੱਚ ਕੁਝ ਕਮਰੇ ਬਣਾਏ ਗਏ ਸਨ, ਪਰ ਬੱਚਿਆਂ ਦੀ ਗਿਣਤੀ ਨੂੰ ਵੇਖਦੇ ਹੋਏ ਕਮਰੇ ਬਹੁਤ ਘੱਟ ਹਨ ਜਿਸ ਕਰਕੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਸਕੂਲ ਵਿੱਚ ਵੱਧ ਤੋਂ ਵੱਧ ਕਮਰੇ ਬਣਵਾਏ।

ਅਸ਼ੋਕ ਬਿੱਟੂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਅੰਦਰ ਐਮਿਨੈਂਸ਼ ਸਕੂਲ ਬਣਾਉਣ ਦਾ ਢੰਡੋਰਾ ਤਾਂ ਰੌਜ਼ਾਨਾ ਹੀ ਪਿੱਟ ਰਹੀ ਹੈ, ਦੇ ਬਾਵਜੂਦ ਅਜਿਹੇ ਸਕੂਲਾਂ ਵੱਲ ਸੂਬਾ ਸਰਕਾਰ ਵੱਲੋਂ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਜਿੱਥੇ ਜਿਆਦਾਤਰ ਲੋੜਵੰਦ ਪਰਿਵਾਰਾਂ ਦੇ ਬੱਚੇ ਪੜ੍ਹਾਈ ਕਰ ਰਹੇ ਹਨ।ਹੁਣ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਸਰਕਾਰ ਇਸ ਸਕੂਲ ਵੱਲ ਧਿਆਨ ਦੇਵੇਗੀ ਜਾ ਇਹ ਮਾਸੂਮ ਬੱਚੇ ਇਸੇ ਤਰ੍ਹਾਂ ਠੰਡੀਆਂ ਹਵਾਵਾਂ ਜਾ ਤਪਦੀਆਂ ਧੁੱਪਾਂ ਵਿੱਚ ਇਹਨਾਂ ਲੋਹੇ ਦੀਆਂ ਚਾਦਰਾਂ ਦੇ ਨਾਲ ਬਣੇ ਬਰਾਂਡਿਆਂ ਵਿੱਚ ਪੜ੍ਹਨ ਲਈ ਇਸੇ ਤਰ੍ਹਾਂ ਮਜਬੂਰ ਹੁੰਦੇ ਰਹਿਣਗੇ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ!

# ਆਂਗਨਵਾੜੀ ਵਰਕਰਾਂ ਵੱਲੋਂ ਕੇਂਦਰੀ ਵਿੱਤ ਮੰਤਰੀ ਦੇ ਨਾਂਅ ਮੰਗ ਪੱਤਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਆਲ ਇੰਡੀਆ ਫੈਡਰੇਸ਼ਨ ਦੇ ਸੱਦੇ 'ਤੇ ਬਲਾਕ ਪਾਤੜਾਂ ਵਿਖੇ ਬਲਾਕ ਪ੍ਰਧਾਨ ਸੁਦੇਸ਼ ਕੁਮਾਰੀ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਆਪਣੀਆਂ ਮੁੱਖ ਮੰਗਾਂ ਨੂੰ ਲੈ ਕੇ ਵਿੱਤ ਮੰਤਰੀ ਸ਼੍ਰੀਮਤੀ ਸੀਤਾ ਰਮਨ ਨੂੰ ਰਾਹੀਂ ਸੀਡੀਪੀਓ ਮੰਗ ਪੱਤਰ ਭੇਜਿਆ ਗਿਆ। ਇਸ ਦੌਰਾਨ ਇੱਕਤਰ ਆਂਗਨਵਾੜੀ ਵਰਕਰਾਂ ਨੇ ਹੱਕੀ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਮੰਗ ਪੱਤਰ ਦੇਣ ਉਪਰੰਤ ਜਥੇਬੰਦੀ ਦੇ ਸੂਬਾਈ ਵਿੱਤ ਸਕੱਤਰ ਅੰਮ੍ਰਿਤਪਾਲ ਕੌਰ ਕਿਹਾ ਕਿ ਦੇਸ਼ ਅੰਦਰ ਸਭ ਤੋਂ ਵੱਡੀ ਚੁਣੌਤੀ ਬੱਚਿਆਂ ਵਿੱਚ ਕੁਪੋਸ਼ਣ ਦਾ ਹੋਣਾ ਹੈ। ਉਹਨਾਂ ਦੱਸਿਆ ਕਿ ਸੰਸਾਰ ਸਿਹਤ ਸੰਸਥਾ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਭਾਰਤ ਦੇ 50 ਫੀਸਦੀ ਬੱਚੇ ਕਪੋਸ਼ਨ ਦੇ ਸ਼ਿਕਾਰ ਹਨ। ਬਲਾਕ ਸੈਕਟਰੀ ਰਣਬੀਰ ਕੌਰ ਨੇ ਕਿਹਾ ਕਿ ਮਹਾਂਮਾਰੀ ਅਤੇ ਲੌਕਡਾਊਨ ਨੇ ਨੌਕਰੀਆਂ ਅਤੇ ਆਮਦਨੀ ਦੇ ਨੁਕਸਾਨ, ਬੇਰੁਜ਼ਗਾਰੀ ਆਦਿ ਨਾਲ ਸਥਿਤੀ ਨੂੰ ਵਿਗਾੜ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਵਿੱਤ ਮੰਤਰਾਲਾ ਆਉਣ ਵਾਲੇ ਸਮੇਂ ਵਿੱਚ 7 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਦੇ ਨਾਲ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦਾ ਦਾਅਵਾ ਕਰਦਾ ਹੈ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ।ਉਹਨਾਂ ਕੇਂਦਰ ਸਰਕਾਰ ਤੋਂ ਆਂਗਨਵਾੜੀ ਵਰਕਰਾਂ ਦੀਆਂ ਹੱਕੀ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ। ਇਸ ਮੌਕੇ ਆਂਗਨਵਾੜੀ ਮੁਲਾਜ਼ਮ ਆਗੂ ਸੁਨੀਤਾ ਰਾਣੀ, ਕੁਲਵਿੰਦਰ ਕੌਰ, ਨੀਲਮ ਰਾਣੀ, ਪਰਮਿੰਦਰ ਕੌਰ, ਪੁਸ਼ਪਾ ਰਾਣੀ, ਰੂਪ ਕੌਰ, ਸੁਖਜੀਤ ਕੌਰ ਅਤੇ ਸ਼ਿੰਦਰ ਕੌਰ ਨੇ ਸੰਬੋਧਨ ਕੀਤਾ।

# ਜਾਨਲੇਵਾ ਚਾਈਨਾ ਡੋਰ ਦੀ ਵਰਤੋਂ ਨੂੰ ਰੋਕਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ ਦੀ ਮੰਗ : ਸਕੂਲ ਪ੍ਰਬੰਧਕ




**ਬਾਘਾ ਪੁਰਾਣਾ (ਮਨੀ ਸਿਗਲਾ)** ਚਾਈਨਾ ਡੋਰ ਬਹੁਤ ਹੀ ਖਤਰਨਾਕ ਹੈ ਇਸਨੇ ਅਨੇਕਾਂ ਪੰਛੀਆਂ ਅਤੇ ਮਨੁੱਖਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਸਾਨੂੰ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਿੰਸੀਪਲ ਸਰਦਾਰ ਗੁਰਦੇਵ ਸਿੰਘ ,ਐਡਵੋਕੇਟ ਨਰਸਿੰਗ ਬਰਾੜ, ਪ੍ਰਧਾਨ ਵਿਜੇ ਬਾਂਸਲ , ਡਾਇਰੈਕਟਰ ਪ੍ਰਿੰਸੀਪਲ ਸੰਦੀਪ ਮਹਿਤਾ, ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਅਜੇਪਾਲ ਸਿੰਘ ,ਚੇਅਰਮੈਨ ਤਰਸੇਮ ਲਾਲ, ਐਮਡੀ ਜਗਦੀਪ ਸਿੰਘ ਬਰਾੜ ਨੇ ਕਰਦਿਆਂ ਆਖਿਆ ਕਿ ਸਰਕਾਰ ਵੱਲੋਂ ਚਾਈਨਾ ਡੋਰ 'ਤੇ ਪੂਰਨ ਤੌਰ 'ਤੇ ਪਾਬੰਦੀ ਹੈ, ਪਰ ਅਕਸਰ ਦੇਖਿਆ ਜਾਂਦਾ ਹੈ ਕਿ ਲੋਕ ਥੋੜੇ ਜਿਹੇ ਪੈਸੇ ਦੀ ਲਾਲਚ ਕਾਰਨ ਇਸ ਦੀ ਵਰਤੋਂ ਕਰ ਰਹੇ ਹਨ, ਇਹ ਬਹੁਤ ਹੀ ਗਲਤ ਗੱਲ ਹੈ। ਉਨ੍ਹਾਂ ਆਖਿਆ ਕਿ ਸਾਨੂੰ ਸਾਰਿਆਂ ਨੂੰ ਸਰਕਾਰ ਨੂੰ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਜੋ ਵੀ ਲੋਕ ਚਾਈਨਾ ਡੋਰ ਦੀ ਵਰਤੋਂ ਕਰਦੇ ਹਨ ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਅੱਜ ਕੱਲ ਦੇ ਪੜ੍ਹੇ ਲਿਖੇ ਸਮਾਜ ਵਿਚ ਕੁਝ ਜਾਗਰੂਕਤਾ ਆ ਚੁੱਕੀ ਹੈ, ਪਰ ਕੁਝ ਲੋਕ ਪੈਸਿਆਂ ਦੇ ਲਾਲਚ ਆ ਕੇ, ਜਿਥੇ ਮਨੁੱਖੀ ਜੀਵਨ ਨੂੰ ਖਤਰੇ ਵਿਚ ਪਾ ਰਹੇ ਹਨ, ਉਥੇ ਹੀ ਇਹ ਲੋਕ ਬੇਜੁਬਾਨ ਪੰਛੀਆਂ ਦੀ ਮੌਤ ਦਾ ਕਾਰਨ ਵੀ ਬਣ ਰਹੇ ਹਨ। ਪਿਛਲੇ ਲੰਬੇ ਅਰਸੇ ਤੋਂ ਚਾਈਨਾ ਡੋਰ ਤੇ ਪਾਬੰਦੀ ਲਗਾਉਣ ਸਬੰਧੀ ਵੱਖ-ਵੱਖ ਸਮਾਜ ਸੇਵੀਆਂ ਅਤੇ ਨੁਮਾਇੰਦਿਆਂ ਵੱਲੋਂ ਸਰਕਾਰ ਪਾਸੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਜਾਨਲੇਵਾ ਚਾਈਨਾ ਡੋਰ ਦੀ ਵਰਤੋਂ ਨੂੰ ਰੋਕਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ ਅਤੇ ਸਰਕਾਰ ਆਪਣੇ ਦਮ 'ਤੇ ਇਸ 'ਤੇ ਪਾਬੰਦੀ ਲਈ ਵੱਖ-ਵੱਖ ਤਰ੍ਹਾਂ ਦੀਆਂ ਪਾਬੰਦੀਆਂ ਵੀ ਲਗਾ ਰਹੀ ਹੈ, ਪਰ ਅੱਜ ਵੀ ਚਾਈਨਾ ਡੋਰ ਦੀ ਵਰਤੋਂ ਦਾ ਸਿਲਸਿਲਾ ਬਰਕਰਾਰ ਹੈ ਜੋ ਕਿ ਆਮ ਲੋਕਾਂ ਤੋਂ ਸਿਵਾ ਪੰਛੀਆਂ ਦੀ ਮੌਤ ਦਾ ਕਾਰਨ ਹੈ। ਸਾਨੂੰ ਇਕ ਚੰਗੇ ਨਾਗਰਿਕ ਹੋਣ ਦੇ ਨਾਤੇ ਚਾਈਨਾ ਡੋਰ ਦੀ ਵਰਤੋ ਨਹੀਂ ਕਰਨੀ ਚਾਹੀਦੀ। ਇਸ ਨਾਲ ਇਕ ਤਾਂ ਅਸੀਂ ਮਨੁੱਖ ਦੇ ਨਾਲ ਨਾਲ ਬੇਜੁਬਾਨ ਪੰਛੀਆਂ ਨੂੰ ਮਰਨੋ ਬਚਾ ਸਕਦੇ ਹਾਂ, ਕਿਉਂਕਿ ਦੋ ਪਹੀਆ ਵਾਹਨ ਚਾਲਕਾਂ ਵਾਸਤੇ ਇਸ ਤੋਂ ਬਚਣਾ ਬਹੁਤ ਮੁਸਕਿਲ ਹੁੰਦਾ ਹੈ। ਦੂਸਰੇ ਪਾਸੇ ਹੀ ਅਸੀਂ ਚਾਈਨਾ ਡੋਰ ਦੀ ਵਰਤੋਂ ਨਾ ਕਰ ਕੇ ਇਕ ਚੰਗਾ ਨਾਗਰਿਕ ਬਣਨ ਦਾ ਸੁਨੇਹਾ ਵੀ ਦੇ ਸਕਦੇ ਹਾਂ। ਉਨ੍ਹਾਂ ਕਿਹਾ ਕਿ ਮਕਰ ਸੰਕ੍ਰਾਂਤੀ 'ਤੇ ਬੱਚਿਆਂ 'ਚ ਪਤੰਗ ਉਡਾਉਣ ਨੂੰ ਲੈਕੇ ਭਾਰੀ ਉਤਸ਼ਾਹ ਸੀ, ਪਰ ਥੋੜੀ ਜਿਹੀ ਲਾਪਰਵਾਹੀ ਕਾਰਨ ਖੁਸ਼ੀਆਂ ਭਰਿਆ ਤਿਉਹਾਰ ਗਮੀ ਵਿਚ ਬਦਲ ਜਾਂਦਾ ਹੈ। ਇਸ ਵਿਚ ਚੀਨ ਤੋਂ ਦਰਾਮਦ ਕੀਤੀ ਮਜ਼ਬੂਤ ਰੱਸੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਰੂ ਸਤਰ ਦੀ ਦਰਾਮਦ 'ਤੇ ਪੂਰਨ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਤਾਂ ਜੋ ਇਸ ਸਤਰ ਕਾਰਨ ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਵਾਪਰ ਰਹੇ ਹਾਦਸਿਆਂ ਨੂੰ ਰੋਕਿਆ ਜਾ ਸਕੇ। ਇਹ ਸਤਰ ਲੋਕਾਂ ਦੇ ਨਾਲ-ਨਾਲ ਵਾਤਾਵਰਣ ਲਈ ਵੀ ਬਹੁਤ ਖਤਰਨਾਕ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਇਸ ਤਾਰਾਂ ਕਾਰਨ ਹਜ਼ਾਰਾਂ ਪਸ਼ੂ-ਪੰਛੀ ਆਪਣੀ ਜਾਨ ਗੁਆ ਲੈਂਦੇ ਹਨ। ਉਨ੍ਹਾਂ ਕਿਹਾ ਕਿ ਮਾਰੂ ਸਤਰ 'ਤੇ ਪਾਬੰਦੀ ਲਗਾਉਣ ਦੇ ਨਾਲ-ਨਾਲ ਇਸ ਤਾਰ ਨੂੰ ਚੋਰੀ-ਛਿਪੇ ਵੇਚਣ ਅਤੇ ਖਰੀਦਣ ਵਾਲਿਆਂ ਵਿਰੁੱਧ ਕਾਨੂੰਨ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਨਾਲ-ਨਾਲ ਲੋਕਾਂ ਨੂੰ ਵੀ ਚਾਈਨਾ ਡੋਰ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਅੱਗੇ ਆਉਣਾ ਚਾਹੀਦਾ ਹੈ। ਹਰ ਮਾਤਾ-ਪਿਤਾ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਬੱਚਾ ਚਾਈਨਾ ਡੋਰ ਦੀ ਵਰਤੋਂ ਨਾ ਕਰੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਚਾਈਨਾ ਡੋਰ ਵੇਚਣ ਵਾਲਿਆਂ ਨੂੰ ਕਾਨੂੰਨ ਦਾ ਡਰ ਅਤੇ ਸਖ਼ਤ ਸਜ਼ਾ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਇਸ ਸਮੱਸਿਆ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਹੋਵੇਗਾ।

# ਅੰਬੇਡਕਰ ਖਿਲਾਫ ਟਿੱਪਣੀਆਂ ਨੂੰ ਲੈ ਕੇ ਕਾਂਗਰਸੀਆਂ ਵੱਲੋਂ ਘੱਗਾ 'ਚ ਰੋਸ ਮੁਜ਼ਾਹਰਾ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਬ ਡਿਵੀਜ਼ਨ ਪਾਤੜਾਂ ਅਧੀਨ ਆਉਂਦੇ ਕਸਬਾ ਘੱਗਾ ਵਿਖੇ ਕਾਂਗਰਸ ਪਾਰਟੀ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਖਿਲਾਫ ਕੀਤੀ ਗਈ ਟਿੱਪਣੀ ਦੇ ਵਿਰੋਧ ਵਿੱਚ ਜੋਰਦਾਰ ਰੋਸ ਮੁਜ਼ਾਹਰਾ ਕਰਕੇ ਨਾਅਰੇਬਾਜ਼ੀ ਕੀਤੀ ਗਈ।ਰੋਸ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਕਾਂਗਰਸ ਦੇ ਬਲਾਕ ਪ੍ਰਧਾਨ ਹਰਦੀਪ ਸਿੰਘ ਕੁਲਾਰਾਂ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਡਾ ਭੀਮ ਰਾਓ ਅੰਬੇਡਕਰ ਖ਼ਿਲਾਫ਼ ਟਿੱਪਣੀ ਕਰਕੇ ਉਨ੍ਹਾਂ ਦੇ ਮਾਣ ਸਤਿਕਾਰ ਨੂੰ ਢਾਹ ਲਾਈ ਹੈ।ਉਨ੍ਹਾਂ ਡਾ ਅੰਬਡਕਰ ਦੀਆਂ ਸਮਾਜ ਤੇ ਸੰਵਿਧਾਨ ਪ੍ਰਤੀ ਘਾਲਣਾ ਨੂੰ ਯਾਦ ਕਰਦਿਆਂ ਭਾਜਪਾ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਅੰਦਰ ਜਮਹੂਰੀਅਤ ਦਾ ਲਗਾਤਾਰ ਘਾਣ ਕੀਤਾ ਜਾ ਰਿਹਾ ਹੈ ਅਤੇ ਸਮਾਜ ਨੂੰ ਵੰਡਣ ਦੀਆਂ ਕੋਝੀਆਂ ਚਾਲਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਆਗੂਆਂ ਨੇ ਮੋਦੀ ਸਰਕਾਰ ਵੱਲੋਂ ਸਮਾਜ 'ਚ ਵੰਡੀਆਂ ਪਾਏ ਜਾਣ ਦੇ ਯਤਨਾਂ ਖ਼ਿਲਾਫ ਲੋਕਾਂ ਨੂੰ ਖੜ੍ਹੇ ਹੋਣ ਦਾ ਸੁਨੇਹਾ ਵੀ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਛੱਤਰ ਸਿੰਘ ਅਰਾਈਮਾਜਰਾ , ਪ੍ਰਿਤਪਾਲ ਸਿੰਘ ਬਿੱਟੂ, ਬਲਦੇਵ ਸਿੰਘ ਬੋਹੜੀ ਵਾਲਾ, ਨਰਿੰਦਰ ਸਿੰਗਲਾ, ਧਰਮਿੰਦਰ ਸਿੰਘ ਨਨਹੇੜਾ, ਸਰਬਜੀਤ ਸਿੰਘ ਜੌੜਾਮਾਜਰਾ, ਗੁਰਚਰਨ ਸਿੰਘ ਤੇ ਸਤਨਾਮ ਸਿੰਘ ਬਰਾਸ ਆਦਿ ਹਾਜ਼ਰ ਸਨ।

# ਡੇਢ ਸਾਲਾ ਮਾਸੂਮ ਬੱਚੇ ਨੂੰ ਅਵਾਰਾ ਕੁੱਤੇ ਨੇ ਨੋਚਿਆ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** -ਬੇਟ ਇਲਾਕੇ ਦੇ ਪਿੰਡ ਸੈਸੋਂਵਾਲ ਖੁਰਦ ਵਿਖੇ ਵਾਪਰੀ ਇੱਕ ਘਟਨਾ ਵਿਚ ਅਵਾਰਾ ਕੁੱਤੇ ਨੇ ਘਰ ਦੇ ਬਾਹਰ ਖੇਡ ਰਹੇ ਡੇਢ ਸਾਲਾਂ ਮਾਸੂਮ ਬੱਚੇ 'ਤੇ ਹਮਲਾ ਕਰ ਉਸ ਨੂੰ ਨੋਚ ਖਾਧਾ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸੈਸੋਂਵਾਲ ਖੁਰਦ ਦੇ ਵਾਸੀ ਅਮਰ ਸਿੰਘ ਦਾ ਡੇਢ ਸਾਲਾਂ ਪੁੱਤਰ ਰਾਜਵੀਰ ਸਿੰਘ ਖੇਡਦਾ-ਖੇਡਦਾ ਘਰ ਬਾਹਰ ਚਲਾ ਗਿਆ ਜਿਸ ਦੀ ਮਾਂ ਘਰੇਲੂ ਕੰਮਕਾਰ ਵਿਚ ਲੱਗੀ ਹੋਈ ਸੀ। ਦੁਪਹਿਰ ਕਰੀਬ 2 ਵਜੇ ਇੱਕ ਅਵਾਰਾ ਕੁੱਤੇ ਨੇ ਘਰ ਬਾਹਰ ਖੇਡ ਰਹੇ ਰਾਜਵੀਰ ਸਿੰਘ 'ਤੇ ਹਮਲਾ ਕਰ ਉਸ ਦੇ ਮੂੰਹ ਨੂੰ ਨੋਚ ਲਿਆ। ਬੱਚੇ ਦਾ ਰੌਲਾ ਸੁਣ ਕੇ ਉਸਦੀ ਮਾਂ ਭੱਜ ਕੇ ਆਈ ਜਿਸ ਨੇ ਬੜੀ ਮੁਸ਼ਕਿਲ ਨਾਲ ਕੁੱਤੇ ਕੋਲੋਂ ਆਪਣੇ ਪੁੱਤਰ ਨੂੰ ਛੁਡਾਇਆ। ਅਵਾਰਾ ਕੁੱਤੇ ਦੇ ਨੋਚਣ ਨਾਲ ਮਾਸੂਮ ਬੱਚੇ ਦਾ ਮੂੰਹ ਲਹੂ ਲੁਹਾਨ ਹੋ ਗਿਆ ਜਿਸ ਨੂੰ ਇਲਾਜ ਲਈ ਸੀਐੱਮਸੀ ਹਸਪਤਾਲ ਲਿਆਂਦਾ ਗਿਆ।

ਜਾਣਕਾਰੀ ਅਨੁਸਾਰ ਹਸਪਤਾਲ ਵਿਚ ਬੱਚੇ ਦੀ ਸਰਜਰੀ ਕੀਤੀ ਜਾ ਰਹੀ ਹੈ। ਪਿੰਡ ਦੇ ਸਾਬਕਾ ਸਰਪੰਚ ਸੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਵਿਚ ਕਾਫ਼ੀ ਅਵਾਰਾ ਕੁੱਤੇ ਘੁੰਮਦੇ ਹਨ ਅਤੇ ਅੱਜ ਦੀ ਘਟਨਾ ਤੋਂ ਬਾਅਦ ਸਾਰੇ ਪਿੰਡ ਵਿਚ ਹੀ ਸਹਿਮ ਦਾ ਮਾਹੌਲ ਛਾਇਆ ਹੋਇਆ ਹੈ।

# ਦਾਨ ਸਿੰਘ ਵਾਲਾ ਦੇ ਪੀੜਤ ਪਰਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਭੇਟ



**ਤਲਵੰਡੀ ਸਾਬੋ (ਜਗਦੀਪ ਗਿੱਲ)** ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਦੀ ਤਰਫੋਂ ਪਿੰਡ ਦਾਨ ਸਿੰਘ ਵਾਲਾ ਦੇ 8 ਘਰਾਂ ਲਈ ਸਹਾਇਤਾ ਰਾਸ਼ੀ 50-50 ਹਜ਼ਾਰ ਰੁਪਏ ਦੇ ਚੈੱਕ ਉਪ ਮੰਡਲ ਮੈਜਿਸਟਰੇਟ ਬਠਿੰਡਾ ਬਲਕਰਨ ਸਿੰਘ ਵੱਲੋਂ ਸਬੰਧਤ ਪਰਿਵਾਰਾਂ ਨੂੰ ਭੇਟ ਕੀਤੇ ਗਏ।ਇੱਥੇ ਦੱਸਣਯੋਗ ਹੈ ਕਿ ਜ਼ਿਲ੍ਹੇ ਦੇ ਪਿੰਡ ਦਾਨ ਸਿੰਘ ਵਾਲਾ ਵਿਖੇ ਬੀਤੇ ਦਿਨੀਂ ਕੁਝ ਸ਼ਰਾਰਤੀ ਅਨਸਰਾਂ ਦੁਆਰਾ ਪੁਰਾਣੀ ਰੰਜਿਸ਼ ਦੇ ਚਲਦਿਆਂ ਘਰਾਂ ਨੂੰ ਅੱਗ ਲਗਾਉਣ ਅਤੇ ਭੰਨ-ਤੋੜ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ, ਦੇ ਮੱਦੇਨਜ਼ਰ ਇਹ ਚੈਕ ਦਿੱਤੇ ਗਏ ਹਨ।ਇਸ ਦੌਰਾਨ ਉਪ ਮੰਡਲ ਮੈਜਿਸਟਰੇਟ ਬਠਿੰਡਾ ਬਲਕਰਨ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਇਸ ਤੋਂ ਪਹਿਲਾਂ ਵੀ ਪੀੜ੍ਹਤ ਪਰਿਵਾਰਾਂ ਦੀ ਮੱਦਦ ਲਈ ਉਹਨਾਂ ਨੂੰ ਰਾਸ਼ਨ, ਬਿਸਤਰੇ, ਕੰਬਲ, ਭਾਂਡੇ ਅਤੇ ਬਿਜਲੀ ਵਾਲੇ ਚੁੱਲ੍ਹੇ ਆਦਿ ਮੁਹੱਈਆ ਕਰਵਾਏ ਗਏ ਹਨ।ਇਸ ਮੌਕੇ ਡੀ ਐਸ ਪੀ ਭੁੱਚੋ ਰਾਵਿੰਦਰ ਸਿੰਘ ਰੰਧਾਵਾ ਤੋਂ ਇਲਾਵਾ ਪੀੜ੍ਹਤ ਪਰਵਾਰਾਂ ਦੇ ਮੈਂਬਰ ਆਦਿ ਹਾਜ਼ਰ ਸਨ।

# ਬਲਾਕ ਪੱਧਰੀ ਕਰਾਟੇ ਮੁਕਾਬਲੇ 'ਚ ਐੱਸ ਐੱਸ ਡੀ ਸਕੂਲ ਰਿਹਾ ਮੋਹਰੀ



**ਬਲਾਕ 'ਚੋਂ ਮੋਹਰੀ ਰਹੀ ਵਿਦਿਆਰਥਣ ਦੀਪੂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਨਿਰੰਜਨ ਕੁਮਾਰ।**

ਮਾਛੀਵਾੜਾ ਸਾਹਿਬ, 18 ਜਨਵਰੀ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) - ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਰਾਣੀ ਲਕਸ਼ਮੀ ਬਾਈ ਆਤਮ ਰਕਸ਼ਾ ਪਰਸ਼ਿਕਸ਼ਨ ਤਹਿਤ ਬਲਾਕ ਪੱਧਰੀ ਕਰਾਟੇ ਪ੍ਰਤੀਯੋਗਤਾ ਹੋਈ ਜਿਸ ਵਿਚ ਬਲਾਕ ਮਾਛੀਵਾੜਾ 1 ਦੇ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਤਹਿਤ ਵਿਦਿਆਰਥੀਆਂ ਨੇ ਭਾਗ ਲਿਆ। ਸੈਕੰਡਰੀ ਵਰਗ ਤਹਿਤ 50 ਕਿਲੋ ਭਾਰ ਦੇ ਕਰਾਟੇ ਪ੍ਰਤੀਯੋਗਤਾ ਵਿਚ ਐੱਸ ਐੱਸ ਡੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਦੀ ਗਿਆਰ੍ਹਵੀਂ (ਸਾਇੰਸ) ਦੀ ਵਿਦਿਆਰਥਣ ਦੀਪੂ ਨੇ ਪੂਰੇ ਬਲਾਕ 'ਚੋਂ ਪਹਿਲਾ ਸਥਾਨ ਪ੍ਰਾਪਤ ਕਰ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਵਿਦਿਆਰਥਣ ਦੀਪੂ ਨੂੰ ਗੋਲਡ ਮੈਡਲ ਤੇ ਮੋਮੈਂਟੋ ਦੇ ਕੇ ਸਨਮਾਨਿਤ ਕਰਦਿਆਂ ਉਸਦੇ ਮਾਤਾ ਪਿਤਾ, ਸਮੂਹ ਸਟਾਫ਼ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਸਕੂਲ ਡੀਪੀਈ ਸੰਦੀਪ ਸਿੰਘ, ਕੁਲਦੀਪ ਸਿੰਘ, ਸ਼੍ਰੇਣੀ ਇੰਚਾਰਜ਼ ਮੀਨਾਕਸ਼ੀ ਸ਼ਰਮਾ, ਰਾਜਵੰਤ ਕੌਰ, ਕੈਂਪਸ ਮੈਨੇਜਰ ਨਰਿੰਦਰ ਸਿੰਘ ਤੇ ਸੁਖਵਿੰਦਰ ਪਾਲ ਹਾਜ਼ਰ ਸਨ।

# ਸਰੀਰ ਦਾਨੀ ਗੁਰਮੇਲ ਸਿੰਘ ਦੀ ਜੀਵਨ ਸਾਥਣ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ):** ਦੇਸ਼ ਭਗਤ ਯਾਦਗਾਰ ਕਮੇਟੀ ਲੌਂਗੋਵਾਲ ਦੇ ਸਮਰਪਿਤ ਮੈਂਬਰ ਅਤੇ ਮੈਡੀਕਲ ਖੋਜ ਕਾਰਜਾਂ ਲਈ ਆਪਣਾ ਸਰੀਰ ਪ੍ਰਦਾਨ ਕਰਨ ਵਾਲੇ ਗੁਰਮੇਲ ਸਿੰਘ ਦੀ ਜੀਵਨ ਸਾਥਣ ਸ੍ਰੀਮਤੀ ਚਰਨਜੀਤ ਕੌਰ ਲੰਬੀ ਬਿਮਾਰੀ ਨਾਲ ਦੋ ਹੱਥ ਕਰਦਿਆ ਪਿਛਲੇ ਦਿਨੀ ਪਰਵਾਰ ਨੂੰ ਵਿਛੋੜਾ ਦੇ ਗਏ।ਪਰਿਵਾਰ ਦੇ ਇਸ ਗਹਿਰੇ ਸਦਮੇ ਅਤੇ ਦੁੱਖ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁੰਨਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਦੇਸ਼ ਭਗਤ ਯਾਦਗਾਰ ਦੇ ਸਕੱਤਰ ਜੁਝਾਰ ਲੌਂਗੋਵਾਲ, ਬੀਰਬਲ ਸਿੰਘ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਬਲਬੀਰ ਚੰਦ ਲੌਂਗੋਵਾਲ, ਭਗਤ ਸਿੰਘ ਲਾਇਬ੍ਰੇਰੀ ਦੇ ਅਨਿਲ ਕੁਮਾਰ, ਕਮਲਜੀਤ ਵਿੱਕੀ, ਕ੍ਰਾਂਤੀਕਾਰੀ ਪੈਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਲਖਵੀਰ ਲੌਂਗੋਵਾਲ, ਜਮਹੂਰੀ ਅਧਿਕਾਰ ਸਭਾ ਦੇ ਜਗਜੀਤ ਭੁਟਾਲ, ਡੈਮੋਕ੍ਰੇਟਿਕ ਟੀਚਰਜ ਫ਼ਰੰਟ ਦੇ ਦਾਤਾ ਸਿੰਘ ਨਮੋਲ, ਚੰਦਰ ਸ਼ੇਖਰ, ਭਾਰਤੀ ਕਿਸਾਨ ਯੂਨੀਅਨ ਅਜਾਦ ਦੇ ਕੁਲਵਿੰਦਰ ਸੋਨੀ, ਭੋਲਾ ਸਿੰਘ ਬਟੂਹਾ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਰਣਜੀਤ ਸਿੰਘ, ਸਲਾਈਟ ਮੁਲਾਜਮ ਐਸੋਸੀਏਸ਼ਨ ਦੇ ਨਵਦੀਪ ਗਰਗ, ਅਵਾਮ ਰੰਗ ਮੰਚ ਦੇ ਸੁਖਪਾਲ ਬਾਜਵਾ, ਤਰਕਸ਼ੀਲ ਆਗੂ ਰਣਜੀਤ ਸਿੰਘ ਰਟੌਲ, ਕਿਰਤੀ ਕਿਸਾਨ ਯੂਨੀਅਨ ਦੇ ਭੁਪਿੰਦਰ ਲੌਂਗੋਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਦਾਰਾ ਸਿੰਘ, ਭੋਲਾ ਸਿੰਘ ਆਦਿ ਆਗੂਆਂ ਨੇ ਪਰਵਾਰ ਅਤੇ ਸਮਾਜ ਨੂੰ ਵੱਡਾ ਘਾਟਾ ਦੱਸਦਿਆਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਹਨਾਂ ਦੇ ਸਨਮਾਨ ਵਿੱਚ ਸਰਧਾਂਜਲੀ ਸਮਾਰੋਹ ਭਲਕੇ ਗੁਰਦੁਆਰਾ ਬਾਬਾ ਮਨੀ ਸਿੰਘ ਵਿਖੇ ਹੋਵੇਗਾ।

# ਰੋਟਰੀ ਕਲੱਬ ਦੀ ਅਗਵਾਈ ਹੇਠ ਲੋੜਵੰਦ ਸਕੂਲੀ ਬੱਚਿਆਂ ਨੂੰ ਦਿੱਤੀਆਂ ਕੋਟੀਆਂ



**ਨਾਭਾ (ਵਰਿੰਦਰ ਵਰਮਾ)** ਰੋਟਰੀ ਕਲੱਬ ਨਾਭਾ ਵੱਲੋਂ ਸਮੇਂ-ਸਮੇਂ ਤੇ ਲੋੜਵੰਦਾਂ ਦੀ ਮਦਦ ਕੀਤੇ ਜਾਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਭਾਵੇਂ ਕਿ ਪਿਛਲੇ ਦਿਨੀ ਰੋਟਰੀ ਕਲੱਬ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਕਲੱਬ ਵਿੱਚ ਲੋੜਵੰਦ ਪਰਵਾਰਾਂ ਨੂੰ ਬੁਲਾ ਕੇ ਕੰਬਲ ਦਿੱਤੇ ਗਏ ਸਨ। ਉਸ ਤੋਂ ਬਾਅਦ ਕੜਾਕੇ ਦੀ ਠੰਡ ਨੂੰ ਦੇਖਦਿਆਂ ਰੋਟਰੀ ਕਲੱਬ ਦੇ ਪ੍ਰਧਾਨ ਚਰਨ ਸਿੰਘ ਐਮਡੀ ਮਲਕੀਤ ਐਗਰੋ ਟੈਕ ਵੱਲੋਂ ਗਰੀਬ ਦਾ ਮੁੱਖ ਗੁਰੂ ਦੀ ਗੋਲਕ ਤੇ ਪਹਿਰਾ ਦਿੰਦਿਆਂ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਾਭਾ ਵਿੱਚ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਕੋਟੀਆਂ ਵੰਡੀਆਂ ਗਈਆਂ। ਇਸ ਮੌਕੇ ਗੱਲਬਾਤ ਦੌਰਾਨ ਪ੍ਰਧਾਨ ਚਰਨ ਸਿੰਘ ਨੇ ਕਿਹਾ ਕਿ ਅੱਜ ਦੇ ਸਮੇਂ ਮੁੱਖ ਲੋੜ ਬੱਚਿਆਂ ਨੂੰ ਸਿੱਖਿਆ ਅਤੇ ਲੋੜਵੰਦ ਪਰਿਵਾਰਾਂ ਨੂੰ ਮੈਡੀਕਲ ਸਹੂਲਤਾਂ ਦੇਣ ਦੀ ਵੱਡੀ ਜ਼ਰੂਰਤ ਹੈ।ਕਲੱਬ ਲਗਾਤਾਰ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਸਟੇਸ਼ਨਰੀ ਅਤੇ ਲੋੜਵੰਦ ਪਰਿਵਾਰਾਂ ਨੂੰ ਪੜ੍ਹਾਈ ਲਈ ਸਹਾਇਤਾ ਦਿੰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਸੇਵਾਵਾਂ ਜਾਰੀ ਰਹਿਣਗੀਆਂ। ਉਨ੍ਹਾਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਅਜਿਹੇ ਉਪਰਾਲੇ ਸਾਰਿਆਂ ਨੂੰ ਕਰਨੇ ਚਾਹੀਦੇ ਹਨ ਤਾਂ ਕਿ ਲੋੜਵੰਦ ਦੀ ਮਦਦ ਕੀਤੀ ਜਾ ਸਕੇ।

ਇਸ ਮੌਕੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਮੁੱਖ ਅਧਿਆਪਕ ਅਸ਼ਵਨੀ ਮਦਾਨ ਨੇ ਕਲੱਬ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਸ ਤਰ੍ਹਾਂ ਦੀ ਮਦਦ ਕਲੱਬ ਹਮੇਸ਼ਾ ਹੀ ਕਰਦਾ ਰਹੇਗਾ। ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਜੇ ਪੀ ਗੁਪਤਾ, ਕੈਸ਼ੀਅਰ ਵਿਨਾਇਕ ਮਲਹੋਤਰਾ, ਜੀਵਨ ਬਾਸਲ, ਵੇਦ ਪ੍ਰਕਾਸ਼ ਡੱਲਾ, ਅਸ਼ੋਕ ਕਿੰਗਰ, ਦਰਸ਼ਨ ਅਰੋੜਾ, ਸਾਬਕਾ ਪ੍ਰਧਾਨ ਐਡਵੋਕੇਟ ਨਿਤਿਨ ਜੈਨ, ਰਵਨੀਸ਼ ਗੋਇਲ ਤੋਂ ਇਲਾਵਾ ਕਲੱਬ ਦੇ ਹੋਰ ਮੈਂਬਰ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ।

20-Jan-PAGE--8.qxd 1/19/2025 8:52 PM Page 1



# ਪੁਲਸ ਨੇ ਜ਼ਮੀਨੀ ਵਿਵਾਦ ਸੁਲਝਾਇਆ, 5 ਗ੍ਰਿਫ਼ਤਾਰ

## 12 ਬੋਰ ਰਾਈਫਲ, ਫਾਰਮਟਰੈਕ ਟਰੈਕਟਰ, ਮਹਿੰਦਰਾ ਜ਼ਾਈਲੋ ਕਾਰ, ਜਾਅਲੀ ਦਸਤਾਵੇਜ਼ ਤੇ ਮੋਬਾਈਲ ਫੋਨ ਬਰਾਮਦ

**ਜਲੰਧਰ, (ਸ਼ੈਲੀ ਐਲਬਰਟ)**

ਤੇਜ਼ ਕਾਰਵਾਈ ਕਰਦੇ ਹੋਏ ਜਲੰਧਰ ਦਿਹਾਤੀ ਪੁਲਸ ਨੇ ਫਿਲੌਰ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਕਦਿਆਨਾ ਵਿੱਚ ਇੱਕ ਹਿੰਸਕ ਜ਼ਮੀਨੀ ਵਿਵਾਦ ਦੇ ਮਾਮਲੇ ਨੂੰ ਰਿਕਾਰਡ ਸਮੇਂ ਵਿੱਚ ਹੱਲ ਕੀਤਾ ਹੈ।ਡਰਾਉਣ-ਧਮਕਾਉਣ, ਜਾਇਦਾਦ 'ਤੇ ਨਾਜਾਇਜ਼ ਕਬਜ਼ਾ ਕਰਨ ਅਤੇ ਜਾਅਲਸਾਜ਼ੀ ਵਿੱਚ ਸ਼ਾਮਲ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਇਸ ਕਾਰਵਾਈ ਦੇ ਨਤੀਜੇ ਵਜੋਂ ਇੱਕ 12 ਬੋਰ ਰਾਈਫਲ, ਇੱਕ ਫਾਰਮਟਰੈਕ ਟਰੈਕਟਰ, ਇੱਕ ਮਹਿੰਦਰਾ ਜ਼ਾਈਲੋ ਕਾਰ, ਜਾਅਲੀ ਦਸਤਾਵੇਜ਼ ਅਤੇ ਚਾਰ ਮੋਬਾਈਲ ਫੋਨ ਵੀ ਬਰਾਮਦ ਕੀਤੇ ਗਏ ਹਨ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਜੀਤ ਸਿੰਘ ਉਰਫ਼ ਬਿੱਲਾ, ਗੁਰਪ੍ਰੀਤ ਸਿੰਘ ਉਰਫ਼ ਗੋਰਾ, ਗੁਰਜੀਤ ਕੌਰ, ਹਰਜੀਤ ਕੌਰ ਅਤੇ ਬਲਵਿੰਦਰ ਸਿੰਘ ਵਜੋਂ ਹੋਈ ਹੈ, ਜੋ ਸਾਰੇ ਫਿਲੌਰ ਦੇ ਕਦਿਆਨਾ ਪਿੰਡ ਦੇ ਵਸਨੀਕ ਹਨ। ਬਾਕੀ ਮੁਲਜ਼ਮਾਂ ਹਰਵੀਰ ਸਿੰਘ ਉਰਫ਼ ਹੈਰੀ ਅਤੇ ਹਰਪ੍ਰੀਤ ਸਿੰਘ ਉਰਫ਼ ਹੈਪੀ ਨੂੰ ਫੜਨ ਲਈ ਯਤਨ ਜਾਰੀ ਹਨ।



ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ ਐਸ ਪੀ ਜਲੰਧਰ ਦਿਹਾਤੀ, ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਜਲੰਧਰ ਦਿਹਾਤੀ ਪੁਲਸ ਜ਼ਿਲ੍ਹੇ ਵਿੱਚ ਅਪਰਾਧ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਦੱਸਿਆ ਕਿ ਇਹ ਮਾਮਲਾ 17 ਜਨਵਰੀ, 2025 ਨੂੰ ਉਦੋਂ ਸਾਹਮਣੇ ਆਇਆ, ਜਦੋਂ ਸ਼ਿਕਾਇਤਕਰਤਾ ਨੇ ਫਿਲੌਰ ਪੁਲਸ ਸਟੇਸ਼ਨ ਵਿੱਚ ਰਿਪੋਰਟ ਕੀਤੀ ਕਿ 12 ਬੋਰ ਰਾਈਫਲ ਨਾਲ ਲੈਸ ਵਿਅਕਤੀਆਂ ਦੇ ਇੱਕ ਸਮੂਹ ਨੇ ਉਨ੍ਹਾਂ ਦੀ ਜਾਇਦਾਦ ਵਿੱਚ ਘੁਸਪੈਠ ਕੀਤੀ ਹੈ, ਹਵਾ ਵਿੱਚ ਗੋਲੀਆਂ ਚਲਾਈਆਂ ਹਨ ਅਤੇ ਉਨ੍ਹਾਂ ਦੇ ਟਰੈਕਟਰ ਨੂੰ ਜ਼ਬਰਦਸਤੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।ਮੁਲਜ਼ਮਾਂ ਨੇ ਸ਼ਿਕਾਇਤਕਰਤਾ ਦੇ ਪਿਤਾ ਨੂੰ ਦਬਾਅ ਹੇਠ ਖਾਲੀ ਦਸਤਾਵੇਜ਼ਾਂ 'ਤੇ ਦਸਤਖਤ ਕਰਨ ਲਈ ਵੀ ਮਜ਼ਬੂਰ ਕੀਤਾ।

ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਫਿਲੌਰ ਪੁਲਸ ਨੇ ਐਸ ਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ ਦੀ ਅਗਵਾਈ ਅਤੇ ਡੀਐਸਪੀ ਫਿਲੌਰ ਸਰਵਣ ਸਿੰਘ ਬੱਲ, ਪੀ ਪੀ ਐਸ ਅਤੇ ਐਸ ਐਚ ਓ ਫਿਲੌਰ ਇੰਸਪੈਕਟਰ ਸੰਜੀਵ ਕਪੂਰ ਦੀ ਨਿਗਰਾਨੀ ਹੇਠ ਇੱਕ ਮੁਹਿੰਮ ਸ਼ੁਰੂ ਕੀਤੀ। ਖਾਸ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਕੁਝ ਘੰਟਿਆਂ ਦੇ ਅੰਦਰ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਚੋਰੀ ਕੀਤੀ ਗਈ ਜਾਇਦਾਦ ਅਤੇ ਅਪਰਾਧਕ ਸਬੂਤ ਬਰਾਮਦ ਕਰ ਲਏ।

ਫਿਲੌਰ ਪੁਲਸ ਸਟੇਸ਼ਨ ਵਿਖੇ 17 ਜਨਵਰੀ, 2025 ਨੂੰ ਨੰਬਰ 15 ਦੇ ਤਹਿਤ ਇੱਕ ਐਫ ਆਈ ਆਰ ਦਰਜ ਕੀਤੀ ਗਈ ਸੀ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਬਰਾਮਦ ਕੀਤੇ ਗਏ ਮੋਬਾਈਲ ਫੋਨਾਂ ਦੇ ਵਿਸ਼ਲੇਸ਼ਣ ਤੋਂ ਅਪਰਾਧ ਦੇ ਹੋਰ ਸਬੂਤ ਮਿਲੇ ਹਨ, ਜੋ ਹੋਰ ਸਾਥੀਆਂ ਦਾ ਪਤਾ ਲਗਾਉਣ ਵਿੱਚ ਸਹਾਇਤਾ ਕਰਨਗੇ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਹੋਰ ਪੁੱਛਗਿੱਛ ਲਈ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਜਾਵੇਗਾ।

# ਇਫਟੂ ਵੱਲੋਂ ਕਿਰਤ ਕਮਿਸ਼ਨਰ ਪੰਜਾਬ ਦੇ ਚੰਡੀਗੜ੍ਹ ਦਫ਼ਤਰ ਅੱਗੇ ਸੂਬਾ ਪੱਧਰੀ ਧਰਨਾ 4 ਮਾਰਚ ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਉਸਾਰੀ ਮਿਸਤਰੀ ਮਜਦੂਰ ਯੂਨੀਅਨ (ਇਫਟੂ )ਪੰਜਾਬ ਵੱਲੋਂ ਉਸਾਰੀ ਕਿਰਤੀਆਂ ਦੀਆਂ ਮੰਗਾਂ ਨੂੰ ਲੈ ਕੇ 4 ਮਾਰਚ ਨੂੰ ਕਿਰਤ ਕਮਿਸ਼ਨਰ ਪੰਜਾਬ ਦੇ ਚੰਡੀਗੜ੍ਹ ਦਫਤਰ ਅੱਗੇ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ। ਇਹ ਫੈਸਲਾ ਜਥੇਬੰਦੀ ਦੇ ਜਲੰਧਰ ਦਫਤਰ ਵਿਖੇ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਫਟੂ ਪੰਜਾਬ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਰਾਜ ਸਿੰਘ ਮਲੋਟ ਅਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਪਹਿਲੇ ਮਜਦੂਰ ਪੱਖੀ ਕਿਰਤ ਕਾਨੂੰਨ ਖਤਮ ਕਰਕੇ ਉਹਨਾਂ ਦੀ ਥਾਂ ਮਜਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ ਚਾਰ ਕਿਰਤ ਕੋਡ ਲੈ ਆਂਦੇ ਹਨ ਜਿਹਨਾਂ ਨੂੰ ਮੋਦੀ ਸਰਕਾਰ ਇਸ ਵਰ੍ਹੇ ਦੇ ਅਪ੍ਰੈਲ ਮਹੀਨੇ ਵਿੱਚ ਦੇਸ਼ ਭਰ ਵਿੱਚ ਲਾਗੂ ਕਰਨ ਜਾ ਰਹੀ ਹੈ। ਇਹਨਾਂ ਚਾਰ ਕਿਰਤ ਕੋਡਜ਼ ਦੇ ਲਾਗੂ ਹੋਣ ਨਾਲ ਬਿਲਡਿੰਗ ਐਂਡ ਅਦਰਜ਼ ਕੰਸਟਰਕਸ਼ਨ (ਬੀ.ਓ.ਸੀ) ਨਾਲ ਜੁੜੇ ਕਿਰਤੀਆਂ ਦੀਆਂ ਸਾਰੀਆਂ ਭਲਾਈ ਸਕੀਮਾਂ ਬੰਦ ਹੋ ਜਾਣਗੀਆਂ। ਉਹਨਾਂ ਕਿਹਾ ਕਿ ਕਿਰਤ ਕਾਨੂੰਨਾਂ ਦਾ ਮਾਮਲਾ ਸਮਵਰਤੀ ਸੂਚੀ ਦਾ ਮਾਮਲਾ ਹੈ ਇਸ ਲਈ ਪੰਜਾਬ ਸਰਕਾਰ ਇਹਨਾਂ ਚਾਰ ਕਿਰਤ ਕੋਡਾਂ ਦੇ ਵਿਰੋਧ ਵਿਚ ਪੰਜਾਬ ਵਿਧਾਨ ਸਭਾ ਵਿਚ ਮਤਾ ਲਿਆਕੇ ਇਹਨਾਂ ਨੂੰ ਰੱਦ ਕਰੇ। ਇਹ ਕਿਰਤ ਕੋਡ ਕਿਰਤੀਆਂ ਦੇ ਬੁਨਿਆਦੀ ਅਧਿਕਾਰਾਂ ਉੱਤੇ ਘਾਤਕ ਹਮਲਾ ਹਨ। ਉਹਨਾਂ ਨੇ ਕਿਰਤ ਵਿਭਾਗ ਅਤੇ ਬੀ ਓ ਸੀ ਵਿਚ ਲੋੜੀਂਦੇ ਮੁਲਾਜ਼ਮ ਭਰਤੀ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਸਟਾਫ ਦੀ ਘਾਟ ਕਾਰਨ ਕਿਰਤੀਆਂ ਦੇ ਬਹੁਤ ਸਾਰੇ ਮਾਮਲੇ ਪੈਂਡਿੰਗ ਪਏ ਹਨ। ਕਿਰਤੀਆਂ ਨੂੰ ਆਪਣੇ ਕੰਮ ਕਰਾਉਣ ਲਈ ਗੇੜੇ ਤੇ ਗੇੜੇ ਮਾਰਨੇ ਪੈਂਦੇ ਹਨ। ਮਜਦੂਰਾਂ ਦੀ ਰਜਿਸਟਰੇਸ਼ਨ ਵਿਚ ਅੜਿੱਕੇ ਡਾਹੇ ਜਾ ਰਹੇ ਹਨ, ਉਹਨਾਂ ਦੀਆਂ ਭਲਾਈ ਸਕੀਮਾਂ ਦੇ ਪੈਸੇ ਉਹਨਾਂ ਦੇ ਖਾਤਿਆਂ ਵਿਚ ਨਹੀਂ ਪਾਏ ਜਾ ਰਹੇ ਜਦਕਿ ਕਿਰਤ ਵਿਭਾਗ ਦੇ ਬੀ ਓ ਸੀ ਬੋਰਡ ਕੋਲ ਕਿਰਤੀਆਂ ਦੀ ਭਲਾਈ ਦਾ 1400 ਕਰੋੜ ਰੁਪੱਈਆ ਦੇ ਕਰੀਬ ਜਮ੍ਹਾਂ ਪਿਆ ਹੈ ਜਿਸਨੂੰ ਕਾਨੂੰਨ ਅਨੁਸਾਰ ਕਿਰਤੀਆਂ ਦੀ ਭਲਾਈ ਤੋਂ ਬਿਨਾਂ ਹੋਰ ਕਿਧਰੇ ਵੀ ਵਰਤਿਆ ਨਹੀਂ ਜਾ ਸਕਦਾ। ਕਿਰਤ ਵਿਭਾਗ ਕਿਰਤੀਆਂ ਦੇ ਇਸ ਭਲਾਈ ਫੰਡ ਉੱਤੇ ਨਾਗ ਕੁੰਡਲੀ ਮਾਰੀ ਬੈਠਾ ਹੈ। ਮੀਟਿੰਗ ਵਿੱਚ 4 ਮਾਰਚ ਦੇ ਧਰਨੇ ਦੀ ਤਿਆਰੀ ਲਈ ਮੀਟਿੰਗਾਂ, ਰੈਲੀਆਂ, ਝੰਡਾ ਮਾਰਚ ਕਰਕੇ ਮੁਹਿੰਮ ਖੜੀ ਕਰਨ ਅਤੇ ਲੀਫਲੈੱਟ ਛਾਪਣ ਦਾ ਫੈਸਲਾ ਵੀ ਕੀਤਾ ਗਿਆ।



# ਹਾਕੀ ਨੂੰ ਪ੍ਰਫੁਲਤ ਕਰਨ ਲਈ ਬੱਚਿਆਂ ਦੇ ਸ਼ੋਅ ਮੈਚ ਕਰਵਾਏ



**ਬੰਗਾ (ਅਵਤਾਰ ਕਲੇਰ)**

ਖੇਡ ਹਾਕੀ ਨੂੰ ਹੋਰ ਖੇਡਾਂ ਵਾਂਗ ਪ੍ਰਚੱਲਿਤ ਕਰਨ ਲਈ ਅਤੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡ ਹਾਕੀ ਨਾਲ ਜੋੜਨ ਲਈ ਅਤੇ ਦਿਨੋ-ਦਿਨ ਵਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਸਪੋਰਟਸ ਕਲੱਬ ਮੇਹਲੀ (ਰਜਿ:) ਮੇਹਲੀ ਵਲੋਂ ਬਾਬਾ ਫਲਾਹੀਆਂ ਗਰਾਊਂਡ ਪਿੰਡ ਮੇਹਲੀ ਵਿਖੇ ਮੇਹਲੀ ਅਤੇ ਮੰਢਾਲੀ ਦੀਆਂ ਬੱਚਿਆਂ ਦੀਆਂ ਟੀਮਾਂ ਦਾ ਸ਼ੋਅ ਮੈਚ ਕਰਵਾਇਆ ਗਿਆ। ਉਪਰੰਤ ਕਲੱਬ ਦੇ ਪ੍ਰਧਾਨ ਗੁਰਦੀਪ ਸਿੰਘ ਦੀਪਾ ਨੇ ਕਿਹਾ ਕਿ ਸਾਡੇ ਸਪੋਰਟਸ ਕਲੱਬ ਦਾ ਮੁੱਖ ਉਦੇਸ਼ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣਾ ਅਤੇ ਖੇਡਾਂ ਨਾਲ ਜੋੜਨਾ ਹੈ।

ਇਸ ਮੌਕੇ ਪ੍ਰਧਾਨ ਗੁਰਦੀਪ ਸਿੰਘ ਦੀਪਾ, ਵਾਈਸ ਪ੍ਰਧਾਨ ਅਮਨਦੀਪ ਸਿੰਘ ਅਮਨਾ, ਸ਼ੇਰਵਿੰਦਰ ਸਿੰਘ, ਬਲਜਿੰਦਰ ਸਿੰਘ ਨੰਬਰਦਾਰ ਖੋਥੜਾਂ, ਮਨਜਿੰਦਰ ਸਿੰਘ ਮਿੰਟੂ ਯੂ.ਕੇ., ਪਰਮਜੀਤ ਸਿੰਘ ਪੰਮਾ, ਲਾਡੀ ਮੰਢਾਲੀ, ਸਾਹਿਬ ਮੇਹਲੀ, ਜਸਕਰਨ ਸਿੰਘ ਆਦਿ ਤੋਂ ਇਲਾਵਾ ਨਗਰ ਨਿਵਾਸੀ ਹਾਜ਼ਰ ਸਨ।

# 21 ਨੇਤਰਹੀਣ ਤੇ 101 ਲੋੜਵੰਦ ਲੜਕੀਆਂ ਨੂੰ ਕੀਤਾ ਸਨਮਾਨਤ

**ਅੰਮ੍ਰਿਤਸਰ (ਅਰੋੜਾ)**

ਦੇਸ਼ ਅਤੇ ਸਮਾਜ ਭਲਾਈ ਕੰਮਾਂ ਵਿੱਚ ਆਪਣੀ ਸ਼ਲਾਘਾਯੋਗ ਭੂਮਿਕਾ ਨਿਭਾ ਰਹੀ ਲੋੜਵੰਦ ਪਰਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਦੇ ਨਾਲ ਨਾਲ ਕੰਪਿਊਟਰ ਸਿੱਖਿਆ ਅਤੇ ਮੁਫਤ ਪੁਸਤਕਾਂ, ਬੈਗ ਅਤੇ ਹੋਰ ਲੋੜ ਅਨੁਸਾਰ ਸਹਾਇਤਾ ਕਰਨ ਵਾਲੀ ਏ.ਆਈ.ਸੀ.ਈ ਸੋਸਾਇਟੀ ਰਜਿ. ਵੱਲੋਂ ਬੀਬੀ ਭਾਨੀ ਨੇਤਰਹੀਣ ਵਿਦਿਆਲੇ ਦੀਆਂ 21 ਅਤੇ ਲੋੜਵੰਦ ਪਰਵਾਰਾਂ ਦੀਆਂ 101 ਲੜਕੀਆਂ ਨੂੰ ਲੋਹੜੀ ਮਨਾਉਣ ਲਈ ਸੋਸਾਇਟੀ ਦੇ ਪੈਟ੍ਰਨ ਰਸਜੀਤ ਸਿੰਘ ਖੇੜਾ, ਮਹਾ ਮੀਤ ਪ੍ਰਧਾਨ ਸੰਜੇ ਮਲਿਕ, ਸੋਸਾਇਟੀ ਦੇ ਚੀਫ ਐਡਵਾਈਜ਼ਰ ਵਿਜੇ ਭਸੀਨ ਅਤੇ ਸੈਂਟਰ ਦੀ ਪ੍ਰਿੰਸੀਪਲ ਮੀਨੂੰ ਰਾਜਪੂਤ ਦੀ ਦੇਖ ਰੇਖ ਵਿੱਚ ਸਮਾਗਮ ਦਾ ਆਯੋਜਨ ਅੰਮ੍ਰਿਤਵਾਨੀ ਸਤਿਸੰਗ ਹਾਲ ਵਿਖੇ ਕਰਵਾਇਆ ਗਿਆ। ਸਮਾਗਮ ਵਿਖੇ ਪਰਮ ਸੰਤ ਅਦਵੈਤ ਸਵਰੂਪ ਮਾਤਾ ਆਰਤੀ ਦੇਵਾ ਮੁੱਖ ਮਹਿਮਾਨ ਅਤੇ ਸੇਵਕ ਬ੍ਰਿਜੇਸ਼ ਬੇਦੀ ਅਤੇ ਖੇਤਰ ਦੇ ਸਮਾਜ ਸੇਵਕ ਨੌਜਵਾਨ ਕੌਂਸਲਰ ਰਸ਼ਪਾਲ ਸਿੰਘ ਖਾਸ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋਏ। ਉਨ੍ਹਾਂ ਏ.ਆਈ.ਸੀ.ਈ ਸੋਸਾਇਟੀ ਨੂੰ ਹਰ ਤਰ੍ਹਾਂ ਨਾਲ ਆਪਣਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਮਾਗਮ ਦਾ ਸ਼ੁੱਭ ਆਰੰਭ ਬੜੇ ਹੀ ਵਿਧੀ ਵਿਧਾਨ ਨਾਲ ਕੀਤਾ ਗਿਆ। ਸਭ ਤੋਂ ਪਹਿਲਾਂ ਸੋਸਾਇਟੀ ਦੇ ਅਹੁਦੇਦਾਰਾਂ ਨੇ ਸੋਸਾਇਟੀ ਵੱਲੋਂ ਕੀਤੇ ਜਾਣ ਵਾਲੇ ਸਮਾਜ ਭਲਾਈ ਕੰਮਾਂ ਦੇ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ, ਉਸ ਤੋਂ ਬਾਅਦ ਮਾਤਾ ਆਰਤੀ ਦੇਵਾ ਜੀ ਅਤੇ ਬ੍ਰਿਜੇਸ਼ ਬੇਦੀ ਨੇ ਧਾਰਮਿਕ ਗੀਤਿ ਅਨੁਸਾਰ ਨੇਤਰਹੀਣ ਲੜਕੀਆਂ ਨੂੰ ਲੇਡੀਜ਼ ਸੂਟ ਅਤੇ ਲੋਹੜੀ 'ਤੇ ਵੰਡੇ ਜਾਣ ਵਾਲੇ ਵਿਅੰਜਨ ਜਿਸ ਵਿੱਚ ਖਜੂਰ, ਭੁੱਗਾ, ਮੂੰਗਫਲੀ, ਰੇਵੜੀ, ਕਈ ਤਰ੍ਹਾਂ ਦ ਗੱਚਕ ਅਤੇ ਮਿਠਾਈਆਂ ਦੇ ਕੇ ਉਨ੍ਹਾਂ ਨੂੰ ਖਾਸ ਤੌਰ 'ਤੇ ਸਨਮਾਨਤ ਕੀਤਾ। ਮਾਤਾ ਆਰਤੀ ਦੇਵਾ ਨੇ ਹਰੇਕ ਨੇਤਰਹੀਣ ਲੜਕੀ ਨੂੰ ਨਗਦ ਰਾਸ਼ੀ ਦੇ ਕੇ ਉਨ੍ਹਾਂ ਦੀ ਲੋਹੜੀ ਮਨਾਈ। ਸਮਾਜ ਸੇਵਕ ਕੌਂਸਲਰ ਰਸ਼ਪਾਲ ਸਿੰਘ ਨੇ ਸਿੱਖਿਆ ਪ੍ਰਾਪਤ ਕਰਨ ਵਾਲੀਆਂ 101 ਲੜਕੀਆਂ ਨੂੰ ਕੱਪੜਿਆਂ ਦੇ ਨਾਲ ਨਾਲ ਹੋਰ ਸਮੱਗਰੀ ਦੇ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ। ਬ੍ਰਿਜੇਸ਼ ਬੇਦੀ ਨੇ ਕਿਹਾ ਕਿ ਏ.ਆਈ.ਸੀ.ਈ ਸੋਸਾਇਟੀ ਦੇ ਪ੍ਰਧਾਨ ਐਸ.ਪੀ ਅਰੋੜਾ ਵੱਲੋਂ ਇਹ ਇੱਕ ਅਜਿਹਾ ਪ੍ਰਾਜੈਕਟ ਹੈ ਜਿਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ। ਮਾਤਾ ਆਰਤੀ ਦੇਵਾ ਅਤੇ ਮੰਦਰ ਦੇ ਪ੍ਰਮੁੱਖ ਸੇਵਕ ਸੁਮਿਤ ਸ਼ਾਸਤਰੀ ਨੇ ਸਾਰੇ ਸੋਸਾਇਟੀ ਦੇ ਅਹੁਦੇਦਾਰਾਂ ਅਤੇ ਸੈਂਟਰ ਨੂੰ ਚਲਾਉਣ ਵਾਲੀ ਪ੍ਰਿੰਸੀਪਲ ਮੀਨੂੰ ਰਾਜਪੂਤ ਅਤੇ ਮੁੱਖ ਸੇਵਿਕਾ ਪ੍ਰਿਆ ਬੇਦੀ ਨੂੰ ਖਾਸ ਤੌਰ 'ਤੇ ਸਿਰੋਪੇ ਅਤੇ ਚੁੰਨੀ ਦੇ ਕੇ ਸਨਮਾਨਤ ਕੀਤਾ।



ਉਨ੍ਹਾਂ ਸਾਰੀਆਂ ਲੜਕੀਆਂ, ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਹਮੇਸ਼ਾ ਅਜਿਹੇ ਕੰਮ ਕਰਨ ਦਾ ਆਸ਼ੀਰਵਾਦ ਦਿੱਤਾ। ਸੋਸਾਇਟੀ ਦੇ ਐਮ.ਓ. ਸੀ ਆਰ.ਐਸ ਚੱਠਾ ਨੇ ਆਪਣੇ ਸ਼ਾਇਰਾਨਾ ਅੰਦਾਜ਼ ਦੇ ਨਾਲ ਸਾਰਿਆਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ ਰੋਟਰੀ ਦੇ ਆਉਣ ਵਾਲੇ ਪ੍ਰਧਾਨ ਵਰੁਣ ਕੱਕੜ, ਸਕੱਤਰ ਇੰਜੀ. ਪਰਮੀਤ ਸਿੰਘ ਖੇੜਾ, ਮੀਤ ਪ੍ਰਧਾਨ ਸਮਾਜ ਸੇਵਕ ਅਸ਼ੋਕ ਗ੍ਰੋਵਰ, ਸਾਬਕਾ ਪ੍ਰਧਾਨ ਰਮੇਸ਼ ਕੱਕੜ, ਨੇਤਰਹੀਣ ਵਿਦਿਆਲੇ ਦੇ ਸਮੂਹ ਸੰਚਾਲਕ, ਸਮਾਜ ਸੇਵਕ ਜਸਵੰਤ ਸਾਵਲ, ਸ਼ਿਵਪੁਰੀ ਸੇਵਾ ਸੋਸਾਇਟੀ ਦੇ ਪ੍ਰਧਾਨ ਬਲਰਾਮ ਅਰੋੜਾ, ਪੀ.ਏ ਸੰਦੀਪ ਸ਼ਰਮਾ, ਆਯਾਨ, ਮੈਡਮ ਕਮਲਦੀਪ ਕੌਰ, ਮੈਡਮ ਪੁਨੀਤ, ਮੈਡਮ ਪ੍ਰੀਤੀ, ਮੈਡਮ ਵੀਰਪਾਲ ਕੌਰ, ਮੈਡਮ ਨੇਹਾ, ਮੈਡਮ ਅਮਨਪ੍ਰੀਤ ਕੌਰ, ਮੈਡਮ ਮਨਪ੍ਰੀਤ ਕੌਰ, ਪ੍ਰੋਫੈਸਰ ਆਸ਼ੂ ਪ੍ਰਧਾਨ ਅਤੇ ਸਤਿਸੰਗ ਕਮੇਟੀ ਦੇ ਸਾਰੇ ਸੇਵਾਦਾਰ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਮਾਤਾ ਆਰਤੀ ਦੇਵਾ ਨੇ ਸਮਾਜ ਸੇਵਕ ਕੌਂਸਲਰ ਰਸ਼ਪਾਲ ਸਿੰਘ ਅਤੇ ਹਰ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਖਾਸ ਰੂਪ ਨਾਲ ਸਨਮਾਨਤ ਕੀਤਾ।

# ਹੈਰੋਇਨ ਸਮੇਤ ਗ੍ਰਿਫਤਾਰ




**ਬਲਾਚੌਰ (ਜਸਵਿੰਦਰ ਬੈਂਸ)**

ਸੀਨੀਅਰ ਕਪਤਾਨ ਪੁਲਸ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਡਾ. ਮਹਿਤਾਬ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸ਼ਾਮ ਸੁੰਦਰ ਸ਼ਰਮਾ ਉਪ ਕਪਤਾਨ ਪੁਲਸ ਸਬ ਡਵੀਜ਼ਨ ਬਲਾਚੌਰ ਦੀ ਅਗਵਾਈ ਹੇਠ ਪਾਲਣਾ ਕਰਦੇ ਹੋਏ ਐੱਸ ਆਈ ਸਤਨਾਮ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਲਾਚੌਰ ਅਤੇ ਏ ਐੱਸ ਆਈ ਸੁਭਾਸ਼ ਚੰਦ ਦੀ ਸਾਥੀ ਟੀਮ ਨੇ ਮੁਕੱਦਮਾ ਨੰਬਰ 10 ਮਿਤੀ 17-01-2025 ਅ/ਧ 21ਐਨ ਡੀ ਪੀ ਐੱਸ ਐਕਟ ਤਹਿਤ ਥਾਣਾ ਸਿਟੀ ਬਲਾਚੌਰ ਬਰਖਿਲਾਫ ਹਰਪ੍ਰੀਤ ਸਿੰਘ ਉਰਫ ਹੈਪੀ ਵਾਸੀ ਪਿੰਡ ਕੰਗਣਾ ਬੇਟ ਥਾਣਾ ਸਿਟੀ ਬਲਾਚੌਰ ਜ਼ਿਲ੍ਹਾ ਸ਼ਭਸ ਨਗਰ ਦਰਜ ਰਜਿਸਟਰ ਕੀਤਾ ਗਿਆ।ਮੁਲਜ਼ਮ ਕੋਲੋ 15 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ।ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਹੈ।

# ਓਲੰਪੀਅਨ ਸੁੱਚਾ ਸਿੰਘ ਅਰਜਨ ਅਵਾਰਡੀ ਦਾ ਨਿੱਘਾ ਸਵਾਗਤ




**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਉਭੀ)**

ਸਥਾਨਕ ਜਲੰਧਰ ਰੇਲਵੇ ਸਟੇਸ਼ਨ 'ਤੇ ਏਸ਼ੀਅਨ ਰਿਕਾਰਡ ਹੋਲਡਰ ਜੇਤੂ ਦੌੜਾਕ ਅਤੇ ਗਰੇਟ ਸਪੋਰਟਸ ਕਲਚਰਲ ਕਲੱਬ (ਇੰਡੀਆ) ਦੇ ਚੇਅਰਮੈਨ ਓਲੰਪੀਅਨ ਸੁੱਚਾ ਸਿੰਘ ਦੇ ਅਰਜਨ ਅਵਾਰਡ ਹਾਸਲ ਕਰ ਕੇ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਗ੍ਰੇਟ ਸਪੋਰਟਸ ਕਲਚਰਲ ਕਲੱਬ (ਇੰਡੀਆ) ਦੇ ਪੰਜਾਬ ਪ੍ਰਧਾਨ ਇਕਬਾਲ ਸਿੰਘ ਰੰਧਾਵਾ ਦੀ ਰਹਿਨੁਮਾਈ 'ਚ ਉਲੀਕੇ ਸਵਾਗਤੀ ਸਮਾਰੋਹ ਮੌਕੇ ਆਪਣੇ ਪ੍ਰੀਵਾਰ ਨਾਲ ਸਨਮਾਨਿਤ ਹੋ ਪੁੱਜੇ ਓਲੰਪੀਅਨ ਸੁੱਚਾ ਸਿੰਘ ਨੂੰ ਕਲੱਬ ਅਹੁਦੇਦਾਰਾਂ, ਮੈਂਬਰਾਂ, ਖੇਡ ਮਾਹਿਰਾਂ, ਖਿਡਾਰੀਆਂ ਤੇ ਖੇਡ ਪ੍ਰੇਮੀਆਂ ਵਲੋਂ ਫੁੱਲਾਂ ਦੇ ਗੁਲਦਸਤੇ ਤੇ ਹਾਰ ਪਾ ਨਿੱਘਾ ਸਵਾਗਤ ਕੀਤਾ ਗਿਆ। ਕਲੱਬ ਦੇ ਪੰਜਾਬ ਪ੍ਰਧਾਨ ਇਕਬਾਲ ਸਿੰਘ ਰੰਧਾਵਾ ਨੇ ਓਲੰਪੀਅਨ ਸੁੱਚਾ ਸਿੰਘ ਦਾ ਸਵਾਗਤ ਕਰਦਿਆਂ ਮੀਡੀਆ ਨੂੰ ਮੁਖਾਤਿਬ ਹੁੰਦੇ ਕਿਹਾ ਕਿ ਮਾਰਕੇ ਮਾਰਨ ਵਾਲਿਆਂ ਨੂੰ ਮਿਲਣ ਵਾਲਾ ਸਨਮਾਨ ਹੋਰਨਾਂ ਨਵੇਂ ਖਿਡਾਰੀਆਂ ਲਈ ਪ੍ਰੇਰਨਾ ਦਾ ਸੱਬਬ ਬਣਦਾ ਹੈ। ਕਲੱਬ ਦੇ ਪਬਲਿਕ ਰਿਲੇਸ਼ਨ ਅਫਸਰ ਅਮਰਿੰਦਰ ਜੀਤ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਦੱਸਿਆ ਕਿ ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਕਾਫੀ ਚਿਰ ਇੰਤਜਾਰ ਕਰਵਾਇਆ ਹੈ। ਲੇਕਿਨ ਓਲੰਪੀਅਨ ਸੁੱਚਾ ਸਿੰਘ ਵਲੋਂ ਦਿਖਾਇਆ ਸਬਰ, ਵਿਸ਼ਵਾਸ਼, ਦ੍ਰਿੜਤਾ ਤੇ ਯਕੀਨ ਕਰ ਪਿਛਲੇ ਲੰਬੇ ਅਰਸੇ ਤੋਂ ਲਗਾਤਾਰ ਅਵਾਰਡ ਲਈ ਅਪਲਾਈ ਕਰਨ ਮਗਰੋਂ ਮਿਲੇ ਸਨਮਾਨ ਦੀ ਖੁਸੀ ਜਿਥੇ ਉਨ੍ਹਾਂ, ਪ੍ਰੀਵਾਰਕ ਮੈਂਬਰਾਂ, ਸਨੇਹੀਆਂ ਦੇ ਚਿਹਰੇ ਤੇ ਅੱਜ ਦੇਖਣ ਨੂੰ ਮਿਲ ਰਹੀ ਹੈ। ਓਲੰਪੀਅਨ ਸੁੱਚਾ ਸਿੰਘ ਨੇ ਮੀਡੀਆ ਨਾਲ ਨੌਜਵਾਨ ਪੀੜੀ ਨੂੰ ਸੰਦੇਸ਼ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਖਿਡਾਰੀ ਦਾ ਜੀਵਨ ਇਕ ਸਾਧ ਦੀ ਤਰ੍ਹਾਂ ਹੁੰਦਾ ਹੈ ਜਿਸ ਨੂੰ ਹੋਰ ਦੁਨਿਆਵੀ ਮੋਹਾਂ ਨੂੰ ਤਿਆਗ ਕੇਵਲ ਆਪਦੇ ਟੀਚੇ ਲਈ ਦ੍ਰਿੜਤਾ ਨਾਲ ਨਿਯਮਾਂ 'ਚ ਰਹਿ ਨਿਰੰਤਰਤਾ ਨਾਲ ਪ੍ਰੈਕਟਿਸ ਕਰਨੀ ਚਾਹੀਦੀ ਹੈ ਤਾਂ ਹੀ ਸੱਫਲਤਾ ਦਾ ਪਰਚਮ ਲਹਿਰਾ ਵੱਖਰੀ ਪਹਿਚਾਣ ਬਣਾਉਣ ਦੀ ਗੱਲ ਕਹੀ ਗਈ ਤੇ ਅੱਜ ਦੇ ਖੁਸ਼ਗਵਾਰ ਮਾਹੌਲ ਲਈ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ। ਸਵਾਗਤ ਕਰਨ ਵਾਲਿਆਂ ਸਨਮਾਨਿਤ ਸਖਸ਼ੀਅਤ ਵਜੋਂ ਹੀਰਾ ਲਾਲ, ਮੱਖਣ ਬੰਗੜ, ਵਿਕਰਮ ਮਲਹੋਤਰਾ, ਪਿਆਰਾ ਸਿੰਘ, ਬਲਬੀਰ ਸਿੰਘ , ਨਰਿੰਦਰ ਸਿੰਘ ਸਾਬਕਾ ਪੰ.ਰਾ.ਬਿ.ਬੋ . ਅਥਲੈਟਿਕਸ ਕੋਚ ਤੇ ਹੋਰ ਖੇਡ ਪ੍ਰੇਮੀ ਖਿਡਾਰੀਆਂ ਨਾਲ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨ ਯੂਨੀਅਨ ਸਰਕਲ ਗੁਰਦਾਸਪੁਰ ਦੀ ਮੀਟਿੰਗ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪਾਵਰਕਾਮ ਤੇ ਟਰਾਂਸਕੋ ਪੈਨਸ਼ਨ ਯੂਨੀਅਨ ਸਰਕਲ ਗੁਰਦਾਸਪੁਰ ਦੀ ਮੀਟਿੰਗ ਸੂਬਾ ਆਗੂ ਤੇ ਸਰਕਲ ਪ੍ਰਧਾਨ ਹਜ਼ਾਰਾ ਸਿੰਘ ਗਿੱਲ ਦੀ ਅਗਵਾਈ ਹੇਠ ਕਾਦੀਆਂ ਮੰਡਲ ਦਫਤਰ ਵਿੱਚ ਹੋਈ। ਮੀਟਿੰਗ ਵਿੱਚ ਸਟੇਟ ਆਗੂ ਵਰਕਿੰਗ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਹਜ਼ਾਰਾ ਸਿੰਘ ਗਿੱਲ, ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਅਤੇ ਸਕੱਤਰ ਦਵਿੰਦਰ ਸਿੰਘ ਸੈਨੀ ਨੇ ਦੱਸਿਆ ਕਿ ਪਾਵਰਕਾਮ ਦੇ ਜਿਹੜੇ ਪੈਨਸ਼ਨਰ 75 ਸਾਲ ਉਮਰ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਵਿੱਚ ਪੈਨਸ਼ਨਰਜ਼ ਦੀਆਂ ਭਖਦੀਆਂ ਮੰਗਾਂ 'ਤੇ ਚਰਚਾ ਕਰਦਿਆਂ ਬੁਲਾਰਿਆਂ ਕਿਹਾ ਪੈਨਸ਼ਨਰ ਮੰਗਾਂ ਜਿਵੇਂ ਪੇ ਸਕੇਲ 1.1.2016 ਤੋਂ ਬਕਾਇਆ, 2.59 ਗੁਣਾਕ ਨਾਲ ਸੋਧ ਕਰਨੀ, ਡੀ.ਏ ਦੀਆਂ ਬਕਾਇਆ ਕਿਸ਼ਤਾਂ ਤੇ ਬਕਾਇਆ, ਕੈਸ਼ਲੈਸ ਸਕੀਮ ਮੁੜ ਬਹਾਲ ਕਰਨਾ ਆਦਿ ਮੁੱਖ ਮੰਗਾਂ ਵੱਲ ਪੰਜਾਬ ਸਰਕਾਰ ਜਾਣਬੁੱਝ ਕੇ ਕੋਈ ਧਿਆਨ ਨਹੀਂ ਦੇ ਰਹੀ ਅਤੇ ਡੰਗ ਟਪਾਊ ਨੀਤੀ ਤਹਿਤ ਸਰਕਾਰ ਕੰਮ ਕਰ ਰਹੀ ਹੈ। ਮੀਟਿੰਗ ਵਿੱਚ ਹਾਜ਼ਰ ਪੈਨਸ਼ਨਰਾਂ ਨੇ ਸਰਕਾਰ ਵਿਰੁੱਧ ਰੋਸ ਪ੍ਰਗਟਾਇਆ ਕਿ ਬਹੁਤ ਸਾਰੇ ਪੈਨਸ਼ਨਰ ਆਪਣਾ ਬਕਾਇਆ ਉਡੀਕਦੇ ਇਸ ਦੁਨੀਆ ਤੋਂ ਜਾ ਚੁੱਕੇ ਹਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀ ਸਰਕੀ। ਇਸ ਮੀਟਿੰਗ ਵਿੱਚ ਨਿਰਮਲ ਸਿੰਘ ਬਸਰਾ, ਪ੍ਰੇਮ ਸਾਗਰ, ਬਾਵਾ ਸਿੰਘ, ਗੁਰਮੇਜ ਸਿੰਘ ਬੁੱਟਰ, ਸੁਖਦੇਵ ਸਿੰਘ ਰਿਆੜ, ਸਰਜੀਤ ਸਿੰਘ ਰਿਆੜ, ਕੁਲਵੰਤ ਸਿੰਘ ਕਲੇਰ, ਮਹਿੰਦਰ ਸਿੰਘ, ਹਰਕਿਰਪਾਲ ਸਿੰਘ ਸੋਹਲ, ਪਰਮਜੀਤ ਸਿੰਘ ਕੋਟ, ਰੂਪ ਲਾਲ, ਹਰਦੀਪ ਸਿੰਘ ਜੇ.ਈ, ਸਤਨਾਮ ਸਿੰਘ ਖਾਰਾ, ਰਵੇਲ ਸਿੰਘ ਕਲੇਰ ਆਦਿ ਸ਼ਾਮਲ ਸਨ।



# ਐੱਨ ਸੀ ਸੀ ਕੈਡਿਟਾਂ ਦੇ ਆਰਮੀ ਅਟੈਚਮੈਂਟ ਕੈਂਪ ਦੀ ਸ਼ੁਰੂਆਤ



**ਜਲੰਧਰ (ਸੁਰਿੰਦਰ ਕੁਮਾਰ)**

ਸਥਾਨਕ ਜਲੰਧਰ ਕੈਂਟ ਵਿੱਚ ਸਥਿਤ ਐੱਨਸੀਸੀ ਗਰੁੱਪ ਹੈੱਡਕੁਆਰਟਰ ਜਲੰਧਰ ਦੀ ਅਗਵਾਈ ਹੇਠ ਸਿੱਖ ਲਾਈਟ ਇਨਫੈਂਟਰੀ ਦੇ ਸਹਿਯੋਗ ਨਾਲ ਸੀਨੀਅਰ ਡਿਵੀਜ਼ਨ ਕੈਡਿਟਾਂ ਦੇ ਆਰਮੀ ਅਟੈਚਮੈਂਟ ਕੈਂਪ ਦੀ ਸ਼ੁਰੂਆਤ ਕੀਤੀ ਗਈ।ਇਸ ਕੈਂਪ ਵਿੱਚ 210 ਕੈਡਿਟਸ ਹਿੱਸਾ ਲੈਣ ਜਾ ਰਹੇ ਹਨ।ਚਾਰ ਐੱਨ ਸੀ ਸੀ ਬਟਾਲੀਅਨਾਂ ਦੇ ਕੈਡਿਟ ਭਾਰਤੀ ਫੌਜ ਦੀ ਕਾਰਜਸ਼ੈਲੀ ਅਤੇ ਜੀਵਨ ਸ਼ੈਲੀ ਨੂੰ ਨੇੜਿਓਂ ਦੇਖਣ ਲਈ 12 ਦਿਨਾਂ ਦੇ ਆਰਮੀ ਕੈਂਪ ਵਿੱਚ ਸ਼ਾਮਲ ਹਨ।ਇਸ ਕੈਂਪ ਵਿੱਚ ਐੱਨਸੀਸੀ ਕੈਡਿਟ ਜੰਗ ਅਤੇ ਲੜਾਈ ਵਿੱਚ ਫੌਜ ਦੀਆਂ ਵੱਖ-ਵੱਖ ਰੈਜੀਮੈਂਟਾਂ ਦੀਆਂ ਜ਼ਿੰਮੇਵਾਰੀਆਂ ਅਤੇ ਪ੍ਰਕਿਰਿਆਵਾਂ ਸਿੱਖਣਗੇ। ਪੰਜਾਬ ਐੱਨਸੀਸੀ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਕਰਨਲ ਵਿਨੋਦ ਜੋਸ਼ੀ ਨੇ ਕਿਹਾ ਕਿ ਕੈਡਿਟਾਂ ਨੂੰ ਫੌਜੀ ਸਿਖਲਾਈ ਪ੍ਰਦਾਨ ਕਰਨ ਲਈ ਸਾਰੀਆਂ ਤਿਆਰੀਆਂ ਕੱਲ੍ਹ ਦੇਰ ਰਾਤ ਤੱਕ ਪੂਰੀਆਂ ਕਰ ਲਈਆਂ ਗਈਆਂ ਸਨ।ਹੁਸ਼ਿਆਰਪੁਰ, ਕਪੂਰਥਲਾ, ਫਗਵਾੜਾ ਅਤੇ ਜਲੰਧਰ ਦੇ ਕੈਡਿਟ ਡ੍ਰਿਲ, ਫੌਜੀ ਹਥਿਆਰਾਂ ਦੀ ਸਿਖਲਾਈ, ਗੋਲੀਬਾਰੀ, ਲੀਡਰਸ਼ਿਪ ਗੁਣ, ਸਾਰੇ ਧਰਮਾਂ ਦਾ ਸਤਿਕਾਰ, ਜੰਗੀ ਅਭਿਆਸ ਆਦਿ ਵਿਸ਼ਿਆਂ 'ਤੇ ਸਿਖਲਾਈ ਪ੍ਰਾਪਤ ਕਰਨਗੇ। ਕਰਨਲ ਜੋਸ਼ੀ ਨੇ ਕਿਹਾ ਕਿ ਹਰ ਸਾਲ ਦੇਸ਼ ਭਰ ਵਿੱਚ ਲਗਭਗ 4000 ਐਨਸੀਸੀ ਕੈਡਿਟ ਭਾਰਤੀ ਫੌਜ ਨਾਲ ਅਟੈਚਮੈਂਟ ਕੈਂਪ ਲਗਾਉਂਦੇ ਹਨ।

# ਕਿਸਾਨ ਕਮੇਟੀ ਦੋਆਬਾ ਪੰਜਾਬ ਵੱਲੋਂ 26 ਨੂੰ ਰੋਸ ਵਜੋਂ ਕਿਸਾਨਾਂ ਵੱਲੋਂ ਟਰੈਕਟਰ ਮਾਰਚ ਕੱਢਿਆ ਜਾਵੇਗਾ : ਦਿਹਾਣਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਕਿਸਾਨ ਕਮੇਟੀ ਦੋਆਬਾ ਪੰਜਾਬ ਵੱਲੋਂ 26 ਜਨਵਰੀ ਨੂੰ ਰੋਸ ਵਜੋਂ ਕਿਸਾਨਾਂ ਵੱਲੋਂ ਪਿੰਡ ਮੋਨਾ ਕਲਾਂ ਤੋਂ ਸਵੇਰੇ 8 ਵਜੇ ਟਰੈਕਟਰ ਮਾਰਚ ਕੱਢਿਆ ਜਾਵੇਗਾ।ਇਸ ਮੌਕੇ ਕਿਸਾਨ ਕਮੇਟੀ ਦੇ ਬਾਬਾ ਦੇ ਪ੍ਰਧਾਨ ਸਤਬੀਰ ਸਿੰਘ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨੀ ਲਿਆਂਦੇ ਕਾਲੇ ਕਾਨੂੰਨ ਤਹਿਤ 26 ਜਨਵਰੀ ਦੀ ਨੂੰ ਸਮੂਹ ਕਿਸਾਨ ਜਥੇਬੰਦੀ ਵੱਲੋਂ ਟਰੈਕਟਰ ਮਾਰਚ ਕੱਢਿਆ ਜਾਵੇਗਾ।ਇਸ ਸੰਬੰਧੀ ਕਿਸਾਨ ਕਮੇਟੀ ਦੋਆਬਾ ਪੰਜਾਬ ਵੱਲੋਂ ਪਿੰਡ ਜਾਗਣੀਆਂਲ ਵਿਖੇ ਕਿਸਾਨਾਂ ਦੀ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ।ਇਸ ਮੌਕੇ ਮੀਟਿੰਗ ਦੌਰਾਨ ਵੱਖ-ਵੱਖ ਕਿਸਾਨ ਆਗੂਆਂ ਨੇ 26 ਜਨਵਰੀ ਨੂੰ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਤਹਿਤ ਟਰੈਕਟਰ ਮਾਰਚ ਸਬੰਧੀ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ।ਉਹਨਾਂ ਦੱਸਿਆ ਕਿ ਮੀਟਿੰਗ ਦੌਰਾਨ ਕੋਰ ਕਮੇਟੀ ਵਿੱਚ ਜਸਵਿੰਦਰ ਸਿੰਘ ਛਾਉਣੀ ਕਲਾਂ, ਜਰਨੈਲ ਸਿੰਘ ਜਾਗਣੀਵਾਲ ਨੂੰ ਸ਼ਾਮਿਲ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂ ਸਤਵੀਰ ਸਿੰਘ ਦਿਹਾਣਾ ਨੇ ਸਮੂਹ ਇਲਾਕੇ ਦੇ ਕਿਸਾਨ ਵੀਰਾਂ ਨੂੰ ਪਰਚੋਰ ਅਪੀਲ ਕੀਤੀ ਕਿ 26 ਜਨਵਰੀ ਨੂੰ ਸਵੇਰੇ 08 ਵਜੇ ਪਿੰਡ ਮੋਨਾ ਕਲਾਂ ਵਿਖੇ ਟਰੈਕਟਰ ਰੋਸ ਪ੍ਰਦਰਸ਼ਨ ਵਿੱਚ ਪਹੁੰਚਣ ਦੀ ਬੇਨਤੀ ਕੀਤੀ।ਇਸ ਮੌਕੇ ਕਿਸਾਨ ਕਮੇਟੀ ਦੋਆਬਾ ਪੰਜਾਬ ਦੇ ਪ੍ਰਧਾਨ ਸਤਵੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਘਨੌਰੀ ਬਾਰਡਰ ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪਿਛਲੇ ਕਾਫੀ ਲੰਬੇ ਸਮੇਂ ਤੋਂ ਭੁੱਖ ਹੜਤਾਲ ਤੇ ਬੈਠੇ ਹੋਏ ਹਨ। ਪਰ ਅਫਸੋਸ ਦੀ ਗੱਲ ਹੈ ਕਿ 55 ਦਿਨ ਮਰਨ ਵਰਤ ਬੈਠੇ ਕਿਸਾਨ ਆਗੂ ਦੀਆਂ ਮੰਗਾਂ ਤੇ ਕੇਂਦਰ ਸਰਕਾਰ ਭੌਰਾ ਵੀ ਗੌਰ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਸਾਡੀ ਕਿਸਾਨ ਕਮੇਟੀ ਦੋਆਬਾ ਪੰਜਾਬ ਕਿਸਾਨ ਜਥੇਬੰਦੀ ਜਗਜੀਤ ਸਿੰਘ ਡੱਲੇਵਾਲ ਨਾਲ ਨਾਲ ਚਿਟਾਗ ਬਾਂਹ ਖੜੀ ਹੈ। ਉਨ੍ਹਾਂ ਦੱਸਿਆ ਕਿ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਤੋਂ ਘਨੌਰੀ ਬਾਰਡਰ ਅਤੇ ਸ਼ੰਭੂ ਬਾਰਡਰ ਤੇ ਵੱਡੀ ਗਿਣਤੀ ਕਿਸਾਨ ਪੁੱਜ ਰਹੇ ਹਨ।

# ਨਗਰ ਕੌਂਸਲ ਵੱਲੋਂ ਲਾਏ ਗਏ ਬੋਰਡਾਂ ਨੂੰ ਟਿੱਚ ਸਮਝਦੇ ਨੇ ਸ਼ਹਿਰ ਵਾਸੀ



**ਨੂਰਮਹਿਲ (ਬਾਲ ਕ੍ਰਿਸਨ ਬਾਲੀ)**- ਨਗਰ ਕੌਂਸ਼ਲ ਨੂਰਮਹਿਲ ਵੱਲੋਂ ਸ਼ਹਿਰ ਦੀ ਸੁੰਦਰਤਾ ਲਈ ਸ਼ਹਿਰ ਵਿੱਚ ਕੂੜਾ ਨਾ ਸੁੱਟਣ ਲਈ ਸ਼ਹਿਰ ਵਾਸੀਆਂ ਨੂੰ ਜਾਗਰੂਕ ਕਰਨ ਲਈ ਬੋਰਡ ਲਗਾਏ ਹੋਏ ਹਨ। ਪਰ ਸ਼ਹਿਰ ਵਾਸੀ ਇਨ੍ਹਾਂ ਬੋਰਡਾਂ ਨੂੰ ਟਿੱਚ ਸਮਝਦੇ ਨੇ। ਬੋਰਡ ਲੱਗੇ ਹੋਣ ਦੇ ਬਵਜੂਦ, ਫਿਰ ਉਸੇ ਹੀ ਜਗ੍ਹਾ 'ਤੇ ਕੂੜਾ ਸੁੱਟਿਆ ਜਾਂਦਾ ਹੈ। ਸਹਿਰ ਦੇ ਕੁਝ ਪੜ੍ਹਿਆ, ਲਿਖਿਆ ਅਤੇ ਸੂਝਵਾਨ ਲੋਕਾਂ ਨੇ ਨਗਰ ਕੌਂਸ਼ਲ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਕੂੜਾ ਸੁੱਟਣ ਵਾਲੇ ਲੋਕਾਂ ਦੀ ਪਹਿਚਾਣ ਕਰਕੇ ਉਨ੍ਹਾਂ ਉੱਪਰ ਕਾਰਵਾਈ ਕੀਤੀ ਜਾਵੇ।

# ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਆਕਸੀਜਨ ਜਨਰੇਸ਼ਨ ਪਲਾਂਟ ਦੀ ਦੇਖਭਾਲ 'ਚ ਭਾਰੀ ਲਾਪਰਵਾਹੀ

## ਮਰੀਜ਼ਾਂ ਦੀ ਜਾਨ ਨਾਲ ਹੋ ਰਿਹਾ ਖਿਲਵਾੜ, ਲੱਖਾਂ ਦੀ ਲਾਗਤ ਨਾਲ ਲਗਾਏ ਆਕਸੀਜਨ ਪਲਾਂਟ ਚਿੱਟਾ ਹਾਥੀ ਬਣੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਿਹਤ ਵਿਭਾਗ ਦੇ ਆਹਲਾ ਸਰਕਾਰੀ ਅਧਿਕਾਰੀਆਂ ਦੀ ਭਾਰੀ ਲਾਪਰਵਾਹੀ ਅਤੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਾ ਅਹਿਲੀਅਤ ਸਦਕਾ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਮਰਦੇ ਹੋਏ ਮਰੀਜ਼ ਨੂੰ ਜੀਵਣ ਦਾਨ ਦੇਣ ਵਾਲੇ ਆਕਸੀਜਨ ਜਨਰੇਸ਼ਨ ਪਲਾਂਟ ਦੀ ਖੁਦ ਦੀ ਜਾਨ ਨਿਕਲੀ ਹੋਈ ਹੈ ਜਿਸ ਨਾਲ ਕਿਸੇ ਗੰਭੀਰ ਹਾਲਤ ਵਿੱਚ ਹਸਪਤਾਲ ਪੁੱਜਣ ਵਾਲੇ ਮਰੀਜ਼ਾਂ ਦੀ ਕੀਮਤੀ ਜਾਨ ਨਾਲ ਭਾਰੀ ਖਿਲਾਵੜ ਕੀਤਾ ਜਾ ਰਿਹਾ ਹੈ। ਸਿਤਮਜ਼ਰੀਫੀ ਇਹ ਕਿ ਇਸ ਆਕਸੀਜਨ ਜਨਰੇਸ਼ਨ ਪਲਾਂਟ ਦੀ ਦੇਖਭਾਲ ਵਿੱਚ ਖੁਦ ਸਿਹਤ ਵਿਭਾਗ ਵੱਲੋਂ ਦਿਖਾਈ ਜਾ ਰਹੀ ਗੰਭੀਰ ਲਾਪਰਵਾਹੀ ਵਿੱਚ ਵਿਭਾਗ ਦੇ ਹੀ ਆਹਲਾ ਅਧਿਕਾਰੀਆਂ ਦਾ ਭਾਰੀ ਰੋਲ ਹੈ ਜਿਨ੍ਹਾਂ ਨੇ ਕੇਵਲ ਆਪਣੀ ਜ਼ਿੰਮੇਵਾਰੀ ਦਾ ਭਾਰ ਸਿਰ ਤੋਂ ਲਾਹੁਣ ਲਈ ਕਾਗਜ਼ੀ ਕਾਰਵਾਈ ਤੋਂ ਵੱਧ ਕੋਈ ਅਹਿਮੀਅਤ ਨਹੀਂ ਦਿੱਤੀ ਅਤੇ ਨਾ ਹੀ ਇਸ ਮਸਲੇ ਦੇ ਹੱਲ ਲਈ ਕੋਈ ਸਾਰਥਕ ਯਤਨ ਹੀ ਅਮਲ ਵਿੱਚ ਲਿਆਂਦੇ ਹਨ ਜਿਸਦੇ ਨਤੀਜੇ ਵਜੋਂ ਸਥਾਨਕ ਮਨੁੱਖੀ ਆਬਾਦੀ ਦੀ ਸਿਹਤ ਅਤੇ ਤੰਦਰੁਸਤੀ ਉੱਪਰ ਬਹੁਤ ਸਾਰੇ ਗੰਭੀਰ ਪ੍ਰਭਾਵ ਪਏ ਹਨ।

ਅਸਲ ਵਿੱਚ ਸਾਡੇ ਦੇਸ਼ ਦਾ ਪੂਰਾ ਸਿਸਟਮ ਹੀ ਪੰਜਾਬੀ ਦੀ ਕਹਾਵਤ 'ਵਿਹੜੇ ਆਈ ਜੰਞ ਤੇ ਵਿੰਨੋ ਕੁੜੀ ਦੇ ਕੰਨ' ਦੇ ਅਧਾਰ 'ਤੇ ਹੀ ਚੱਲਦਾ ਹੈ ਅਤੇ ਸਿਹਤ ਵਿਭਾਗ ਵਰਗੇ ਅਹਿਮ ਮਹਿਕਮੇ ਦਾ ਤਾਂ ਆਵਾ ਹੀ ਊਤਿਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਕੋਵਿਡ-19 ਮਹਾਂਮਾਰੀ ਨੇ ਦੇਸ਼ ਦੀਆਂ ਵੱਖ-ਵੱਖ ਰਾਜ ਸਰਕਾਰਾਂ ਦੁਆਰਾ ਮਹਾਂਮਾਰੀ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਦਿੱਤੀ ਗਈ ਘੱਟ ਤਰਜੀਹ ਨੂੰ ਉਜਾਗਰ ਕੀਤਾ, ਖਾਸ ਕਰਕੇ ਦੇਸ਼ ਦੇ ਸਿਹਤ ਸੰਭਾਲ ਦੇ ਖੇਤਰ ਦੀਆਂ ਕਮੀਆਂ ਦੀ ਪਾਜ ਬਹੁਤ ਬੁਰੇ ਤਰੀਕੇ ਨਾਲ ਉੱਘਾੜਿਆ। ਮੁੱਢਲੀਆਂ ਸਿਹਤ ਸਹੂਲਤਾਂ ਜਿਵੇਂ ਕਿ ਆਕਸੀਜਨ ਵਰਗੇ ਜ਼ਰੂਰੀ ਸਰੋਤਾਂ ਦੀ ਢੁੱਕਵੀਂ ਸਪਲਾਈ, ਪੇਂਡੂ ਸਿਹਤ ਸਹੂਲਤਾਂ, ਜੋ ਕਿ ਸਥਾਨਕ ਲੋਕਾਂ ਦੀਆਂ ਜਾਨਾਂ ਨੂੰ ਸੁਰੱਖਿਅਤ ਰੱਖਣ ਲਈ ਬੇਹੱਦ ਜ਼ਰੂਰੀ ਹੈ, ਦੀ ਅਣਹੋਂਦ ਬਹੁਤ ਬੁਰੀ ਤਰ੍ਹਾਂ ਨਾਲ ਸਾਹਮਣੇ ਆਈ।

ਭਾਵੇਂ ਕਿ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਨੂੰ ਮੈਡੀਕਲ ਕਾਲਜ ਬਣਾਉਣ ਦੇ ਦਮਗਜੇ ਮਾਰੇ ਜਾ ਰਹੇ ਹਨ ਤੇ ਕਰੋੜਾਂ ਰੁਪਏ ਲਾਗਤ ਨਾਲ ਬਿਲਡਿੰਗ ਅਤੇ ਹੋਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਪਰ ਅਸਲ ਵਿੱਚ ਅਜੋਕੇ ਸਮੇਂ ਅੰਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅੰਦਰ ਸਿਹਤ ਪ੍ਰਬੰਧ ਰੱਬ ਆਸਰੇ ਹੀ ਚੱਲ ਰਹੇ ਹਨ। ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦੋ ਆਕਸੀਜਨ ਜਨਰੇਸ਼ਨ ਪਲਾਂਟ ਕਰੋੜਾਂ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਹੋਏ ਹਨ ਤਾਂ ਜੋ ਹੰਗਾਮੀ ਹਾਲਤ ਵਿੱਚ ਮਰੀਜ਼ਾਂ ਦੀ ਜਾਨ ਬਚਾਉਣ ਲਈ ਤੁਰੰਤ ਜੀਵਨ ਰੱਖਿਆ ਉਪਕਰਣ ਦੀ ਤੁਰੰਤ ਵਰਤੋਂ ਕੀਤੀ ਜਾ ਸਕੇ। ਇਸ ਮਕਸਦ ਲਈ ਆਕਸੀਜਨ ਪਹੁੰਚਾਉਣ ਲਈ ਸਿਵਿਲ ਹਸਪਤਾਲ ਦੇ ਸਾਰੇ ਕਮਰਿਆਂ ਵਿੱਚ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।ਪੱਤਰਕਾਰਾਂ ਦੀ ਟੀਮ ਵੱਲੋਂ ਇਸ ਆਕਸੀਜਨ ਜਨਰੇਸ਼ਨ ਪਲਾਂਟ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਕੀਤੇ ਗਏ ਦੌਰੇ ਦੌਰਾਨ ਇਹ ਵੇਖਿਆ ਗਿਆ ਕਿ ਦੋਵੇਂ ਆਕਸੀਜਨ ਜਨਰੇਸ਼ਨ ਪਲਾਂਟ ਦੀ ਤਾਲਾਬੰਦੀ ਕੀਤੀ ਹੋਈ ਹੈ ਅਤੇ ਇਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹੈ। ਪੁੱਛ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਇਹ ਦੋਵੇਂ ਆਕਸੀਜਨ ਪਲਾਂਟ ਬੰਦ ਪਏ ਹੋਏ ਹਨ।ਇਨ੍ਹਾਂ ਦਾ ਮਰੀਜ਼ਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ। ਇਸ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੀਵਨ ਰੱਖਿਆ ਉਪਕਰਨਾ ਦੀ ਸਾਂਭ ਸੰਭਾਲ ਵਰਗੇ ਸੰਵੇਦਨਸ਼ੀਲ ਮਾਮਲੇ ਪ੍ਰਤੀ ਸਿਹਤ ਅਧਿਕਾਰੀਆਂ ਦੀ ਲਾਪਰਵਾਹੀ ਕਿਸ ਹੱਦ ਤੱਕ ਜਾ ਸਕਦੀ ਹੈ।






ਕੀ ਕਹਿੰਦੇ ਨੇ ਸਿਹਤ ਅਧਿਕਾਰੀ : ਜੀਵਨ ਰੱਖਿਆ ਨਾਲ ਸੰਬੰਧਿਤ ਇਸ ਸੰਵੇਦਨਸ਼ੀਲ ਮਸਲੇ ਸਬੰਧੀ ਪੱਖ ਲੈਣ ਲਈ ਕੀਤੇ ਗਏ ਸੰਪਰਕ ਦੌਰਾਨ ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਰਵਈਆ ਬਹੁਤ ਹੀ ਗੈਰਜਿੰਮੇਵਾਰਾਨਾ ਰਿਹਾ। ਸਭ ਤੋਂ ਪਹਿਲਾਂ ਇਸ ਮਸਲੇ ਤੇ ਸੰਪਰਕ ਕਰਨ ਦੌਰਾਨ ਸਿਵਲ ਸਰਜਨ ਡਾ ਪਵਨ ਕੁਮਾਰ ਨੇ ਕਿਹਾ ਕਿ ਇਸ ਮਸਲੇ ਬਾਰੇ ਜਾਣਕਾਰੀ ਸਬੰਧਿਤ ਹਸਪਤਾਲ ਦੇ ਮੁੱਖ ਪ੍ਰਬੰਧਕ ਐਸ ਐਮ ਓ ਹੀ ਦੇ ਸਕਦੇ ਹਨ।ਜਦੋਂ ਸੀਨੀਅਰ ਐਸ ਐਮ ਓ ਡਾਕਟਰ ਸਵਾਤੀ ਨਾਲ ਫੋਨ ਤੇ ਵਾਰ-ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨਾਂ ਫੋਨ ਚੁੱਕਣਾ ਅਤੇ ਬੈਕ ਕਾਲ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ। ਜਦੋਂ ਇਸ ਸਬੰਧੀ ਸਿਵਲ ਸਰਜਨ ਡਾ ਪਵਨ ਕੁਮਾਰ ਨੂੰ ਜਾਣਕਾਰੀ ਦਿੱਤੀ ਗਈ ਤਾਂ ਉਹਨਾਂ ਡਿਪਟੀ ਮੈਡੀਕਲ ਕਮਿਸ਼ਨ ਡਾਕਟਰ ਹਰਬੰਸ ਕੌਰ ਨਾਲ ਸੰਪਰਕ ਕਰਨ ਲਈ ਕਿਹਾ। ਪਰ ਡਿਪਟੀ ਮੈਡੀਕਲ ਕਮਿਸ਼ਨਰ ਦੀ ਜਿੰਮੇਵਾਰ ਪੋਸਟ ਤੇ ਬੈਠੀ ਡਾਕਟਰ ਹਰਬੰਸ ਕੌਰ ਨੇ ਵੀ ਇਸ ਮਸਲੇ ਤੇ ਆਪਣਾ ਪੱਲਾ ਝਾੜ ਦਿੱਤਾ। ਜਦੋਂ ਇਸ ਬਾਰੇ ਵੀ ਸਿਵਲ ਸਰਜਨ ਨੂੰ ਦੱਸਿਆ ਗਿਆ ਤਾਂ ਉਹਨਾਂ ਨੇ ਸਹਾਇਕ ਐਸ ਐਮ ਓ ਡਾਕਟਰ ਕੁਲਦੀਪ ਸਿੰਘ ਘੋਤੜਾ ਦੀ ਡਿਊਟੀ ਲਗਾਈ ਪੱਤਰਕਾਰਾਂ ਨੇ ਉਹਨਾਂ ਦੇ ਦਫਤਰ ਵਿੱਚ ਸੰਪਰਕ ਕਰਕੇ ਪੱਖ ਜਾਣਿਆ ਤਾਂ ਉਹਨਾਂ ਇਸ ਆਕਸੀਜਨ ਪਲਾਂਟ ਦੀ ਦੇਖਰੇਖ ਕਰ ਰਹੇ ਸਚਿਨ ਨਾਮਕ ਠੇਕੇ ਅਧਾਰਿਤ ਮੁਲਾਜ਼ਮ ਨੂੰ ਬੁਲਾ ਕੇ ਇਸ ਪਾਸੋਂ ਜਾਣਕਾਰੀ ਲੈਣ ਤੋਂ ਬਾਅਦ ਦੱਸਿਆ ਕਿ ਕਰੀਬ ਇੱਕ ਸਾਲ ਪਹਿਲਾਂ ਆਕਸੀਜਨ ਜਨਰੇਸ਼ਨ ਪਲਾਂਟ ਦੀਆਂ ਪਾਈਪਾਂ ਚੋਰੀ ਹੋ ਗਈਆਂ ਸਨ ਜਿਸ ਸਬੰਧੀ ਥਾਣਾ ਮਾਡਲ ਟਾਊਨ ਦੀ ਪੁਲਿਸ ਨੂੰ ਲਿਖਤੀ ਇਤਲਾਹ ਦਿੱਤੀ ਗਈ ਹੈ ਅਤੇ ਮਹਿਕਮੇ ਦੇ ਅਧਿਕਾਰੀਆਂ ਨੂੰ ਵੀ ਮੁਰੰਮਤ ਲਈ ਪ੍ਰਵਾਨਗੀ ਲਈ ਲਿਖਿਆ ਗਿਆ ਹੈ ਦੂਜੇ ਆਕਸੀਜਨ ਪਲਾਂਟ ਬਾਰੇ ਉਹਨਾਂ ਦੱਸਿਆ ਕਿ ਇਸ ਦੇ ਜਨਰੇਟਰ ਦਾ ਕੰਪ੍ਰੈਸ਼ਰ ਖਰਾਬ ਹੋਇਆ ਪਿਆ ਹੈ ਅਤੇ ਸਰਵਿਸ ਵੀ ਹੋਣ ਵਾਲੀ ਹੋਣ ਕਰਕੇ ਵਰਤੋਂ ਵਿੱਚ ਨਹੀਂ ਹਨ।

ਭਾਵੇਂ ਕੁੱਝ ਵੀ ਹੋਵੇ ਹੰਗਾਮੀ ਹਾਲਤ ਵਿਚ ਜੀਵਣ ਰਖਿਅਕ ਉਪਕਰਣ ਦੋਵੇਂ ਆਕਸੀਜਨ ਪਲਾਂਟ ਲੰਮੇ ਸਮੇਂ ਤੋਂ ਵਰਤੋਂ ਵਿੱਚ ਨਾ ਹੋਣ ਕਾਰਣ ਇਹ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮੌਜੂਦਾ ਪ੍ਰਸਾਸ਼ਕ ਸੀਨੀਅਰ ਐੱਸਐੱਮਓ ਦੀ ਕੇਵਲ ਕਾਰਜਸ਼ੈਲੀ ਹੀ ਨਹੀਂ ਸਗੋਂ ਉਨ੍ਹਾਂ ਦੀ ਪ੍ਰਸ਼ਾਸ਼ਨਿਕ ਯੋਗਤਾ ਉੱਪਰ ਵੀ ਸਵਾਲੀਆ ਨਿਸ਼ਾਨ ਲਗਾ ਰਹੇ ਹਨ । ਲੰਮੇ ਸਮੇਂ ਤੋਂ ਬੰਦ ਪਏ ਇਹਨਾਂ ਆਕਸੀਜਨ ਪਲਾਂਟਾਂ ਨੂੰ ਸਮੇਂ ਸਿਰ ਠੀਕ ਨਾ ਕਰਾਉਣ ਤੇ ਪੱਤਰਕਾਰਾਂ ਨੇ ਗੈਰ ਜਿੰਮੇਦਾਰ ਹਸਪਤਾਲ ਦੇ ਪ੍ਰਸਾਸ਼ਕ ਤੇ ਅਧਿਕਾਰੀਆਂ ਵਿਰੁੱਧ ਸਖਤ ਵਿਭਾਗੀ ਕਾਰਵਾਈ ਕਰਨ ਅਤੇ ਪੰਜਾਬ ਸਰਕਾਰ ਤੋਂ ਇਹਨਾਂ ਨੂੰ ਠੀਕ ਕਰਾਕੇ ਮਰੀਜ਼ਾਂ ਦੇ ਵਰਤੋਂ ਯੋਗ ਬਣਾਉਣ ਦੀ ਮੰਗ ਕੀਤੀ। ਪੱਤਰਕਾਰਾਂ ਨੇ ਇਸ ਸੰਜੀਦਾ ਮਸਲੇ ਦੇ ਜਲਦੀ ਹੱਲ ਲਈ ਸਰਕਾਰ ਵੱਲ ਦੇਖਣ ਦੀ ਬਜਾਏ ਸੋਨਾਲੀਕਾ, ਮਹਾਂਵੀਰ ਸਪਿਨਿੰਗ ਮਿੱਲ ਹਾਕਿੰਸ ਕੂਕਰ ਤੇ ਰਿਲਾਇੰਸ ਵਰਗੇ ਅਦਾਰਿਆਂ ਦਾ ਸਹਿਯੋਗ ਲੈਣ ਦੇ ਸੁਝਾਓ ਦੇਣ 'ਤੇ ਐੱਸ ਐੱਮ ਓ ਡਾ ਕੁਲਦੀਪ ਸਿੰਘ ਘੋਤੜਾ ਨੇ ਸਹਿਮਤ ਹੁੰਦਿਆਂ ਆਪਣੇ ਵੱਲੋਂ ਹਰਿ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ।

# ਅਭੀ ਚੌਧਰੀ ਨੇ ਬਜ਼ੁਰਗਾਂ ਦੇ ਵਿਹੜੇ 'ਚ ਮਨਾਇਆ 27ਵਾਂ ਜਨਮ ਦਿਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ਵਿੱਚ ਅਭੀ ਚੌਧਰੀ ਨੇ ਆਪਣਾ 27ਵਾਂ ਜਨਮਦਿਨ ਮਨਾਇਆ। ਉਹਨਾਂ ਦਾ ਹਾਲ ਚਾਲ ਪੁੱਛਿਆ ਤੇ ਫਿਰ ਉਹਨਾਂ ਨੇ ਆਸ਼ਰਮ ਸਮੂਹ ਟੀਮ ਤੇ ਬਜ਼ੁਰਗਾਂ ਦੇ ਨਾਲ ਮਿਲ ਕੇ ਕੇਕ ਕੱਟਣ ਦੀ ਰਸਮ ਪੂਰੀ ਕੀਤੀ। ਇਸਦੇ ਨਾਲ ਹੀ ਉਨ੍ਹਾਂ ਨੇ ਬਜ਼ੁਰਗਾਂ ਨੂੰ ਲੰਗਰ ਛਕਾਇਆ। ਅਭੀ ਚੌਧਰੀ ਨੇ ਬਜ਼ੁਰਗਾਂ ਨੂੰ ਹਿੰਮਤ ਦਿੰਦਿਆ ਹੋਇਆ ਕਿਹਾ ਕਿ ਤੁਸੀਂ ਹਰ ਵੇਲੇ ਪ੍ਰਮਾਤਮਾ ਦਾ ਸਿਮਰਨ ਕਰਿਆ ਕਰੋ। ਜੋ ਕੁਝ ਵੀ ਤੁਹਾਡੇ ਨਾਲ ਪਿੱਛੇ ਹੋਇਆ ਹੈ। ਉਸਨੂੰ ਰੱਬ ਦਾ ਭਾਣਾ ਮੰਨ ਕੇ ਭੁੱਲ ਜਾਓ। ਜੇਕਰ ਪ੍ਰਮਾਤਮਾ ਨੇ ਤੁਹਾਡੇ ਆਪਣੇ 2-3 ਬੱਚਿਆਂ ਤੋਂ ਦੂਰ ਕੀਤਾ ਹੈ ਤਾਂ ਸਾਨੂੰ ਤੁਹਾਡੇ ਨਾਲ ਮਿਲਾਇਆ ਹੈ। ਅਸੀਂ ਵੀ ਤੁਹਾਡੇ ਆਪ ਦੇ ਹੀ ਬੱਚੇ ਹਾਂ। ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਉਹਨਾਂ ਤੇ ਉਹਨਾਂ ਦੇ ਪਰਵਾਰਿਕ ਮੈਂਬਰਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਆਸ਼ਰਮ ਸਮੂਹ ਸਟਾਫ ਮੈਂਬਰ ਸਵਿਤਾ, ਪੂਜਾ ਦੇਵੀ, ਰਾਜ ਰਾਣੀ, ਰਾਣੀ ਦੇਵੀ, ਕਮਲੇਸ਼ ਕੁਮਾਰੀ, ਤਰਸੇਮ ਲਾਲ, ਰਮੇਸ ਚੰਦਰ, ਅਸ਼ੋਕ ਮੌਜੂਦ ਸਨ।

# ਐੱਕਸ ਸਰਵਿਸਮੈਨ ਵੈੱਲਫੇਅਰ ਸੁਸਾਇਟੀ ਬਲਾਕ ਆਦਮਪੁਰ ਵੱਲੋਂ ਗਣਤੰਤਰ ਦਿਵਸ ਮਨਾਉਣ ਸੰਬੰਧੀ ਮੀਟਿੰਗ

**ਆਦਮਪੁਰ (ਪਰਮਜੀਤ ਸਿੰਘ)**

ਆਦਮਪੁਰ ਵਿਖੇ ਐਕਸ ਸਰਵਿਸਮੈਨ ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰਾਂ ਵੱਲੋਂ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦਾ ਮੁੱਖ ਕੇਂਦਰ ਬਿੰਦੂ 'ਗਣਤੰਤਰ ਦਿਵਸ' ਸਮਾਗਮ ਸੀ।ਇਸ ਸਮਾਗਮ ਨੂੰ ਮਨਾਉਣ ਸੰਬੰਧੀ ਵਿਚਾਰ ਚਰਚਾ ਕੀਤੀ ਗਈ।ਸਾਰੇ ਹੀ ਮੌਜੂਦ ਸਾਥੀਆਂ ਨੇ ਵਿਚਾਰ ਪੇਸ਼ ਕੀਤੇ।ਸਰਵਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਇਹ ਸਮਾਗਮ 'ਮਹਾਰਾਜਾ ਪੈਲੇਸ' ਵਿੱਚ ਕੀਤਾ ਜਾਏਗਾ।ਸੁਸਾਇਟੀ ਵੱਲੋਂ ਸਾਰੇ ਹੀ ਇਲਾਕਾ ਨਿਵਾਸੀਆਂ ਨੂੰ ਖੁੱਲਾ ਸੱਦਾ ਹੈ ਕਿ ਹੁੰਮ ਹੁਮਾ ਕੇ ਪਰਵਾਰ ਸਹਿਤ ਇਸ ਖੁਸ਼ੀ ਦੇ ਮੌਕੇ ਪਹੁਚੰਣ । ਵਿਸ਼ੇਸ਼ ਤੌਰ 'ਤੇ ਇਲਾਕੇ ਦੇ ਕਿਸੇ ਵੀ ਭਾਰਤੀ ਸੈਨਾ ਨਾਲ ਸਬੰਧਤ ਫੌਜੀ ਅਤੇ ਸਾਬਕਾ ਫੌਜੀਆਂ ਨੂੰ ਅਪੀਲ ਹੈ ਕਿ ਪਰਵਾਰ ਸਮੇਤ ਆ ਕੇ ਹਿੱਸਾ ਲੈਣ।ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਸਵੇਰੇ ਠੀਕ 10:00 ਬਜੇ ਨਿਭਾਈ ਜਾਏਗੀ।ਬੱਚਿਆਂ ਵੱਲੋਂ ਗਣਤੰਤਰ ਦਿਵਸ ਨਾਲ ਸਬੰਧਤ ਗੀਤ, ਵਿਚਾਰ ਚਰਚਾ ਅਤੇ ਸਭਿਆਚਾਰ ਗਿੱਧਾ ਅਤੇ ਭੰਗੜਾ ਵੀ ਪੇਸ਼ ਕੀਤਾ ਜਾਏਗਾ।ਸੰਗਤਾਂ ਲਈ ਚਾਹ ਅਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ।ਇਸ ਮੌਕੇ ਵਾਰੰਟ ਅਫ਼ਸਰ ਸੁਮਿੱਤਰ ਸਿੰਘ ਸੈਣੀ ( ਪ੍ਰਧਾਨ), ਸਾਰਜੈਂਟ ਅਜੀਤ ਲਾਲ (ਸੀਨੀਅਰ ਉਪ ਪ੍ਰਧਾਨ), ਹਵਲਦਾਰ ਐਸ ਐਲ ਭਾਟੀਆ (ਉਪ ਪ੍ਰਧਾਨ), ਸੂਬੇਦਾਰ ਮਲਾਵਾ ਸਿੰਘ (ਖਜਾਨਚੀ), ਹਵਲਦਾਰ ਕਿਸ਼ਨ ਚੰਦ ਲੋਈ (ਮੈਂਬਰ), ਸਾਰਜੈਂਟ ਲਾਲ ਚੰਦ (ਮੈਂਬਰ), ਸੂਬੇਦਾਰ ਔਨਰੇਰੀ ਕੈਪਟਨ ਗੁਰਮੀਤ ਸਿੰਘ ਹਾਜ਼ਰ ਸਨ।ਇੰਜ ਹਰਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।



20-Jan-PAGE-9.qxd 1/19/2025 8:51 PM Page 1



# ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਅਜਲਾਸ ਸੰਪੰਨ



**ਬੰਗਾ (ਅਵਤਾਰ ਕਲੇਰ)**

ਕੁੱਲ ਹਿੰਦ ਕਿਸਾਨ ਸਭਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਅਜਲਾਸ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂ ਸ਼ਹਿਰ ਵਿਖੇ ਸੰਪੰਨ ਹੋਇਆ। ਸੂਰਤ ਸਿੰਘ ਧਰਮਕੋਟ ਸੀਨੀਅਰ ਮੀਤ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ ਤੇ ਤਰਸੇਮ ਸਿੰਘ ਮੌਜਗੜ੍ਹ ਵਿਸੇਸ ਤੌਰ 'ਤੇ ਪਹੁੰਚੇ। ਉਦਘਾਟਨੀ ਭਾਸ਼ਣ ਦੌਰਾਨ ਸੂਰਤ ਸਿੰਘ ਧਰਮਕੋਟ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਦੇ ਇਤਿਹਾਸ, ਆਜ਼ਾਦੀ ਦੇ ਸੰਗਰਾਮ ਵਿੱਚ ਇਸ ਦਾ ਯੋਗਦਾਨ, ਉਸ ਤੋਂ ਬਾਅਦ ਹੁਣ ਤੱਕ ਦੀਆਂ ਕਿਸਾਨੀ ਖੇਤਰ ਵਿਚ ਪ੍ਰਾਪਤੀਆ ਬਾਰੇ ਵੀ ਜਾਣਕਾਰੀ ਦਿੱਤੀ ਗਈ। ਧਰਮਕੋਟ ਨੇ ਨਵਾਂਸ਼ਹਿਰ ਜਿਲ੍ਹਾ ਦੀਆਂ ਕਿਸਾਨੀ ਖੇਤਰ ਵਿੱਚ ਪ੍ਰਾਪਤੀਆ ਬਾਰੇ ਵੀ ਸ਼ਲਾਘਾ ਕੀਤੀ। ਅਜਲਾਸ ਦੀ ਪ੍ਰਧਾਨਗੀ ਦਸੌਂਧਾ ਸਿੰਘ ਤੇ ਨਰੰਜਣ ਦਾਸ ਮੇਹਲੀ ਨੇ ਕੀਤੀ। ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਆਗੂ ਜੁਝਾਰ ਸਿੰਘ ਕੁੱਕੜ ਮਜਾਰਾ ਤੇ ਜਗਤਾਰ ਸਿੰਘ ਪੂੰਨੂੰ ਮਜਾਰਾ ਨੇ ਕੀਤੀ। ਜਿਲ੍ਹਾ ਸਕੱਤਰ ਜਸਵਿੰਦਰ ਸਿੰਘ ਭੰਗਲ ਵੱਲੋਂ ਜਥੇਬੰਦੀ ਦੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮਾਂ ਦੀ ਰਿਪੋਰਟ ਪੇਸ਼ ਕੀਤੀ ਗਈ। ਇਸ ਰਿਪੋਰਟ ਨੂੰ ਇਜਲਾਸ ਵਿੱਚ ਸ਼ਾਮਲ ਹੋਏ ਸਾਥੀਆਂ ਨੇ ਪਾਸ ਕਰ ਦਿੱਤਾ। ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਦੌਰਾਨ ਜਥੇਬੰਦੀ ਦੇ ਕੰਮਾਂ ਨੂੰ ਤਨਦੇਹੀ ਨਾਲ ਨਿਭਾਉਣ ਲਈ ਸਾਰੇ ਮੈਂਬਰਾਂ ਨੂੰ ਬੇਨਤੀ ਕੀਤੀ ਗਈ। ਇਸ ਦੌਰਾਨ ਜਿਲ੍ਹੇ ਵੱਲੋਂ 17 ਮੈਂਬਰੀ ਕਮੇਟੀ ਸਰਬਸੰਮਤੀ ਨਾਲ ਚੁਣੀ ਗਈ। ਇਸ ਵਿਚ ਦਸੌਂਧਾ ਸਿੰਘ ਨੂੰ ਪ੍ਰਧਾਨ, ਗੁਰਮੁੱਖ ਸਿੰਘ ਫਰਾਲਾ ਤੇ ਵੀਨਾ ਰਾਣੀ ਰਾਹੋਂ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਜਸਵਿੰਦਰ ਸਿੰਘ ਭੰਗਲ ਜਿਲ੍ਹਾ ਸਕੱਤਰ ਤੇ ਜੁਝਾਰ ਸਿੰਘ ਕੁੱਕੜ ਮਜਾਰਾ ਤੇ ਜਸਵਿੰਦਰ ਲਾਲ ਰਾਹੋਂ ਨੂੰ ਮੀਤ ਸਕੱਤਰ, ਬਲਜਿੰਦਰ ਸਿੰਘ ਨੂੰ ਖਜਾਨਚੀ, ਹਰਦੀਪ ਕੌਰ ਰਾਹੋਂ ਨੂੰ ਸਹਾਇਕ ਖਜਾਨਚੀ, ਸਵਤੰਤਰ ਕੁਮਾਰ ਤੇ ਪਿੰਦੂ ਰਾਣਾ ਨੂੰ ਮੁੱਖ ਸਲਾਹਕਾਰ, ਅਮਰਜੀਤ ਬੱਬੀ ਮੇਹਲੀ ਪ੍ਰੈਸ ਸਕੱਤਰ, ਸੁਖਦੇਵ ਰਾਮ ਨੂੰ ਸਹਾਇਕ ਪ੍ਰੈਸ ਸਕੱਤਰ ਤੇ ਰਾਜਵੀਰ ਕੌਰ ਰਾਹੋਂ ਨੂੰ ਦਫਤਰ ਸਕੱਤਰ ਚੁਣਿਆ ਗਿਆ। ਇਨ੍ਹਾਂ ਤੋਂ ਇਲਾਵਾ ਰਾਜ ਕੁਮਾਰ ਸੋਢੀ ਸੁੱਜੋਂ, ਭਜਨ ਸਿੰਘ ਸੁੱਜੋਂ, ਜਗਤਾਰ ਸਿੰਘ ਪੂੰਨੂੰ ਮਜਾਰਾ ਤੇ ਗੁਰਿੰਦਰ ਰਾਹੋਂ ਨੂੰ ਜਿਲ੍ਹਾ ਕੌਂਸਲ ਮੈਂਬਰ ਚੁਣਿਆ ਗਿਆ। ਅਖੀਰ ਵਿਚ ਪ੍ਰਧਾਨਗੀ ਮੰਡਲ ਵੱਲੋਂ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

# ਡਾਕਟਰ ਲੁੱਟਣ ਵਾਲਾ ਮੁਲਜ਼ਮ ਗ੍ਰਿਫ਼ਤਾਰ

**ਨਵਾਂਸ਼ਹਿਰ (ਮਨੋਜ ਲਾਡੀ)**

ਬੀਤੇ ਦਿਨੀਂ ਡਾ: ਲੋਕੇਸ਼ ਜੈਨ ਪੁੱਤਰ ਮੁਹਿੰਦਰ ਕੁਮਾਰ ਜੈਨ ਵਾਸੀ ਗੁਰੂ ਨਾਨਕ ਨਗਰ ਸਾਹਮਣੇ ਸ਼ਿਵਾਲਿਕ ਸਕੂਲ ਨਵਾਂਸਹਿਰ ਕੋਲੋਂ ਨੌਜਵਾਨਾਂ ਵਲੋਂ ਦਵਾਈ ਲੈਣ ਦੇ ਬਹਾਨੇ ਪਿਸਤੌਲ ਅਤੇ ਚਾਕੂ ਦਿਖਾ ਕੇ ਦਵਾਈਆਂ, ਨਗਦੀ ਅਤੇ ਮੋਬਾਇਲ ਆਦਿ ਦੀ ਖੋਹ ਕਰਕੇ ਡਾਕਟਰ ਨੂੰ ਕੈਬਿਨ ਵਿਚ ਬੰਦ ਕਰ ਗਏ ਸਨ । ਇਸ ਸਬੰਧੀ ਮੁਕੱਦਮਾ ਨੰਬਰ 13 ਮਿਤੀ 14-01-25 ਅ/ਧ 332(3), 309(4), 127(2), 111, 3(5), 25-54-1959 ਥਾਣਾ ਸਿਟੀ ਦਰਜ ਕੀਤਾ ਗਿਆ ਸੀ । ਮੁਕੱਦਮਾ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਸੀ.ਆਈ.ਏ ਅਤੇ ਥਾਣਾ ਸਿਟੀ ਨਵਾਂਸ਼ਹਿਰ ਦੀਆਂ ਟੀਮਾਂ ਬਣਾਈਆਂ ਗਈਆਂ ਸਨ। ਇੰਚਾਰਜ ਸੀ.ਆਈ.ਏ ਇੰਸ: ਅਵਤਾਰ ਸਿੰਘ ਅਤੇ ਮੁੱਖ ਅਫਸਰ ਥਾਣਾ ਸਿਟੀ ਨਵਾਂਸ਼ਹਿਰ ਅਭਿਸ਼ੇਕ ਸ਼ਰਮਾ ਦੀ ਸਾਂਝੀ ਟੀਮ ਵੱਲੋਂ ਮੁਕੱਦਮਾ ਦੇ ਦੋਸ਼ੀ



ਹੀਰਾ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਪੈਗੜਪੁਰ ਥਾਣਾ ਰਾਹੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਵਾਰਦਾਤ ਵਿੱਚ ਵਰਤਿਆ ਗਿਆ ਏਅਰ ਪਿਸਟਲ, ਨਗਦੀ ਅਤੇ ਦਵਾਈਆਂ ਬ੍ਰਾਮਦ ਕਰ ਲਈਆਂ ਗਈਆਂ ਹਨ ਅਤੇ ਦੂਜੇ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ।

# ਅਸ਼ੀਰਵਾਦ ਸਕੀਮ ਤਹਿਤ 16 ਜ਼ਿਲ੍ਹਿਆਂ ਦੇ 5951 ਲਾਭਪਾਤਰੀਆਂ ਨੂੰ ਮਿਲੇਗਾ ਲਾਭ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2024-25 ਦੌਰਾਨ ਅਨੁਸੂਚਿਤ ਜਾਤੀਆਂ ਦੇ 5951 ਲਾਭਪਾਤਰੀਆਂ ਨੂੰ 30.35 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਫਾਰ ਅਨੁਸੂਚਿਤ ਜਾਤੀਆਂ ਸਕੀਮ ਅਧੀਨ ਜ਼ਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਫਾਜਿਲਕਾ, ਹੁਸ਼ਿਆਰਪੁਰ, ਜਲੰਧਰ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਰੂਪਨਗਰ, ਐਸ.ਏ.ਐਸ.ਨਗਰ, ਐਸ.ਬੀ.ਐਸ.ਨਗਰ, ਸੰਗਰੂਰ ਅਤੇ ਮਾਲੇਰਕੋਟਲਾ ਦੇ ਸਾਲ 2023-24 ਅਤੇ 2024-25 ਦੇ ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਦੀਆਂ ਪੈਂਡਿੰਗ ਦਰਖਾਸਤਾਂ ਸਾਲ 2024-25 ਦੌਰਾਨ ਅਸ਼ੀਰਵਾਦ ਪੋਰਟਲ 'ਤੇ ਪ੍ਰਾਪਤ ਕੁੱਲ 5951 ਲਾਭਪਾਤਰੀਆਂ ਨੂੰ ਕਵਰ ਕਰਨ ਲਈ 30.35 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਸਮਾਜਿਕ ਨਿਆਂ ਮੰਤਰੀ ਨੇ



ਦੱਸਿਆ ਕਿ ਇਸ ਰਾਸ਼ੀ ਨਾਲ ਬਰਨਾਲਾ ਦੇ 136, ਬਠਿੰਡਾ ਦੇ 455, ਫਰੀਦਕੋਟ ਦੇ 187, ਫਿਰੋਜ਼ਪੁਰ ਦੇ 1230 ਫਤਿਹਗੜ੍ਹ ਸਾਹਿਬ ਦੇ 192, ਫਾਜ਼ਿਲਕਾ ਦੇ 347, ਹੁਸ਼ਿਆਰਪੁਰ ਦੇ 189, ਜਲੰਧਰ ਦੇ 1263 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ। ਇਸੇ ਤਰ੍ਹਾਂ ਮਾਨਸਾ ਦੇ 271, ਸ੍ਰੀ ਮੁਕਤਸਰ ਸਾਹਿਬ ਦੇ 90, ਪਟਿਆਲਾ ਦੇ 530, ਰੂਪਨਗਰ ਦੇ 199, ਐਸ.ਏ.ਐਸ. ਨਗਰ ਦੇ 218, ਐਸ.ਬੀ.ਐਸ. ਨਗਰ ਦੇ 166, ਸੰਗਰੂਰ ਦੇ 408 ਅਤੇ ਮਲੇਰਕੋਟਲਾ ਦੇ 70 ਲਾਭਪਾਤਰੀਆਂ ਨੂੰ ਵੀ ਵਿੱਤੀ ਲਾਭ ਦਿੱਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਰਾਜ ਵਿੱਚ ਘੱਟ ਆਮਦਨੀ ਵਾਲੇ ਪਰਿਵਾਰ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

# ਸੜਕ ਸੁਰੱਖਿਆ ਲਈ ਜਾਗਰੂਕਤਾ ਤੇ ਕਾਨੂੰਨੀ ਸਖਤੀ ਜ਼ੋਰ ਨਾਲ ਜਾਰੀ ਰੱਖਣੀ ਪਵੇਗੀ : ਐੱਸ ਪੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸੜਕਾਂ 'ਤੇ ਕੀਮਤੀ ਜਾਨਾਂ ਨੂੰ ਬਚਾਉਣ ਲਈ ਜਾਗਰੂਕਤਾ ਤੇ ਦੇ ਨਾਲ ਨਾਲ ਕਾਨੂੰਨੀ ਸਖਤੀ ਵੀ ਜਰੂਰੀ ਹੈ। ਇਹ ਵਿਚਾਰ ਸੋਹਣ ਲਾਲ ਸੋਨੀ ਐਸ.ਪੀ



ਪੰਜਾਬ ਪੁਲਸ ਨੇ ਸੜਕ ਸੁਰੱਖਿਆ ਲਈ ਰੋਡ ਸੇਫਟੀ ਅਵੇਅਰਨੈਸ ਸੋਸਾਇਟੀ ਵਲੋਂ ਆਯੋਜਿਤ ਸਾਈਕਲ ਰੈਲੀ ਨੂੰ ਝੰਡੀ ਦੇਣ ਮੌਕੇ ਵਲੰਟੀਅਰਜ ਨੂੰ ਸੰਬੋਧਨ ਕਰਦਿਆਂ ਆਖੇ। ਇਸ ਤੋਂ ਪਹਿਲਾਂ ਰਾਜ ਕੁਮਾਰ ਡੀ.ਐਸ.ਪੀ ਨੇ ਰੈਲੀ ਰੂਟ ਦਾ ਨਿਰਖੀਣ ਕੀਤਾ। ਸਮਾਜ ਸੇਵੀ ਬੁਲਾਰਿਆਂ ਨੇ ਦੱਸਿਆ ਕਿ ਦੇਸ਼ ਵਿੱਚ ਹਰ ਸਾਲ ਡੇਢ ਲੱਖ ਤੋਂ ਵੱਧ ਮੌਤਾਂ ਸੜਕੀ ਦੁਰਘਟਨਾਵਾਂ ਨਾਲ ਹੋ ਜਾਂਦੀਆਂ ਹਨ। ਸੜਕ ਸੁਰੱਖਿਆ ਜਾਗਰੂਕਤਾ ਵਧਾਉਣ ਨਾਲ ਦੁਰਘਟਨਾਵਾਂ ਤੇ ਜਾਨੀ ਨੁਕਸਾਨ ਘਟਦਾ ਜਾਵੇਗਾ। ਉਪ੍ਰੰਤ ਜਾਗਰੂਕਤਾ ਸਾਈਕਲ ਰੈਲੀ ਸਥਾਨਕ ਬੀ.ਡੀ.ਸੀ ਸਾਹਮਣਿਓ ਰਵਾਨਾ ਹੋਈ ਜੋ ਨਹਿਰੂ ਗੇਟ, ਸਲੋਹ ਚੌਕ, ਚੰਡੀਗੜ੍ਹ ਚੌਕ, ਡਾ.ਅੰਬੇਦਕਰ ਚੌਕ ਹੁੰਦੀ ਹੋਈ ਸਲੋਹ ਰੋਡ 'ਤੇ ਸਥਿੱਤ ਸੜਕ ਟ੍ਰੇਨਿੰਗ ਪਾਰਕ ਵਿਖੇ ਪੁੱਜੀ। "ਸੜਕ ਟ੍ਰੇਨਿੰਗ ਪਾਰਕ" ਵਿਖੇ ਵਲੰਟੀਅਰਜ ਦਾ ਸਵਾਗਤ ਜੀ.ਐਸ.ਤੂਰ, ਸੁਭਾਸ਼ ਚੰਦਰ ਇੰਚਾਰਜ ਸਿਟੀ ਟ੍ਰੈਫਿਕ, ਪ੍ਰਵੀਨ ਕੁਮਾਰ ਟ੍ਰੈਫਿਕ ਪੁਲਸ, ਜੇ ਐਸ ਗਿੱਦਾ, ਨਰਿੰਦਰਪਾਲ ਤੂਰ, ਸੁਰਿੰਦਰ ਕੌਰ ਤੂਰ, ਦਿਲਬਾਗ ਸਿੰਘ ਰਿਟਾ ਡੀ.ਈ.ਓ, ਹਰਿੰਦਰਪਾਲ ਸਿੰਘ, ਦਿਲਾਵਰ ਸਿੰਘ ਏ.ਐਸ.ਆਈ, ਰਵਿੰਦਰ ਕੌਰ ਪੰਜਾਬ ਪੁਲਸ, ਨਹਿਰੂ ਯੁਵਾ ਕੇਂਦਰ ਤੋਂ ਗੋਬਿੰਦ ਅਧਿਕਾਰੀ ਐਮ ਟੀ ਐਸ ਤੇ ਵਲੰਟੀਅਰ ਵਿਕਰਮ ਕੁਮਾਰ ਨੇ ਕੀਤਾ। ਮੌਕੇ 'ਤੇ ਸੜਕ ਸੁਰੱਖਿਆ ਬਾਰੇ ਵਿਦਿਆਰਥੀਆਂ ਨੂੰ ਸਵਾਲ ਵੀ ਕੀਤੇ ਗਏ ਅਤੇ ਸਹੀ ਉੱਤਰ ਦੇਣ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ।

# ਜ਼ਿਲ੍ਹੇ 'ਚ ਸ਼ੋਰ ਪ੍ਰਦੂਸ਼ਣ ਸੰਬੰਧੀ ਮਨਾਹੀ ਦੇ ਹੁਕਮ

**ਨਵਾਂਸ਼ਹਿਰ, (ਮਨੋਜ ਲਾਡੀ)**

ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਵੱਲੋਂ ਜ਼ਿਲ੍ਹੇ ਦੀ ਹੱਦ ਅੰਦਰ ਸ਼ੋਰ ਪ੍ਰਦੂਸ਼ਣ 'ਤੇ ਰੋਕ ਅਤੇ ਨਿਯੰਤਰਣ ਲਈ ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਲਈ ਮਨਾਹੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਨ੍ਹਾਂ ਹੁਕਮਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਲੀਡਰਾਂ ਤੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨਿਆਂ ਆਦਿ, ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ,



ਸਮਾਜਿਕ, ਮੰਦਿਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਸੰਸਥਾਵਾਂ, ਵਪਾਰਕ ਸੰਸਥਾਵਾਂ/ਅਦਾਰਿਆਂ ਆਦਿ ਦੇ ਪ੍ਰਬੰਧਕਾਂ/ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ, ਸਮਾਗਮ ਆਦਿ ਮੌਕੇ 'ਤੇ ਕਿਸੇ ਵੀ ਬਿਲਡਿੰਗ, ਪਬਲਿਕ ਸਥਾਨਾਂ, ਖੁੱਲ੍ਹੇ ਸਥਾਨਾਂ, ਪੰਡਾਲਾਂ ਵਿਚ ਲਾਊਡ ਸਪੀਕਰ ਆਦਿ ਦੀ ਵਰਤੋਂ ਲਈ ਅਤੇ ਕਿਸੇ ਵੱਲੋਂ ਵੀ ਵਿਆਹ-ਸ਼ਾਦੀਆਂ, ਖੁਸ਼ੀ ਦੇ ਮੌਕਿਆਂ ਅਤੇ ਹੋਰ ਵੱਖ-ਵੱਖ ਮੌਕਿਆ ਆਦਿ 'ਤੇ ਮੈਰਿਜ ਪੈਲੇਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨਾਂ ਆਦਿ ਵਿਚ ਡੀ. ਜੇ, ਆਰਕੈਸਟਰਾ, ਸੰਗੀਤਕ ਯੰਤਰ ਆਦਿ ਦੀ ਵਰਤੋਂ ਕਿਸੇ ਵੀ ਸਮੇਂ (ਦਿਨ ਜਾਂ ਰਾਤ), ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ਼ ਨੁਆਇਸ) ਐਕਟ, 1956 ਵਿਚ ਦਰਜ ਸ਼ਰਤਾਂ ਤਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਲਿਖਤੀ ਪ੍ਰਵਾਨਗੀ ਲੈਣ ਉਪਰੰਤ ਇਹ ਅੰਡਰਟੇਕਿੰਗ ਦੇਣੀ ਪਵੇਗੀ ਕਿ ਆਵਾਜ਼ ਦਾ ਪੱਧਰ 10 ਡੀ ਬੀ (ਏ) ਤੋਂ ਜ਼ਿਆਦਾ ਨਹੀਂ ਹੋਵੇਗਾ। ਇਸ ਦੇ ਨਾਲ ਹੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਜਾਰੀ ਹਦਾਇਤਾਂ ਮੁਤਾਬਿਕ ਇਮਤਿਹਾਨ ਦੇ ਦਿਨਾਂ 'ਚ ਪ੍ਰੀਖਿਆ ਤੋਂ 15 ਦਿਨ ਪਹਿਲਾਂ ਕਿਸੇ ਵੀ ਲਾਊਡ ਸਪੀਕਰ ਆਦਿ ਦੀ ਪ੍ਰਵਾਨਗੀ ਨਾ ਦੇਣਾ ਸਬੰਧਤ ਉਪ ਮੰਡਲ ਮੈਜਿਸਟਰੇਟ ਯਕੀਨੀ ਬਣਾਉਣਗੇ। ਇਹ ਹੁਕਮ 8 ਮਾਰਚ, 2025 ਤੱਕ ਲਾਗੂ ਰਹਿਣਗੇ।

# ਰਾਹੋਂ-ਮਾਛੀਵਾੜਾ ਦਰਿਆ 'ਤੇ ਟੁੱਟੀ ਸਲੈਬ ਦਾ ਮਾਮਲਾ ਠੰਢੇ ਬਸਤੇ 'ਚ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**

ਰਾਹੋਂ-ਮਾਛੀਵਾੜਾ ਸਤਲੁਜ ਦਰਿਆ 'ਤੇ ਬਣਿਆ ਪੁੱਲ ਜੋ ਕਿ ਹੁਣ ਤੱਕ ਕੰਪਨੀ ਵਲੋਂ ਕੀਤੀ ਘਟੀਆ ਮਟੀਰੀਅਲ ਦੀ ਵਰਤੋਂ ਕਾਰਨ ਅਕਸਰ ਵਿਵਾਦਾਂ 'ਚ ਰਿਹਾ ਹੈ। ਪਿਛਲੇ ਚਾਰ ਮਹੀਨੇ ਤੋਂ ਫਿਰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਦਾਇਤਾਂ ਦੇ ਬੋਰਡ ਲਗਾ ਕੇ ਭਾਰੀ ਵਾਹਨਾਂ ਲਈ ਬੰਦ ਕਰ ਦਿੱਤਾ ਗਿਆ ਸੀ। ਇਸ ਪੁੱਲ ਦੀ ਰਿਪੇਅਰ ਲਈ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਵਲੋਂ ਪੁੱਲ ਦੇ ਮਾਛੀਵਾੜਾ ਸਾਇਡ ਤੋਂ ਕਰੈਕ ਆ ਜਾਣ ਕਰਕੇ ਭਾਰੀ ਵਾਹਨਾਂ 'ਤੇ ਹਾਲਾਂਕਿ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਸੀ ਤੇ ਇਸ ਸੰਬੰਧੀ ਸੰਬੰਧਤ ਮਹਿਕਮੇ ਨੂੰ ਇਸ ਦੀ ਰਿਪੇਅਰ ਕਰਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ। ਮਹਿਕਮਾ ਬੀ. ਐਂਡ ਆਰ. ਵਲੋਂ ਵੀ ਕਰੀਬ 15 ਦਿਨਾਂ ਬਾਅਦ ਪੁੱਲ ਦੀ ਸਲੈਬ ਨੂੰ ਚੈੱਕ ਕਰਨ ਤੇ ਉਸ 'ਤੇ ਲੱਗਣ ਵਾਲੇ ਮਟੀਰੀਅਲ ਤੇ ਉਸ 'ਤੇ ਹੋਣ ਵਾਲੇ ਖਰਚ ਦਾ ਅਨੁਮਾਨ ਲਗਾਉਣਾ ਸੀ ਪਰ ਭਰਸੋਯੋਗ ਸੂਰਤਾਂ ਤੋਂ ਪਤਾ ਲੱਗਿਆ ਹੈ ਕਿ ਆਈ ਹੋਈ ਟੀਮ 'ਚ ਆਪਸੀ ਤਾਲਮੇਲ ਨਹੀਂ ਸੀ ਤੇ ਉਨ੍ਹਾਂ 'ਚੋਂ ਇਕ ਇੰਜੀਨੀਅਰ ਪੂਰੀ ਸਲੈਬ ਬਦਲਣ ਦੀ ਗੱਲ ਕਰ ਰਿਹਾ ਸੀ ਤੇ ਦੂਜਾ ਇੰਜੀਨੀਅਰ ਸਲੈਬ ਦਾ ਕਰੈਕ ਹੋਇਆ ਹਿੱਸਾ ਬਦਲਣ ਦੀ ਗੱਲ ਕਰ ਰਿਹਾ ਸੀ। ਇਲਾਕੇ ਦੇ ਲੋਕਾਂ ਦਾ ਇਕ ਵਫਦ ਕ੍ਰਿਸ਼ਨ ਕਸਾਨਾ ਦੀ ਅਗਵਾਈ 'ਚ ਪੂਰੀ ਸਲੈਬ ਬਦਲਣ ਲਈ ਡਿਪਟੀ ਕਮਿਸ਼ਨਰ ਨੂੰ ਮਿਲਿਆ ਪਰ ਅਜੇ ਤੱਕ ਪੂਰਾ ਮਾਮਲਾ ਠੰਢੇ ਬਸਤੇ 'ਚ ਹੀ ਚੱਲ ਰਿਹਾ



ਹੈ। ਪੁਲ ਦੀ ਰਿਪੇਅਰ ਕਰਵਾਉਣ ਸਬੰਧੀ ਸਮਾਜ ਸੇਵਕ ਅਜੀਤ ਸਿੰਘ ਸਿਆਣ ਸੀਨੀਅਰ ਐਡਵੋਕੇਟ ਵਲੋਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਦੇ ਧਿਆਨ 'ਚ ਵੀ ਲਿਆਦਾਂ ਗਿਆ ਸੀ ਪਰ ਢਾਈ ਮਹੀਨੇ ਬੀਤ ਜਾਣ ਦੇ ਬਾਵਜੂਦ ਪੁੱਲ ਉਸੇ ਤਰ੍ਹਾਂ ਖਸਤਾ ਹਾਲ ਹੈ। ਗੱਲ ਇਥੇ ਹੀ ਖਤਮ ਨਹੀਂ ਹੁੰਦੀ ਇਸ ਪੁੱਲ ਉਪਰੋਂ ਹੈਵੀ ਟ੍ਰੈਫਿਕ ਜ਼ਿਲ੍ਹਾ ਪ੍ਰਸ਼ਾਸਨ ਦੇ ਬੰਦ ਕਰਨ ਦੇ ਬਾਵਜੂਦ ਜਾਰੀ ਹੈ। ਇਸ ਦੇ ਨਾਲ-ਨਾਲ ਦੁਆਬੇ ਦੇ ਕਿਸਾਨਾਂ ਨੂੰ ਮਜਬੂਰੀ ਕਾਰਨ ਤਿੰਨ ਸੌ ਤੋਂ ਚਾਰ ਕੁਇੰਟਲ ਗੰਨੇ ਦੀ ਭਰੀ ਟਰਾਲੀ ਸ਼ੂਗਰ ਮਿੱਲ 'ਚ ਲੈ ਜਾਣਾ ਪੈ ਰਿਹਾ ਹੈ ਜੋ ਕਿ ਹੈਵੀ ਟੱਰਕਾਂ ਤੋਂ ਵੀ ਵੱਧ ਖਤਰਨਾਕ ਹੈ। ਇਥੇ ਕਰੈਕ ਸਲੈਬ 'ਤੇ ਕਿਸੇ ਸਮੇਂ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ।

# ਸੱਪ ਦੇ ਡੰਗਣ 'ਤੇ ਪਸ਼ੂਆਂ ਦਾ ਹੁਣ ਸਰਕਾਰੀ ਹਸਪਤਾਲਾਂ 'ਚ ਮੁਫ਼ਤ ਹੋਵੇਗਾ ਇਲਾਜ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸੂਬੇ ਵਿੱਚ ਪਸ਼ੂਆਂ ਦੀ ਸਿਹਤ ਸੰਭਾਲ ਨੂੰ ਹੋਰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਜ਼ਿਲ੍ਹਾ ਅਤੇ ਤਹਿਸੀਲ ਪੱਧਰ ਦੇ ਪਸ਼ੂ ਹਸਪਤਾਲਾਂ ਵਿੱਚ ਸੱਪ ਦੇ ਡੰਗਣ ਉੱਤੇ ਪਸ਼ੂਆਂ ਦੇ ਮੁਫ਼ਤ ਇਲਾਜ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ।ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਸਾਰੇ 22 ਪੌਲੀਕਲੀਨਿਕਾਂ ਅਤੇ 97 ਤਹਿਸੀਲ ਪੱਧਰ ਦੇ ਵੈਟਰਨਰੀ ਹਸਪਤਾਲਾਂ ਵਿੱਚ ਸੱਪ ਦੇ ਜ਼ਹਿਰ ਤੋਂ ਬਚਾਅ ਲਈ ਪੌਲੀਵੈਲੇਂਟ ਦਵਾਈ ਉਪਲਬਧ ਕਰਵਾਈ ਗਈ ਹੈ।ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਨੇ ਦੱਸਿਆ ਕਿ ਸੱਪ ਦੇ ਡੰਗਣ ਦੇ ਮੁੱਢਲੇ ਲੱਛਣਾਂ ਵਿੱਚ ਸਾਹ ਲੈਣ 'ਚ ਦਿੱਕਤ, ਸਰੀਰ 'ਤੇ ਦੰਦਾਂ ਦੇ ਨਿਸ਼ਾਨ, ਸਰੀਰ ਵਿੱਚ ਦਰਦ, ਜਾਨਵਰ ਦਾ ਕੰਬਣਾ ਅਤੇ ਅਧਰੰਗ, ਪਿਸ਼ਾਬ ਵਿੱਚ ਖੂਨ ਆਦਿ ਸ਼ਾਮਲ ਹਨ। ਉਨ੍ਹਾਂ ਸਲਾਹ ਦਿੱਤੀ ਕਿ ਕਿਸਾਨਾਂ ਨੂੰ ਜ਼ਖ਼ਮ ਨੂੰ ਕੱਟਣਾ ਜਾਂ ਚੂਸਣਾ ਨਹੀਂ ਚਾਹੀਦਾ, ਸਗੋਂ ਜਲਦ ਤੋਂ ਜਲਦ ਨਜ਼ਦੀਕੀ ਪਸ਼ੂ ਹਸਪਤਾਲ ਵਿੱਚ ਜਾਣਾ ਚਾਹੀਦਾ ਹੈ ਅਤੇ ਪੀੜਤ ਪਸ਼ੂ ਦਾ ਇਲਾਜ ਸ਼ੁਰੂ ਕਰਨ ਲਈ ਤੁਰੰਤ ਵੈਟਰਨਰੀ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਖੈਰੜ ਅੱਛਰਵਾਲ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਮਸੀਹੀ ਸਤਸੰਗ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**

ਪ੍ਰਭੂ ਯਿਸ਼ੂ ਮਸੀਹ ਨੂੰ ਸਮਰਪਿਤ ਮਸੀਹੀ ਸਤਸੰਗ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਪਿੰਡ ਖੈਰੜ ਅੱਛਰਵਾਲ ਦੇ ਚਰਚ ਆਫ ਗਾਡ ਵਿਖੇ ਪਾਸਟਰ ਬਲਵਿੰਦਰ ਕੌਰ ਦੀ ਅਗਵਾਈ ਵਿੱਚ ਕਰਵਾਇਆ ਗਿਆ। ਸਤਿਸੰਗ ਦੀ ਸ਼ੁਰੂਆਤ ਪ੍ਰਭੂ ਦੀ



ਪ੍ਰਾਰਥਨਾ ਨਾਲ ਕੀਤੀ। ਭਜਨ ਮੰਡਲੀਆਂ ਨੇ ਪ੍ਰਭੂ ਯਿਸ਼ੂ ਮਸੀਹ ਦੇ ਭਜਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਭੂ ਯਿਸ਼ੂ ਮਸੀਹ ਬਾਰੇ ਪਵਿੱਤਰ ਬਾਈਬਲ ਵਿੱਚੋਂ ਪੜ੍ਹ ਕੇ ਸਿੱਖਿਆਵਾਂ ਦਾ ਪਾਸਟਰ ਨੇ ਸੰਗਤਾਂ ਵਿੱਚ ਪ੍ਰਕਾਸ਼ ਕੀਤਾ। ਮੁੱਖ ਮਹਿਮਾਨ ਵਜੋਂ ਕ੍ਰਿਸ਼ਚੀਅਨ ਫਰੰਟ ਦੇ ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਸ਼ਿਰਕਤ ਕੀਤੀ ।ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਵੇਂ ਸਾਲ ਵਿੱਚ ਸਾਨੂੰ ਵੀ ਪਿਛਲੇ ਸਾਲ ਦੀਆਂ ਮਾੜੀਆਂ ਆਦਤਾਂ ਦਾ ਤਿਆਗ ਕਰ ਕੇ ਦੂਜਿਆਂ ਦੀ ਭਲਾਈ ਕਰਨ ਵਾਲੀ ਨਵੀਂ ਜਿੰਦਗੀ ਜਿਊਣ ਦਾ ਅਹਿਦ ਕਰਨਾ ਚਾਹੀਦਾ ਹੈ। ਸਟੇਜ ਸਕੱਤਰ ਵਜੋਂ ਕੁਲਜੀਤ ਮਸੀਹ ਨੇ ਬਾਖੂਬੀ ਸੇਵਾ ਨਿਭਾਈ। ਪਾਸਟਰ ਬਲਵਿੰਦਰ ਨੇ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ। ਸੰਗਤਾਂ ਨੂੰ ਚਾਹ-ਪਕੌੜੇ ਅਤੇ ਪ੍ਰਭੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਪਾਸਟਰ ਬਲਵਿੰਦਰ ਮਸੀਹ , ਪਾਸਟਰ ਮੁਕੇਸ਼ ਕੁਮਾਰ (ਟਿੰਕੂ) , ਪਾਸਟਰ ਧਰਮਿੰਦਰ ਚੱਬੇਵਾਲ , ਪਾਸਟਰ ਰਜਿੰਦਰ ਪਾਲ ਖਨੌੜਾ , ਪਾਸਟਰ ਪਰਮਜੀਤ ਗੋਗੜੋਂ, ਪਾਸਟਰ ਰਸ਼ਪਾਲ ਭੂੰਗਰਨੀ , ਪਾਸਟਰ ਜੋਏਲ ਮਾਹਿਲਪੁਰ , ਪਾਸਟਰ ਰੇਸ਼ਮ ਮੱਖਣਗੜ੍ਹ , ਪਾਸਟਰ ਸੋਮੀ ਮਾਹਿਲਪੁਰ, ਪਾਸਟਰ ਦੀਪਕ ਮੋਹਣ ਮਸੀਹ , ਕੁਲਜੀਤ ਮਸੀਹ , ਅਸ਼ੋਕ ਕੁਮਾਰ , ਮੀਨੂੰ , ਸੁੱਖਮ ਮਸੀਹ , ਮੀਨੂੰ ਰਾਣੀ , ਗਿਆਨ ਸਿੰਘ ਬੰਗਾ , ਕੁਲਜੀਤ ਨਗਦੀਪੁਰ , ਸਿਸਟਰ ਅਨੀਤਾ , ਯੂਸਫ , ਸੋਨੀ , ਨੀਲੂ , ਪਾਲੋ , ਮਨਜੀਤ , ਗੁਰਨਾਮ ਚੰਦ , ਰਣਜੀਤ ਕੌਰ , ਮਨੀਸ਼ਾ , ਪਰਮਜੀਤ ਰਾਏ , ਸਾਬੀ , ਹਰਦੀਪ , ਕਮਲਾ , ਕਿਰਨਾ , ਬਾਵਾ ਸਿੰਘ , ਹਨੀ , ਰਾਮ ਸਿੰਘ , ਕੈਲਾਸ਼ੋ , ਗੀਤੂ , ਪ੍ਰੀਤ , ਜਮੁਨਾ ਦੇਵੀ ਆਦਿ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ ।

# ਸ ਸ ਸ ਸ ਲੜਕੇ ਮਾਹਿਲਪੁਰ ਵਿਖੇ ਜਾਗਰੂਕਤਾ ਸੈਮੀਨਾਰ



**ਮਾਹਿਲਪੁਰ (ਸਫਰੀ)**-ਨਾਰਦਰਨ ਇੰਡੀਆ ਇੰਸਟੀਚਿਊਟ ਆਫ ਫੈਸ਼ਨ ਟੈਕਨਾਲੋਜੀ (ਨਿਫਟ) ਮੋਹਾਲੀ ਵਲੋਂ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਵੱਖ ਵੱਖ ਕੋਰਸਾਂ ਲਈ ਪ੍ਰੇਰਿਤ ਕਰਨ ਲਈ ਸ ਸ ਸ ਸਕੂਲ ਲੜਕੇ ਮਾਹਿਲਪੁਰ ਵਿਖੇ ਜਾਗਰੂਕਤਾ ਸੈਮੀਨਾਰ ਪਿੰਸੀਪਲ ਗੁਰਾ ਦਾਸ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿਚ ਫੈਸ਼ਨ ਮਾਰਕੀਟਿੰਗ ਵਿਭਾਗ ਦੇ ਮੁਖੀ ਡਾਕਟਰ ਮੀਤਾ ਗਾਵਰੀ ਅਤੇ ਆਈ ਟੀ ਵਿਭਾਗ ਦੇ ਮੁਖੀ ਅਜੈ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਪੰਜਾਬ ਸਰਕਾਰ ਦੇ ਉਦਯੋਗ ਤੇ ਕਾਮਰਸ ਵਿਭਾਗ ਪੰਜਾਬ ਅਧੀਨ ਕੰਮ ਕਰਦੀ ਹੈ ਅਤੇ ਪੀ ਟੀ ਯੂ ਜਲੰਧਰ ਤੋਂ ਮਾਨਤਾ ਪ੍ਰਾਪਤ ਹੈ। ਉਨ੍ਹਾ ਦੱਸਿਆ ਕਿ ਨਿਫਟ ਵਿਚ ਤਿੰਨ ਸਾਲਾਂ ਦਾ ਫੈਸ਼ਨ ਡਿਜ਼ਾਈਨ ਤੇ ਟੈਕਸਟਾਈਲ ਡਿਜ਼ਾਈਨ ਦੇ ਕੋਰਸ ਦੇ ਨਾਲ ਨਾਲ ਦੋ ਸਾਲਾਂ ਦੀ ਮਾਰਕੀਟਿੰਗ ਦੋ ਐਮ ਐਸ ਈ ਦੀ ਕੀਤੀ ਜਾ ਸਕਦੀ ਹੈ। ਇਸ ਮੌਕੇ ਰੇਨੁਕਾ ਬਾਲਾ, ਅਮਰਜੀਤ ਸਿੰਘ, ਮਨਪ੍ਰੀਤ ਕੌਰ, ਬਲਜਿੰਦਰ ਸਿੰਘ, ਸਿਮਰਨਜੀਤ ਸਿੰਘ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਰੋਟਰੀ ਕਲੱਬ ਨੇ ਟੀ ਬੀ ਹਸਪਤਾਲ ਦੇ ਮਰੀਜ਼ਾਂ ਨੂੰ ਪੌਸ਼ਟਿਕ ਆਹਾਰ ਵੰਡਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਪ੍ਰਧਾਨ ਮੰਤਰੀ ਟੀ.ਬੀ ਮੁਕਤ ਅਭਿਆਨ ਦੇ ਤਹਿਤ ਫਗਵਾੜਾ ਰੋਡ 'ਤੇ ਸਥਿਤ ਸਰਕਾਰੀ ਟੀ.ਬੀ ਹਸਪਤਾਲ ਵਿਖੇ ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਸਨੇਹ ਜੈਨ ਦੀ ਅਗਵਾਈ ਵਿੱਚ ਲਗਾਤਾਰ 10ਵੀਂ ਵਾਰ ਟੀ.ਬੀ ਦਾ ਇਲਾਜ ਕਰਵਾ ਰਹੇ ਮਰੀਜ਼ਾਂ ਨੂੰ ਪੌਸ਼ਟਿਕ ਆਹਾਰ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨ ਸਨੇਹ ਜੈਨ ਨੇ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਕੇ ਜਲਦੀ ਤੋਂ ਜਲਦੀ ਤੰਦਰੁਸਤ ਹੋ ਸਕਦੇ ਹਨ ਅਤੇ ਹਰ ਹਾਲਤ ਵਿੱਚ ਦਵਾਈਆਂ ਲੈਂਦੇ ਰਹਿਣ। ਇਸ ਮੌਕੇ ਪੀ.ਡੀ.ਜੀ. ਜੀ.ਐਸ. ਬਾਵਾ, ਰਜਿੰਦਰ ਮੌਦਗਿਲ, ਯੋਗੇਸ਼ ਚੰਦਰ, ਪ੍ਰੋਜੈਕਟ ਚੇਅਰਮੈਨ ਸੰਜੀਵ ਕੁਮਾਰ, ਡਾ. ਰਣਜੀਤ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਦੌਰਾਨ ਟੀ.ਬੀ. ਅਧਿਕਾਰੀ ਸ਼ਕਤੀ ਸ਼ਰਮਾ ਨੇ ਕਲੱਬ ਵੱਲੋਂ ਚਲਾਏ ਜਾ ਰਹੇ ਇਸ ਪ੍ਰੋਜੈਕਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ



ਅਜਿਹੀਆਂ ਸੰਸਥਾਵਾਂ ਸਮਾਜ ਦੀ ਸੱਚੀ ਸੇਵਾ ਕਰ ਰਹੀਆਂ ਹਨ, ਜੋ ਦੂਜਿਆਂ ਲਈ ਪ੍ਰੇਰਣਾ ਸਰੋਤ ਹਨ ਅਤੇ ਰੋਟਰੀ ਕਲੱਬ ਦੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕੁਲਦੀਪ ਸਿੰਘ, ਰੇਨੂੰ ਬਾਲਾ, ਲੋੜਵੰਦ ਮਰੀਜ਼ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸੜਕ ਸੁਰੱਖਿਆ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ

**ਜਲੰਧਰ (ਸ਼ੈਲੀ ਐਲਬਰਟ)**

ਸੜਕੀ ਹਾਦਸਿਆਂ ਨੂੰ ਠੱਲ੍ਹ ਪਾਉਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੜਕ ਸੁਰੱਖਿਆ ਨੂੰ ਲੋਕ ਲਹਿਰ ਬਣਾਉਣ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਉਣ ਦੀਆਂ ਹਦਾਇਤਾਂ ਦਿੱਤੀਆਂ । ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਐਨ.ਜੀ.ਓਜ਼ ਅਤੇ ਕਮੇਟੀ ਮੈਂਬਰਾਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਲਈ 31 ਜਨਵਰੀ ਤੱਕ ਕੌਮੀ ਸੜਕ ਸੁਰੱਖਿਆ ਮਹੀਨਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਟਰਾਂਸਪੋਰਟ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਸਿੱਖਿਆ, ਨਗਰ ਨਿਗਮ ਸਮੇਤ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਵੱਧ ਤੋਂ ਵੱਧ ਜਾਗਰੂਕਤਾ ਗਤੀਵਿਧੀਆਂ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ, ਟਰੱਕ ਯੂਨੀਅਨਾਂ ਤੋਂ ਇਲਾਵਾ ਹੋਰ ਜਨਤਕ ਥਾਵਾਂ 'ਤੇ ਕੈਂਪ/ਸੈਮੀਨਾਰ ਆਦਿ ਕਰਵਾ ਕੇ ਜ਼ਿਲ੍ਹਾ ਵਾਸੀਆਂ ਨੂੰ ਸੜਕ ਸੁਰੱਖਿਆ ਸਬੰਧੀ ਜਾਗਰੂਕ ਕੀਤਾ ਜਾਵੇ।। ਡਾ. ਅਗਰਵਾਲ ਨੇ ਐਸ.ਡੀ.ਐਮਜ਼ ਨੂੰ ਵੀ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਸੜਕ ਸੁਰੱਖਿਆ ਸਬੰਧੀ ਜਾਗਰੂਕਤਾ ਗਤੀਵਿਧੀਆਂ ਕਰਵਾਉਣ ਲਈ ਕਿਹਾ। ਆਵਾਰਾ ਪਸ਼ੂਆਂ ਕਾਰਨ ਵਾਪਰਦੇ ਹਾਦਸਿਆਂ ਨੂੰ ਰੋਕਣ ਲਈ ਉਨ੍ਹਾਂ ਨਗਰ ਨਿਗਮ/ਨਗਰ ਕੌਂਸਲਾਂ ਨੂੰ ਸੜਕ 'ਤੇ ਘੁੰਮਦੇ ਆਵਾਰਾ ਪਸ਼ੂਆਂ ਦੇ ਗਲ ਵਿੱਚ ਰੇਡੀਅਮ ਬੈਲਟਸ ਪਾਉਣ ਦੀਆਂ ਹਦਾਇਤਾਂ ਕੀਤੀਆਂ।

ਟ੍ਰੈਫਿਕ ਪੁਲਿਸ ਨੂੰ ਟ੍ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਹਦਾਇਤ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਮੀਟਿੰਗ ਦੌਰਾਨ ਉਨ੍ਹਾਂ ਓਵਰਲੋਡਿੰਗ, ਸ਼ਰਾਬ ਪੀ ਕੇ ਵਾਹਨ ਚਲਾਉਣ, ਅੰਡਰ ਏਜ ਡਰਾਈਵਿੰਗ ਸਮੇਤ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਕੀਤੀ ਗਈ ਕਾਰਵਾਈ ਦਾ ਵੀ ਜਾਇਜ਼ਾ ਲਿਆ। ਇਸ ਤੋਂ ਇਲਾਵਾ ਉਨ੍ਹਾਂ ਪਛਾਣ ਕੀਤੇ ਗਏ ਬਲੈਕ ਸਪਾਟਸ ਨੂੰ ਦੂਰ ਕਰਨ ਲਈ ਤੁਰੰਤ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਵੀ ਕਿਹਾ । ਮੀਟਿੰਗ ਵਿੱਚ ਐਸ.ਡੀ.ਐਮ ਬਲਬੀਰ ਰਾਜ ਸਿੰਘ, ਲਾਲ ਵਿਸ਼ਵਾਸ ਤੇ ਅਮਨਪਾਲ ਸਿੰਘ ਐਨ.ਜੀ.ਓਜ਼ ਦੇ ਪ੍ਰਤੀਨਿਧੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਜ਼ਿਲ੍ਹਾ ਪੱਧਰੀ ਵਿਗਿਆਨ ਮੁਕਾਬਲੇ 'ਚ ਸ਼ਰਨਪ੍ਰੀਤ ਕੌਰ ਨੇ ਪ੍ਰਾਪਤ ਕੀਤਾ ਪਹਿਲਾ ਸਥਾਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਡਿਪਾਰਟਮੈਂਟ ਆਫ ਐਜੂਕੇਸ਼ਨ ਸਾਇੰਸ ਐਂਡ ਮੈਥੇਮੈਟਿਕਸ , ਦੇ ਦਿਸ਼ਾ ਨਿਰਦੇਸ਼ ਅਨੁਸਾਰ ਰਾਸ਼ਟਰੀ ਅਵਿਸ਼ਕਾਰ ਅਭਿਆਨ ਅਧੀਨ ਜ਼ਿਲ੍ਹਾ ਪੱਧਰੀ ਵਿਗਿਆਨ ਮੁਕਾਬਲਾ , 2024 ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ , ਰੂਪਨਗਰ , ਵਿਖੇ ਕਰਵਾਏ ਗਏ । ਇਹ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫਸਰ , ਰੂਪਨਗਰ , ਸੰਜੀਵ ਗੌਤਮ ,ਉਪ ਜਿਲ੍ਹਾ ਸਿੱਖਿਆ ਅਫਸਰ, ਸੁਰਿੰਦਰ ਪਾਲ ਸਿੰਘ , ਨੋਡਲ ਇੰਚਾਰਜ ਨੀਰਜ ਵਰਮਾ , ਡੀਐਮ ਸਤਨਾਮ ਸਿੰਘ , ਡੀਆਰਸੀ ਵਿਪਨ ਕਟਾਰੀਆ ਦੇ ਪ੍ਰਬੰਧ ਹੇਠ ਸੱਤ ਵੱਖ ਵੱਖ ਸਬ ਥੀਮਾਂ ਵਿੱਚ ਕਰਵਾਏ ਗਏ । ਮੁਕਾਬਲੇ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੀ ਜਮਾਤ ਦੱਸਵੀਂ ਦੀ ਵਿਦਿਆਰਥਣ ਸ਼ਰਨਪ੍ਰੀਤ ਕੌਰ ਨੇ ਸਬ ਥੀਮ ਰਿਸੋਰਸ ਮੈਨੇਜਮੈਂਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਕਨਿਕਾ ਸ਼ਰਮਾ ਨੇ ਸਬ ਥੀਮ ਟਰਾਂਸਪੋਰਟ ਐਂਡ ਕਮਿਊਨੀਕੇਸ਼ਨ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਦੇ ਗਾਈਡ ਅਧਿਆਪਕ ਸ੍ਰੀਮਤੀ ਅਨਾਮਿਕਾ ਸ਼ਰਮਾ ਸਾਇੰਸ ਮਿਸਟ੍ਰੈਸ ,. ਸ੍ਰੀਮਤੀ ਜਸਵਿੰਦਰ ਕੌਰ ਸਾਇੰਸ ਮਿਸਟ੍ਰੈਸ , ਸ੍ਰੀਮਤੀ. ਮਨਦੀਪ ਕੌਰ ਮੈਥਮਿਸਟ੍ਰੈਸ ਨੇ ਵੀ ਵਿਦਿਆਰਥੀਆਂ ਨਾਲ ਇਨਾਮ



ਪ੍ਰਾਪਤ ਕੀਤਾ। ਪ੍ਰਿੰਸੀਪਲ ਨੀਰਜ ਵਰਮਾ ਨੇ ਵਿਦਿਆਰਥੀਆਂ ਤੇ ਗਾਈਡ ਅਧਿਆਪਕਾਂ ਨੂੰ ਮੁਬਾਰਕਾਂ ਦਿੰਦੇ ਹੋਏ ਦੱਸਿਆ ਕਿ ਇਹ ਨਤੀਜੇ ਇਹਨਾਂ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਮੇਹਨਤ ਦਾ ਨਤੀਜਾ ਹੈ । ਸਕੂਲ ਪ੍ਰਿੰਸੀਪਲ ਤੇ ਸਟਾਫ ਨੇ ਵਿਦਿਆਰਥੀਆਂ ਤੇ ਗਾਈਡ ਅਧਿਆਪਕਾਂ ਨੂੰ ਮੁਬਾਰਕ ਦਿੱਤੀ ।

# ਲਾਇਨਜ਼ ਕਲੱਬ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਲਗਾਏਗਾ ਨਸ਼ਾ ਜਾਗਰੂਕਤਾ ਕੈਂਪ

**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਲਾਇਨਜ ਕਲੱਬ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਨੇੜਲੇ ਪਿੰਡਾਂ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਕੈਂਪ ਲਗਾਏਗਾ। ਇਹ ਐਲਾਨ ਲਾਇਨਜ ਕਲੱਬ ਵੱਲੋਂ ਮੁਬਾਰਕਪੁਰ ਦੇ ਇੱਕ ਨਿੱਜੀ ਰਿਜੋਰਟ ਵਿੱਚ ਆਯੋਜਿਤ ਪੁਲਸ ਜਨ ਸੰਪਰਕ ਪ੍ਰੋਗਰਾਮ ਵਿੱਚ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਡੀਆਈਜੀ ਐਚ ਐਸ ਭੁੱਲਰ ਨੂੰ ਲਾਇਨਜ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਲਾਇਨ ਡਾ. ਬਰਖਾ ਰਾਮ ਨੇ ਦੱਸਿਆ ਕਿ ਲਾਇਨਜ ਕਲੱਬ ਪਹਿਲਾਂ ਵੀ



ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਨਸ਼ਾ ਜਾਗਰੂਕਤਾ ਕੈਂਪ ਲਗਾ ਚੁੱਕਾ ਹੈ ਅਤੇ ਭਵਿੱਖ ਵਿੱਚ ਵੀ ਕੈਂਪ ਲਗਾਏਗਾ। ਕਲੱਬ ਇਨ੍ਹਾਂ ਕੈਂਪਾਂ ਵਿੱਚ ਮਾਹਿਰਾਂ ਨੂੰ ਸੱਦਾ ਦੇਵੇਗਾ ਤਾਂ ਜੋ ਲੋਕਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਬਾਰੇ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਹ ਕੈਂਪ ਪਿੰਡਾਂ ਵਿੱਚ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਨਸ਼ੇ ਦੀ ਲਤ ਕਾਰਨ ਬੱਚੇ ਚੋਰੀ, ਖੋਹ ਆਦਿ ਗਲਤ ਕੰਮਾਂ ਵਿੱਚ ਸ਼ਾਮਲ ਹੋ ਜਾਂਦੇ ਹਨ ਜੋ ਸਮਾਜ ਲਈ ਬਹੁਤ ਖਤਰਨਾਕ ਹਨ। ਸਟੇਜ ਦੀ ਜਿੰਮੇਵਾਰੀ ਬਰਖਾ ਰਾਮ, ਉਪੇਸ ਬਾਂਸਲ, ਪਾਰਸ ਸੂਰੀ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ। ਕਲੱਬ ਨੇ ਡੇਰਾਬੱਸੀ ਦੇ ਡੀ ਐਸ ਪੀ ਵਿਕਰਮਜੀਤ ਬਰਾੜ ਅਤੇ ਜੀਰਕਪੁਰ ਦੇ ਡੀ ਐਸ ਪੀ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ਲਾਇਨਜ ਕਲੱਬ ਦੇ ਪ੍ਰਧਾਨ ਨਿਤਿਨ ਜਿੰਦਲ, ਬਲਕਾਰ ਸਿੰਘ, ਕੇਵਲ ਗੋਇਲ, ਪਵਨ ਧੀਮਾਨ ਆਦਿ ਮੌਜੂਦ ਸਨ।

# ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ 26 ਨੂੰ ਮਨਾਇਆ ਜਾਵੇਗਾ

**ਮੁਹਾਲੀ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਅਮਰ ਸ਼ਹੀਦ ਜੱਥੇਦਾਰ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਿਤੀ 26 ਜਨਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਜਾਵੇਗਾ। ਬੁਲਾਰੇ ਨੇ ਦੱਸਿਆ ਕਿ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ, ਇੰਨਰਨੈਸ਼ਨਲ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ।

# ਰਾਤ ਸਮੇਂ ਸੜਕਾਂ 'ਤੇ ਡਿਊਟੀ ਕਰਨ ਵਾਲੇ ਪੁਲਸ ਮੁਲਜ਼ਮਾਂ ਦਾ ਸਨਮਾਨ

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਵਿੱਚ ਜਲੰਧਰ ਰੇਂਜ ਦੇ ਡੀ ਆਈ ਜੀ ਨਵੀਨ ਸਿੰਗਲਾ ਜਲੰਧਰ ਦਿਹਾਤੀ ਪੁਲਸ ਥਾਣਿਆਂ ਦਾ ਅਚਾਨਕ ਨਿਰੀਖਣ ਕਰਨ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਥਾਣੇ ਵਿੱਚ ਮੌਜੂਦ ਪੁਲਸ ਮੁਲਾਜ਼ਮਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਤੋਂ ਥਾਣੇ ਦੇ ਅੰਦਰ ਚੱਲ ਰਹੇ ਮਾਮਲਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਡੀ ਆਈ ਜੀ ਸਿੰਗਲਾ ਨੇ ਥਾਣੇ ਵਿੱਚ ਮੌਜੂਦ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਕਾਰਵਾਈ ਵਿੱਚ ਕੋਈ ਵੀ ਢਿੱਲ ਨਾ ਵਰਤੀ ਜਾਵੇ।ਉਨ੍ਹਾਂ ਨੇ ਥਾਣਿਆਂ ਵਿੱਚ ਫਾਈਲਾਂ ਦੀ ਜਾਂਚ ਕੀਤੀ।ਇਸ ਤੋਂ ਇਲਾਵਾ ਪੁਲਸ ਥਾਣਿਆਂ ਦੇ ਸੀਸੀਟੀਵੀ ਸਮੇਤ ਹੋਰ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ।ਇਸ ਦੌਰਾਨ ਡੀ ਆਈ ਜੀ ਨੇ ਦੇਰ ਰਾਤ ਡਿਊਟੀ 'ਤੇ ਤਾਇਨਾਤ ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ।ਜਲੰਧਰ ਦਿਹਾਤੀ ਪੁਲਸ ਦੇ ਐਸ ਐਸ ਪੀ ਹਰਕਮਲਪ੍ਰੀਤ ਸਿੰਘ ਖੱਖ ਵੀ ਡੀ ਆਈ ਜੀ ਨਾਲ ਮੌਜੂਦ ਸਨ।ਜਾਣਕਾਰੀ ਅਨੁਸਾਰ ਰਾਤ ਦੇ ਪੁਲਿਸ ਸਿਸਟਮ ਨੂੰ ਮਜ਼ਬੂਤ ਕਰਨ ਲਈ, ਡੀ ਆਈ ਜੀ ਜਲੰਧਰ ਰੇਂਜ ਨਵੀਨ ਸਿੰਗਲਾ ਅਤੇ ਐਸ ਐਸ ਪੀ ਜਲੰਧਰ ਹਰਕਮਲਪ੍ਰੀਤ ਸਿੰਘ ਖੱਖ ਨੇ ਸਬ ਡਿਵੀਜ਼ਨ ਆਦਮਪੁਰ ਅਤੇ ਕਰਤਾਰਪੁਰ ਵਿੱਚ ਇਹ ਚੈਕਿੰਗ ਕੀਤੀ।ਨਾਈਟ ਡੋਮੀਨੇਸ਼ਨ ਦੌਰਾਨ, ਨਾਕਿਆਂ ਦੀਆਂ ਕਾਰਵਾਈਆਂ, ਪੁਲਿਸ ਸਟੇਸ਼ਨਾਂ ਅਤੇ ਹੋਰ ਜਨਤਕ ਸੁਰੱਖਿਆ ਉਪਾਵਾਂ ਦਾ ਨਿਰੀਖਣ ਕੀਤਾ ਗਿਆ।

# ਸਿਹਤ ਮੇਲਿਆਂ ਦਾ ਉਦੇਸ਼ ਸਿਹਤ ਸੇਵਾਵਾਂ ਤੋਂ ਵਾਂਝੇ ਲੋਕਾਂ ਦੀ ਪਹੁੰਚ ਨੂੰ ਮਜ਼ਬੂਤ ਕਰਨਾ : ਡਾ. ਜਸਪ੍ਰੀਤ ਕੌਰ

**ਨਵਾਂਸ਼ਹਿਰ, (ਮਨੋਜ ਲਾਡੀ)**

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਨੇ ਜ਼ਿਲ੍ਹੇ ਦੇ ਆਯੁਸ਼ਮਾਨ ਆਰੋਗਿਆ ਕੇਂਦਰਾਂ ਵਿੱਚ ਸਨਿੱਚਰਵਾਰ ਨੂੰ ਆਯੁਸ਼ਮਾਨ ਸਿਹਤ ਮੇਲਿਆਂ ਦਾ ਆਯੋਜਨ ਕੀਤਾ। ਇਨ੍ਹਾਂ ਸਿਹਤ ਮੇਲਿਆਂ ਵਿੱਚ, ਬਲੱਡ ਪ੍ਰੈਸ਼ਰ, ਸ਼ੂਗਰ, ਏ.ਐਨ.ਸੀ. ਜਾਂਚ, ਟੀ.ਬੀ. ਸਕਰੀਨਿੰਗ ਆਦਿ ਸਮੇਤ ਹੋਰ ਸੰਚਾਰੀ



ਅਤੇ ਗੈਰ-ਸੰਚਾਰੀ ਬਿਮਾਰੀਆਂ ਦੀ ਜਾਂਚ ਕੀਤੀ ਗਈ ਤੇ ਲੋੜ ਅਨੁਸਾਰ ਮੁਫਤ ਦਵਾਈਆਂ ਅਤੇ ਲੋੜੀਂਦੀ ਡਾਕਟਰੀ ਸਲਾਹ ਦਿੱਤੀ ਗਈ। ਇਸ ਤੋਂ ਇਲਾਵਾ ਮੇਲਿਆਂ ਵਿੱਚ ਸ਼ਾਮਲ ਹੋਣ ਲਈ ਆਏ ਸਥਾਨਕ ਲੋਕਾਂ ਨੂੰ ਤਣਾਅ ਪ੍ਰਬੰਧਨ ਲਈ ਯੋਗਾ ਕਿਰਿਆਵਾਂ ਬਾਰੇ ਦੱਸਿਆ ਗਿਆ। ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਿਹਤ ਮੇਲਿਆਂ ਰਾਹੀਂ ਆਮ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਦੇ ਲਾਭ ਇੱਕੋ ਥਾਂ 'ਤੇ ਉਪਲੱਬਧ ਕਰਵਾਏ ਗਏ। ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਸਿਹਤ ਮੇਲਿਆਂ ਮੁੱਖ ਉਦੇਸ਼ ਜ਼ਿਲ੍ਹੇ ਵਿੱਚ ਸਮਾਜ ਦੇ ਆਖ਼ਰੀ ਕਤਾਰ ਵਿੱਚ ਖੜ੍ਹੇ ਵਿਅਕਤੀਆਂ ਤੱਕ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਯਕੀਨੀ ਬਣਾਉਣਾ ਅਤੇ ਸਿਹਤ ਸੇਵਾਵਾਂ ਤੋਂ ਵਾਂਝੇ ਲੋਕਾਂ ਦੀ ਪਹੁੰਚ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਨੂੰ ਜਨਤਾ ਲਈ ਪਹੁੰਚਯੋਗ ਬਣਾਉਣਾ ਮਹੱਤਵਪੂਰਨ ਹੈ।

# ਟਰੈਕ ਦੀ ਮੁਰੰਮਤ ਦੇ ਕੰਮ ਕਾਰਨ ਜੰਮੂ ਜਾਣ ਵਾਲੀਆਂ 65 ਰੇਲ ਗੱਡੀਆਂ ਰੱਦ

**ਜਲੰਧਰ (ਸੁਰਿੰਦਰ ਕੁਮਾਰ)** ਜਲੰਧਰ ਅਤੇ ਜੰਮੂ ਵਿਚਕਾਰ ਟਰੈਕ ਦੀ ਮੁਰੰਮਤ ਦੇ ਕੰਮ ਕਾਰਨ, ਜੰਮੂ ਜਾਣ ਵਾਲੀਆਂ 65 ਰੇਲਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਅਗਲੇ ਕੁਝ ਦਿਨਾਂ ਲਈ 19 ਰੇਲ ਗੱਡੀਆਂ ਨੂੰ ਰੋਕ ਦਿੱਤਾ ਗਿਆ ਹੈ। ਇਸ ਦੇ ਨਾਲ ਹੀ 6 ਟ੍ਰੇਨਾਂ ਦੇ ਸਮੇਂ 'ਚ ਵੀ ਬਦਲਾਅ ਕੀਤਾ ਗਿਆ ਹੈ। ਕੁੱਲ 90 ਰੇਲਗੱਡੀਆਂ ਪ੍ਰਭਾਵਿਤ ਹੋਈਆਂ ਹਨ।ਇਸ ਨਾਲ ਜੰਮੂ ਜਾਣ ਅਤੇ ਮਾਤਾ ਵੈਸ਼ਨੋ ਦੇਵੀ ਮੰਦਰ ਜਾਣ ਵਾਲੇ ਬਹੁਤ ਸਾਰੇ ਯਾਤਰੀਆਂ ਦੀਆਂ ਯੋਜਨਾਵਾਂ 'ਚ ਵਿਘਨ ਪਿਆ ਹੈ।ਅਧਿਕਾਰੀਆਂ ਨੇ ਦੱਸਿਆ ਕਿ ਜੰਮੂ ਤਵੀ ਰੇਲਵੇ ਸਟੇਸ਼ਨ ਦੇ ਨੇੜੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ।ਰੱਦ ਕੀਤੀਆਂ ਗਈਆਂ ਰੇਲਗੱਡੀਆਂ ਵਿੱਚ ਪਟਨਾ ਤੋਂ ਜੰਮੂ ਤਵੀ, ਇੰਦੌਰ ਤੋਂ ਸ਼ਹੀਦ ਤੁਸ਼ਾਰ ਮਹਾਜਨ, ਤਿਰੁਪਤੀ ਤੋਂ ਜੰਮੂ ਤਵੀ, ਜੰਮੂ ਤਵੀ ਤੋਂ ਸਿਆਲਦਾਹ, ਬਾਂਦਰਾ ਟਰਮੀਨਸ ਤੋਂ ਜੰਮੂ ਤਵੀ ਅਤੇ ਹਜ਼ੂਰ ਸਾਹਿਬ ਨਾਂਦੇੜ ਤੋਂ ਜੰਮੂ ਤਵੀ ਸ਼ਾਮਲ ਹਨ।ਧੁੰਦ ਕਾਰਨ ਕੁਝ ਰੇਲਗੱਡੀਆਂ 3-10 ਘੰਟੇ ਦੇਰੀ ਨਾਲ ਚੱਲ ਰਹੀਆਂ ਹਨ।

# ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤਾ ਵਿਚਾਰ-ਵਟਾਂਦਰਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਇਲਾਕੇ ਅੰਦਰ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਸੰਸਥਾ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ (ਰਜਿ.) ਟਾਂਡਾ ਉੜਮੁੜ ਦੀ ਇੱਕ ਵਿਸ਼ੇਸ਼ ਮੀਟਿੰਗ ਸਥਾਨਕ ਮੁਲਤਾਨੀ ਸਵੀਟ ਸ਼ਾਪ ਹਾਲ 'ਚ ਹੋਈ। ਸਾਲ 2025 ਦੀ ਹੋਈ ਪਹਿਲੀ ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਮੂਲ ਮੰਤਰ ਦੇ ਜਾਪ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸੁਸਾਇਟੀ ਦੇ ਪ੍ਰਧਾਨ ਜਗਮੋਹਣ ਸਿੰਘ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਦੌਰਾਨ ਸੋਸਾਇਟੀ ਦੇ ਸੇਵਾਦਾਰ ਮੈਂਬਰਾਂ ਨੇ ਭਾਗ ਲੈਂਦੇ ਹੋਏ ਮਾਰਚ ਮਹੀਨੇ ਦੌਰਾਨ ਕਰਵਾਏ ਜਾਣ ਵਾਲੇ ਮਹਾਨ ਕੀਰਤਨ ਦਰਬਾਰ ਸਬੰਧੀ ਵਿਚਾਰ ਵਟਾਂਦਰਾ ਕੀਤਾ ਅਤੇ ਇਲਾਕੇ ਅੰਦਰ ਗੁਰਮਤਿ ਦੇ ਪ੍ਰਚਾਰ ਲਈ ਤੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਸਬੰਧੀ ਵੀ ਸਮਾਂ ਉਲੀਕਿਆ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਜਗਮੋਹਨ ਸਿੰਘ ਨੇ ਸੁਸਾਇਟੀ ਦੇ ਸਾਰੇ ਮੈਂਬਰਾਂ ਦੀ ਪ੍ਰਵਾਨਗੀ ਉਪਰੰਤ ਉਪ ਪ੍ਰਧਾਨ ਸਰਧਾ ਸਿੰਘ ਨੂੰ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸੋਸਾਇਟੀ ਦੇ ਜਨਰਲ ਸਕੱਤਰ ਕਿਰਪਾਲ ਸਿੰਘ ਪੰਡੋਰੀ, ਪ੍ਰਚਾਰ ਸਕੱਤਰ ਗਿਆਨੀ ਕੇਵਲ ਸਿੰਘ ਦੱਸਿਆ ਕਿ ਸੁਸਾਇਟੀ ਵੱਲੋਂ ਕਰਵਾਇਆ ਜਾਂਦਾ ਮਹਾਨ ਕੀਰਤਨ ਦਰਬਾਰ ਇਸ ਵਾਰ ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਦੀ ਗਰਾਊਂਡ ਵਿੱਚ ਬੜੀ ਹੀ ਸ਼ਰਧਾ ਪੂਰਵਕ ਕਰਵਾਇਆ ਜਾਵੇਗਾ ਅਤੇ ਇਸ ਵਾਸਤੇ ਸੁਸਾਇਟੀ ਦੀ ਅਗਲੀ ਮੀਟਿੰਗ 23 ਜਨਵਰੀ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਸਮੇਸ਼ ਨਗਰ ਟਾਂਡਾ ਵਿਖੇ ਬਾਅਦ ਦੁਪਹਿਰ 3.30 ਵਜੇ ਹੋਵੇਗੀ। ਜਿਸ ਦੌਰਾਨ ਸੁਸਾਇਟੀ ਵੱਲੋਂ ਕਰਵਾਏ ਜਾਣ ਵਾਲੇ ਮਹਾਨ ਕੀਰਤਨ ਦਰਬਾਰ ਵਿੱਚ ਕੀਤੇ ਜਾਣ ਵਾਲੇ ਰਾਗੀ-ਢਾਡੀ ਜਥੇ ਤੇ ਹੋਰ ਤਿਆਰੀਆਂ ਦੀ ਸਮੀਖਿਆ ਕੀਤੀ ਜਾਵੇਗੀ। ਇਸ ਮੌਕੇ ਸੋਸਾਇਟੀ ਦੇ ਖਜ਼ਾਨਚੀ ਭਾਈ ਪਿਆਰਾ ਸਿੰਘ ਤੇ ਭਾਈ ਜਸਵੀਰ



ਸਿੰਘ ਸੋਨੂ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰਿਤ ਪਿੰਡ ਪਿੰਡ ਵਿੱਚ ਧਾਰਮਿਕ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਕਰਵਾਏ ਜਾਣਗੇ ਤੇ ਇਹਨਾਂ ਸਮਾਗਮਾਂ ਦੌਰਾਨ ਹੀ ਕਰਵਾਏ ਜਾਣ ਵਾਲੇ ਮਹਾਨ ਨਗਰ ਕੀਰਤਨ ਸਬੰਧੀ ਵੀ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਪ੍ਰਧਾਨ ਜਗਮੋਹਨ ਸਿੰਘ, ਕਾਰਜਕਾਰੀ ਪ੍ਰਧਾਨ ਸਰਧਾ ਸਿੰਘ, ਜਨਰਲ ਸਕੱਤਰ ਕਿਰਪਾਲ ਸਿੰਘ ਪੰਡੋਰੀ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਗੁਰਦੀਪ ਸਿੰਘ, ਭਾਈ ਸੁਰਜੀਤ ਸਿੰਘ ਦਸਮੇਸ਼ ਨਗਰ, ਮਾਸਟਰ ਜਸਵੀਰ ਸਿੰਘ, ਜਸਵੀਰ ਸਿੰਘ ਦਸਮੇਸ਼ ਨਗਰ ਟਾਂਡਾ ਵੀ ਹਾਜ਼ਰ ਸਨ।

20- jan- PAGE 10.qxd 1/19/2025 8:29 PM Page 1



# ਇਨਸਾਫ਼ ਲਈ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਰੈਲੀ

## * 28 ਨੂੰ ਜ਼ਿਲ੍ਹਾ ਹੈੱਡਕੁਆਟਰ 'ਤੇ ਧਰਨਾ ਦੇਣ ਦਾ ਐਲਾਨ



**ਬਠਿੰਡਾ, (ਬਖਤੌਰ ਢਿੱਲੋਂ)** ਪਿੰਡ ਦਾਨ ਸਿੰਘ ਵਾਲਾ ਵਿਖੇ ਸਾੜੇ ਗਏ ਅੱਠ ਮਜ਼ਦੂਰਾਂ ਦੇ ਘਰਾਂ ਦੇ ਪੀੜ੍ਹਤਾਂ ਨੂੰ ਇਨਸਾਫ਼ ਦਿਵਾਉਣ ਲਈ ਜਬਰ ਵਿਰੋਧੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਪਿੰਡ ਦਾਨ ਸਿੰਘ ਵਾਲਾ ਦੀ ਦਾਣਾ ਮੰਡੀ ਵਿੱਚ ਰੈਲੀ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਤੇ ਵਰਕਰ ਸ਼ਾਮਲ ਹੋਏ।

ਬੁਲਾਰਿਆਂ ਨੇ ਦੋਸ਼ ਲਾਇਆ ਕਿ ਨਸ਼ੇ ਵੇਚਣ ਤੋਂ ਰੋਕਣ ਕਾਰਨ ਹਲਕੇ ਦੇ ਵਿਧਾਇਕ ਤੇ ਪਿੰਡ ਦੇ ਸਰਪੰਚ ਦੀ ਸ਼ਹਿ 'ਤੇ ਕੀਤੇ ਇਸ ਘਿਨਾਉਣੇ ਜ਼ੁਲਮ ਨੂੰ ਸਬੰਧਤ ਪੁਲਸ ਦੋ ਗਰੁੱਪਾਂ ਦਾ ਝਗੜਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਬੁਲਾਰਿਆਂ ਨੇ ਕਿਹਾ ਕਿ ਸਿਆਸੀ ਸ਼ਹਿ ਤੇ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਇਸ ਹਮਲੇ ਤੇ ਅੱਗ ਲਾਉਣ ਨਾਲ ਗਰੀਬ ਮਜ਼ਦੂਰਾਂ ਦਾ ਭਾਰੀ ਨੁਕਸਾਨ ਹੋ ਗਿਆ ਹੈ। ਘਰੇਲੂ ਸਮਾਨ ਤੋਂ ਇਲਾਵਾ ਬੱਚਿਆਂ ਦੇ ਸਰਟੀਫਿਕੇਟ ਬਗੈਰਾ ਵੀ ਸੜ ਗਏ ਹਨ। ਬੁਲਾਰਿਆਂ ਨੇ ਕਿਹਾ ਕਿ ਸਬੰਧਤ ਪੁਲਸ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਮਜ਼ਦੂਰ ਬਸਤੀ ਨੂੰ ਘੇਰਾ ਪਾ ਕੇ ਡਰਾ ਰਹੀ ਹੈ। ਰੈਲੀ ਵਿੱਚ ਇਹ ਮੰਗ ਵੀ ਉੱਠੀ ਕਿ ਇਤਲਾਹ ਹੋਣ ਦੇ ਬਾਵਜੂਦ ਪਿੰਡ ਦੇ ਸਰਪੰਚ ਅਤੇ ਪੁਲਿਸ ਵੱਲੋਂ ਸਮੇਂ ਸਿਰ ਕਾਰਵਾਈ ਨਾ ਕਰਨ ਸਦਕਾ ਇਹ ਘਟਨਾ ਵਾਪਰੀ ਹੈ। ਇਸ ਲਈ ਐੱਸ ਐੱਚ ਓ ਤੇ ਸਰਪੰਚ ਨੂੰ ਵੀ ਮੁਕੱਦਮੇ ਵਿੱਚ ਸ਼ਾਮਲ ਕੀਤਾ ਜਾਵੇ। ਬੁਲਾਰਿਆਂ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਮਾ. ਸੇਵਕ ਸਿੰਘ, ਸੀਟੂ ਆਗੂ ਬਲਕਾਰ ਸਿੰਘ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਅਮੀ ਲਾਲ, ਏਕਟੂ ਦੇ ਪ੍ਰਧਾਨ ਰਾਜਵਿੰਦਰ ਸਿੰਘ ਰਾਣਾ, ਦਿਹਾਤੀ ਮਜ਼ਦੂਰ ਸਭਾ ਦੇ ਗੁਰਨਾਮ ਸਿੰਘ ਦਾਊਦ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਗੁਰਪ੍ਰੀਤ ਸਿੰਘ ਆਦਿ ਨੇ ਸੰਬੋਧਨ ਕੀਤਾ।

ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ 28 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਬਠਿੰਡਾ ਅੱਗੇ ਧਰਨਾ ਦੇਣ ਤੇ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਐਲਾਨ ਕੀਤਾ ਗਿਆ।

# ਸਮਾਣਾ ਕਾਂਗਰਸ ਵੱਲੋਂ ਅਮਿਤ ਸ਼ਾਹ ਖਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ



**ਸਮਾਣਾ ( ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)** ਨੈਸ਼ਨਲ ਕਾਂਗਰਸ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੰਜਾਬ ਕਾਂਗਰਸ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਮਾਣਾ ਕਾਂਗਰਸ ਵੱਲੋਂ ਸਮਾਣਾ ਬਲਾਕ ਪ੍ਰਧਾਨ ਮੰਗਤ ਮਵੀਂ, ਬਲਾਕ ਪਸਿਆਣਾ ਪ੍ਰਧਾਨ ਨਾਇਬ ਸਿੰਘ ਭਾਨਰੀ, ਨਗਰ ਕੌਂਸਲ ਪ੍ਰਧਾਨ ਅਸਵਨੀ ਗੁਪਤਾ, ਕੌਂਸਲਰ ਟਿੰਕਾ ਗਾਜੇਵਾਸ ਅਤੇ ਡਾ ਪ੍ਰੇਮ ਪਾਲ ਆਦਿ ਵਲੋਂ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਸਮੇਤ ਸਥਾਨਕ ਅੰਬੇਡਕਰ ਚੌਂਕ ਵਿਖੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਖਿਲਾਫ ਉਨ੍ਹਾਂ ਵੱਲੋਂ ਡਾ. ਅੰਬੇਡਕਰ ਖ਼ਿਲਾਫ ਕੀਤੀ ਅਪਮਾਨਜਨਕ ਟਿੱਪਣੀ ਦੇ ਚੱਲਦਿਆਂ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਉਨ੍ਹਾਂ ਤੋਂ ਅਸਤੀਫੇ ਦੀ ਮੰਗ ਕੀਤੀ ਗਈ। ਇਸ ਮੌਕੇ ਕਾਂਗਰਸੀ ਆਗੂ ਲਾਭ ਸਿੰਘ ਸਿੱਧੂ, ਬਲਵੀਰ ਵੜੈਚ, ਹਰਪ੍ਰੀਤ ਕੂਕਾ ਕੌਂਸਲਰ, ਕੌਂਸਲਰ ਬੱਬੂ ਕੌਂਸਲਰ, ਤਜਿੰਦਰ ਗਾਜੇਵਾਸ, ਸਿੱਪੀ ਡਕਾਲਾ,ਰਾਮ ਬਾਪੂ, ਰਾਜ ਡਕਾਲਾ, ਗੁਰਵਿੰਦਰ ਭੰਗੂ,ਸੀਮਾ ਘਨੌਤ, ਲਖਵਿੰਦਰ ਲੱਖਾ, ਰਾਜ ਬਾਹਮਣਾ, ਸੁਖਵਿੰਦਰ ਛੰਨਾ, ਮਹਿੰਦਰ ਸਮਾਣਾ, ਸੋਨੀ ਦਨੀਪੁਰ ਚੇਅਰਮੈਨ ਬਲਾਕ ਸੰਮਤੀ ਅਤੇ ਤਰਨਜੀਤ ਕਾਹਨਗੜ੍ਹ ਆਦਿ ਵੀ ਮੌਜੂਦ ਰਹੇ।

# ਫਾਈਨਾਂਸ ਕੰਪਨੀਆਂ ਵਾਲੇ ਕਰਦੇ ਨੇ ਗਰੀਬਾਂ ਦੀ ਲੁੱਟ : ਤਾਰੀ ਰਸੂਲਪੁਰ



**ਹਠੂਰ (ਨਛੱਤਰ ਸੰਧੂ)** ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਦੀ ਹਾਜ਼ਰੀ ਵਿੱਚ ਪਿੰਡ ਸਿੱਧਵਾਂ ਕਲਾਂ ਦੀ ਦਲਿਤ ਮਜ਼ਦੂਰ ਬੀਬੀ ਜਸ਼ਨਪ੍ਰੀਤ ਕੌਰ ਨੇ ਦੱਸਿਆ ਕਿ ਮੇਰੇ ਪਤੀ ਨੇ ਜਗਰਾਉਂ ਦੀ ਜੇਐਸ ਚਾਵਲਾ ਫਾਈਨਾਂਸ ਕੰਪਨੀ ਤੋਂ ਆਪਣੇ ਮੋਟਰਸਾਈਕਲ 'ਤੇ 15000 ਹਜ਼ਾਰ ਦਾ ਕਰਜ਼ਾ ਲਿਆ ਸੀ, ਜੋ ਦੋ ਹਜ਼ਾਰ ਪ੍ਰਤੀ ਮਹੀਨਾ ਸਾਲ ਦੀਆਂ ਬਾਰਾਂ ਕਿਸ਼ਤਾਂ ਵਿੱਚ ਅਦਾ ਕਰਨੇ ਸਨ। ਉਸ ਨੇ ਦੱਸਿਆ ਕਿ ਮੇਰੇ ਪਤੀ ਨੇ ਦੋ ਕਿਸ਼ਤਾਂ ਤਾਂ ਭਰ ਦਿੱਤੀਆਂ, ਪਰ ਇਸ ਦੌਰਾਨ ਉਸ ਨੂੰ ਤੇਜ਼ ਬੁਖਾਰ ਚੜ੍ਹਨ ਲੱਗਾ। ਉਹ ਲਗਾਤਾਰ ਇੱਕ ਮਹੀਨਾ ਕੰਮ 'ਤੇ ਨਾ ਜਾ ਸਕਿਆ, ਜਿਸ ਕਰਕੇ ਸਾਡੇ ਘਰ ਦਾ ਗੁਜ਼ਾਰਾ ਬਹੁਤ ਔਖਾ ਹੋ ਗਿਆ। ਅਸੀਂ ਮਜਬੂਰੀ ਵੱਸ ਫਾਈਨਾਂਸ ਕੰਪਨੀ ਦੀਆਂ ਦੋ ਕਿਸ਼ਤਾਂ ਖੁੰਝ ਗਏ। ਕਿਸ਼ਤ ਨਾ ਭਰਨ ਦੀ ਮਜਬੂਰੀ ਕੰਪਨੀ ਦੇ ਮੁਲਾਜ਼ਮ ਵੱਲੋਂ ਫੋਨ ਕਰਨ 'ਤੇ ਅਸੀਂ ਦੱਸ ਦਿੱਤੀ ਸੀ, ਪਰ ਇਸ ਦੇ ਬਾਵਜੂਦ 8 ਜਨਵਰੀ ਨੂੰ ਸਵੇਰੇ ਲਗਭਗ 7-8 ਵਜੇ ਫਾਈਨਾਂਸ ਕੰਪਨੀ ਦਾ ਮਾਲਕ ਆਪ ਜੇਐਸ ਚਾਵਲਾ ਆਪਣੇ ਇੱਕ ਮੁਲਾਜ਼ਮ ਨੂੰ ਨਾਲ ਲੈ ਕੇ ਸਾਡੇ ਘਰ ਧਮਕਿਆ ਤੇ ਬੁਰਾ ਭਲਾ ਬੋਲਦਾ ਹੋਇਆ ਧਮਕੀਆਂ ਦੇਣ ਲੱਗਾ।

ਜੇਐਸ ਚਾਵਲਾ ਨੇ ਗੁੱਸੇ ਵਿੱਚ ਆ ਕੇ ਮੈਨੂੰ ਧੱਕਾ ਮਾਰ ਕੇ ਪਰ੍ਹਾਂ ਸੁੱਟ ਦਿੱਤਾ ਤੇ ਸਾਡਾ ਮੋਟਰਸਾਈਕਲ ਘਰੋਂ ਚੁੱਕ ਕੇ ਲੈ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਸੋਨੀ, ਬਖਤੌਰ ਸਿੰਘ, ਹਰਬੰਸ ਕੌਰ ਰਮਨਦੀਪ ਕੌਰ ਕੁਲਦੀਪ ਕੌਰ ਜੀਤਾ ਕੌਰ ਆਦਿ ਹਾਜ਼ਰ ਸਨ।

# ਪੀ ਆਰ ਟੀ ਸੀ ਦੇ ਕੰਟਰੈਕਟ ਮੁਲਾਜ਼ਮਾਂ ਦੀ ਤਨਖਾਹ 'ਚ ਵਾਧਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਸਰਕਾਰ ਨੇ ਪਨਬਸ ਕੰਟਰੈਕਟ ਵਰਕਰਾਂ ਦੀ ਤਨਖਾਹ ਵਿੱਚ 5 ਫ਼ੀਸਦੀ ਵਾਧਾ ਕੀਤਾ ਹੈ। ਇਸ ਦਾ ਲਾਭ ਸਿਰਫ ਉਨ੍ਹਾਂ ਮੁਲਾਜ਼ਮਾਂ ਨੂੰ ਹੀ ਮਿਲੇਗਾ, ਜੋ 1 ਨਵੰਬਰ, 2024 ਤੱਕ ਇੱਕ ਸਾਲ ਪੂਰਾ ਕਰ ਚੁੱਕੇ ਹਨ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ। ਇਸ ਹੁਕਮ ਦਾ ਲਾਭ ਵਰਕਸ਼ਾਪ 'ਚ ਕੰਮ ਕਰਨ ਵਾਲੇ ਬੱਸ ਡਰਾਈਵਰਾਂ, ਕੰਡਕਟਰਾਂ ਤੇ ਕ੍ਰਮਚਾਰੀਆਂ ਨੂੰ ਮਿਲੇਗਾ। ਉਪਰੋਕਤ ਹੁਕਮ ਇਸ ਮਹੀਨੇ ਤੋਂ ਹੀ ਲਾਗੂ ਹੋਣਗੇ। ਜਾਣਕਾਰੀ ਅਨੁਸਾਰ ਕ੍ਰਮਚਾਰੀ ਲੰਮੇ ਸਮੇਂ ਤੋਂ ਤਨਖਾਹ ਵਾਧੇ ਦੀ ਮੰਗ ਕਰ ਰਹੇ ਸਨ। ਉਨ੍ਹਾਂ ਨੂੰ ਘੱਟ ਤਨਖਾਹ 'ਤੇ ਕੰਮ ਕਰਨ ਵਿੱਚ ਮੁਸ਼ਕਲ ਆ ਰਹੀ ਸੀ। ਘਰ ਦੇ ਖਰਚੇ ਚਲਾਉਣੇ ਵੀ ਔਖੇ ਹੋ ਗਏ ਹਨ। ਕ੍ਰਮਚਾਰੀਆਂ ਨੇ ਕਈ ਵਾਰ ਹੜਤਾਲ ਵੀ ਕੀਤੀ। ਇਸ ਤੋਂ ਬਾਅਦ, ਇਸ ਸਬੰਧ 'ਚ ਇੱਕ ਪ੍ਰਸਤਾਵ ਡਾਇਰੈਕਟਰ ਬੋਰਡ ਦੀ ਮੀਟਿੰਗ ਵਿੱਚ ਲਿਆਂਦਾ ਗਿਆ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਹੁਕਮ ਦੀ ਇੱਕ ਕਾਪੀ ਸੱਤ ਵਿਭਾਗਾਂ ਨੂੰ ਜਾਰੀ ਕੀਤੀ ਗਈ ਹੈ।

ਪੰਜਾਬ ਰੋਡਵੇਜ਼, ਪਨਬਸ ਤੇ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਦੀ ਮੀਟਿੰਗ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਹੋਈ ਸੀ। ਇਸ ਦੌਰਾਨ ਕ੍ਰਮਚਾਰੀਆਂ ਨੂੰ ਸੇਵਾ ਨਿਯਮਾਂ ਤਹਿਤ ਸਥਾਈ ਕਰਨ ਲਈ ਨੀਤੀ ਬਣਾਉਣ 'ਤੇ ਸਹਿਮਤੀ ਬਣੀ। ਇਸ ਸਬੰਧੀ ਫ਼ਾਈਲ ਪੰਜਾਬ ਦੇ ਐਡਵੋਕੇਟ ਜਨਰਲ ਨੂੰ ਭੇਜੀ ਜਾਵੇਗੀ। 25 ਜਨਵਰੀ ਨੂੰ ਟਰਾਂਸਪੋਰਟ ਮੰਤਰੀਤੋਂ ਇਲਾਵਾ ਪੀ ਆਰ ਟੀ ਸੀ ਦੇ ਚੇਅਰਮੈਨ ਰਣਜੋਧ ਸਿੰਘ ਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਕਾਨੂੰਨੀ ਨਿਯਮਾਂ ਅਨੁਸਾਰ 3 ਫਰਵਰੀ ਨੂੰ ਯੂਨੀਅਨ ਨਾਲ ਇੱਕ ਹੋਰ ਮੀਟਿੰਗ ਕੀਤੀ ਜਾਵੇਗੀ ਅਤੇ ਨੀਤੀ 'ਤੇ ਸਹਿਮਤੀ ਬਣਾਈ ਜਾਵੇਗੀ। ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਨੇ 15 ਜਨਵਰੀ ਨੂੰ ਰੋਡਵੇਜ਼, ਪਨਬੱਸ ਤੇ ਪੀਆਰਟੀਸੀ ਕੰਟਰੈਕਟ ਕ੍ਰਮਚਾਰੀ ਯੂਨੀਅਨ ਦੇ ਅਧਿਕਾਰੀਆਂ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕੀਤੀ ਸੀ। ਮੀਟਿੰਗ ਵਿੱਚ ਯੂਨੀਅਨ ਦੇ ਕਾਂਟਰੈਕਟ ਕ੍ਰਮਚਾਰੀਆਂ ਨੂੰ ਰੈਗੂਲਰ ਕਰਨ ਦੀ ਮੰਗ 'ਤੇ ਸਹਿਮਤੀ ਬਣ ਗਈ ਸੀ। ਇਸ ਲਈ ਪੰਜਾਬ ਸਰਕਾਰ ਵੱਲੋਂ ਇੱਕ ਨੀਤੀ ਤਿਆਰ ਕੀਤੀ ਜਾਵੇਗੀ। ਕਾਨੂੰਨੀ ਰਾਏ ਲੈਣ ਤੋਂ ਬਾਅਦ ਇਸ ਨੀਤੀ ਨੂੰ 3 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਤੋਂ ਬਾਅਦ ਯੂਨੀਅਨ ਨਾਲ ਸਾਂਝਾ ਕੀਤਾ ਜਾਵੇਗਾ।

# ਵਿੰਟਰ ਕੈਂਪ ਦੀਆਂ ਕਿਰਿਆਵਾਂ ਆਧਾਰਤ ਗੋਬਿੰਦਪੁਰਾ ਸਕੂਲ 'ਚ ਲਗਾਈ ਪ੍ਰਦਰਸ਼ਨੀ



**ਲਹਿਰਾ ਮੁਹੱਬਤ,(ਭੀਮ ਸੈਨ ਹਦਵਾਰੀਆ)** ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਅਧੀਨ ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਛੇਵੀਂ ਤੋਂ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਅੰਦਰ ਵੱਖ-ਵੱਖ ਵਿਸ਼ਿਆਂ ਸੰਬੰਧੀ ਦਿਲਚਸਪੀ ਵਧਾਉਣ, ਸੰਪੂਰਨ, ਅਨੁਭਵੀ ਸਿੱਖਣ ਪ੍ਰਕਿਰਿਆ ਦੀ ਸੋਧ ਪੈਦਾ ਕਰਨ ਅਤੇ ਰਚਨਾਤਮਕਤਾ ਰਾਹੀਂ ਮੁਹਾਰਿਤ ਹਾਸਿਲ ਕਰਨ ਦੇ ਉਦੇਸ਼ ਨਾਲ ਵਿੰਟਰ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਵਿਦਿਆਰਥੀਆਂ ਨੇ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਸਮੇਤ ਸਾਇੰਸ, ਸਮਾਜਿਕ ਵਿਗਿਆਨ, ਗਣਿਤ, ਸਰੀਰਕ ਸਿੱਖਿਆ, ਅਰਥਸ਼ਾਸਤਰ, ਰਾਜਨੀਤੀ ਸ਼ਾਸਤਰ ਆਦਿ ਵਿਸ਼ਿਆਂ ਵਿੱਚ ਸਕਰੈਪ ਬੁੱਕਸ, ਪ੍ਰੋਜੈਕਟ ਵਰਕ, ਮਾਡਲ ਅਤੇ ਚਾਰਟ ਆਦਿ ਬਣਾਉਣ ਸਮੇਤ ਬੈਸਟ ਆਊਟ ਆਫ ਵੇਸਟ ਕਿਰਿਆ ਤਹਿਤ ਗੈਰ ਉਪਯੋਗੀ ਸਮਾਨ ਤੋਂ ਉਪਯੋਗ ਵਿੱਚ ਆਉਣ ਵਾਲਾ ਸਮਾਨ ਜਿਵੇਂ ਫਲਾਵਰ ਮੇਕਿੰਗ, ਤਸਵੀਰਾਂ ਦੇ ਫਰੇਮ, ਕਲੇਅ ਕਰਾਫਟ, ਸਜਾਵਟੀ ਸਮਾਨ ਅਤੇ ਹੋਰ ਬਹੁਤ ਰਚਨਾਤਮਕ ਵਸਤਾਂ ਤਿਆਰ ਕੀਤੀਆਂ। ਇਹਨਾਂ ਸਾਰੀਆਂ ਅਕਾਦਮਿਕ ਅਤੇ ਸਹਿ-ਅਕਾਦਮਿਕ ਪੇਸ਼ਕਾਰੀਆਂ ਦੀ ਅੱਜ ਸ਼ਨੀਵਾਰ ਸਕੂਲ ਵਿਖੇ ਪ੍ਰਦਰਸ਼ਨੀ ਲਗਾਈ ਗਈ। ਇਸ ਦੌਰਾਨ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਅਤੇ ਸਮੂਹ ਸਟਾਫ ਵੱਲੋਂ ਪ੍ਰਦਰਸ਼ਨੀ ਦਾ ਨਿਰੀਖਣ ਕੀਤਾ ਗਿਆ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਹਨਾਂ ਦੇ ਰਚਨਾਤਮਕ ਕੰਮਾਂ ਕਾਰਨ ਉਹਨਾਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਭਵਿੱਖ ਵਿੱਚ ਪ੍ਰਯੋਗੀ ਕਿਰਿਆਵਾਂ, ਪ੍ਰੋਜੈਕਟ ਵਰਕ, ਮਾਡਲ ਆਦਿ ਰਚਨਾਤਮਕ ਵਿਧੀਆਂ ਰਾਹੀਂ ਸਿੱਖਣ ਪ੍ਰਕਿਰਿਆ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ ਗਿਆ।

# ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)** ਜੇ.ਐੱਮ.ਐੱਸ. ਇਮੀਗ੍ਰੇਸ਼ਨ ਨੇ ਵਿਦਿਆਰਥਣ ਖੁਸ਼ਪ੍ਰੀਤ ਕੌਰ ਵਾਸੀ ਝਨੇੜੀ ਦਾ ਬਹੁਤ ਘੱਟ ਸਮੇਂ ਵਿੱਚ ਕੈਨੇਡਾ ਦਾ ਸਟੱਡੀ ਵੀਜ਼ਾ ਲਵਾ ਕੇ ਦਿੱਤਾ।

ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਕੋਈ ਗੈਪ ਹੈ ਜਾਂ ਪੜ੍ਹਾਈ 'ਚ ਨੰਬਰ ਘੱਟ ਹਨ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ। ਸੰਸਥਾ ਜੇ.ਐੱਮ.ਐੱਸ. ਵੱਲੋਂ ਬਹੁਤ ਹੀ ਚੰਗੇ ਢੰਗ ਨਾਲ ਫਾਈਲ ਤਿਆਰ ਕਰਕੇ ਵੀਜ਼ਾ ਅਪਲਾਈ ਕੀਤਾ ਜਾਂਦਾ ਹੈ ਤਾਂ ਜੁ ਵਿਦਿਆਰਥੀ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਬਹੁਤ ਹੀ ਘੱਟ ਸਮੇਂ ਵਿੱਚ ਉਨ੍ਹਾਂ ਨੂੰ ਵੀਜ਼ਾ ਪ੍ਰਾਪਤ ਹੋ ਜਾਵੇ। ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਤੇ ਸਟੱਡੀ ਵੀਜ਼ਾ ਆਦਿ ਲਵਾਏ ਜਾਂਦੇ ਹਨ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵਿਦਿਆਰਥਣ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ।

# ਦਿੱਲੀ 'ਚ ਫੇਰ ਜਿੱਤੇਗੀ 'ਆਪ' : ਉਮਰੀਆਣਾ

**ਕੋਟ ਈਸੇ ਖਾਂ (ਅਰੋੜਾ)** ਦਿੱਲੀ 'ਚ ਹੋਣ ਜਾ ਰਹੀਆਂ ਚੋਣਾਂ ਵਿੱਚ ਲੋਕਾਂ ਦਾ ਆਮ ਆਦਮੀ ਪਾਰਟੀ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ 'ਆਪ' ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਸੋਸ਼ਲ ਮੀਡੀਆ ਤਲਵਿੰਦਰ ਸਿੰਘ ਵਿਰਕ ਉਮਰੀਆਣਾ ਨੇ ਕੀਤਾ।

ਵਿਰਕ ਨੇ ਕਿਹਾ ਕਿ ਕੇਜਰੀਵਾਲ ਨੇ ਆਪਣੀ ਸਰਕਾਰ ਦੌਰਾਨ ਦਿੱਲੀ ਵਾਸੀਆਂ ਨੂੰ ਬਹੁਤ ਸਹੂਲਤਾਂ ਦਿੱਤੀਆਂ, ਜਿਵੇਂ ਬਿਜਲੀ, ਪਾਣੀ, ਬਿੱਲ ਫਰੀ, ਚੰਗੀ ਸਿੱਖਿਆ ਵਧੀਆ ਸਿਹਤ ਸੇਵਾਵਾਂ. ਤੋਂ ਇਲਾਵਾ ਬਜ਼ੁਰਗਾਂ ਅਤੇ ਹਰੇਕ ਵਰਗ ਲਈ ਬਹੁਤ ਵਧੀਆ ਕੰਮ ਕੀਤੇ ਹਨ, ਜਿਸ ਕਰਕੇ ਲੋਕ ਅਰਵਿੰਦ ਕੇਜਰੀਵਾਲ ਨਾਲ ਡਟ ਕੇ ਖੜੇ ਹਨ।

# ਐੱਨ ਐੱਸ ਐੱਸ ਵਲੰਟੀਅਰਾਂ ਵੱਲੋਂ 7 ਰੋਜ਼ਾ ਕੈਂਪ ਦੀ ਸ਼ੁਰੂਆਤ



**ਫ਼ਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਵਿਖੇ 7 ਰੋਜ਼ਾ ਐਨ.ਐਸ.ਕੈਂਪ ਦੀ ਸ਼ੁਰੂਆਤ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਤੇ ਚੇਅਰਪਰਸਨ ਸ੍ਰੀਮਤੀ ਹਰਜਿੰਦਰਪਾਲ ਕੌਰ ਕੰਗ ਦੀ ਰਹਿਨੁਮਾਈ ਹੇਠ ਕੀਤੀ ਗਈ। ਐਨ.ਐਸ ਵਿਭਾਗ ਦੇ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਸੰਗੀਤਾ ਸ਼ਰਮਾ ਨੇ ਦੱਸਿਆ ਕਿ 17 ਤੋਂ 23 ਜਨਵਰੀ ਤੱਕ ਚੱਲਣ ਵਾਲੇ ਇਸ 7 ਰੋਜ਼ਾ ਕੈਂਪ ਦੌਰਾਨ ਪਿੰਡ ਬੱਲ ਬਾਵਾ ਵਿਖੇ ਗਤੀਵਿਧੀਆਂ ਕੀਤੀਆਂ ਜਾਣਗੀਆਂ, ਜਿਸ ਵਿੱਚ 50 ਤੋਂ ਵਧੇਰੇ ਵਿਦਿਆਰਥੀ ਭਾਗ ਲੈਣਗੇ। ਇਸ ਕੈਂਪ ਦੌਰਾਨ ਪਿੰਡ ਵਿੱਚ ਵੱਖ- ਵੱਖ ਸਮਾਜ ਭਲਾਈ ਦੇ ਕੰਮ ਕੀਤੇ ਜਾਣਗੇ।

ਅਵਤਾਰ ਸਿੰਘ ਨੇ ਕੈਂਪ ਲਈ ਵਿਦਿਆਰਥੀਆਂ ਨੂੰ ਭੇਜਣ ਤੋਂ ਪਹਿਲਾਂ ਕਾਲਜ ਅੰਦਰ ਵਲੰਟੀਅਰਾਂ ਨੂੰ ਐਨ.ਐਸ.ਐਸ ਦੇ ਮਹੱਤਵ ਤੇ ਉਸਦੇ ਕਾਰਜਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਜਿਹੜਾ ਵਿਦਿਆਰਥੀ ਆਪਣੇ ਹੱਥਾਂ ਨਾਲ ਸਮਾਜ ਦੇ ਸੇਵਾ ਦੇ ਕਾਰਜ ਕਰਦਾ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕੈਂਪ ਦੀਆਂ ਗਤੀਵਿਧੀਆਂ ਅਤੇ ਇਸ ਦੌਰਾਨ ਖੇਡਾਂ, ਸਮਾਜਿਕ ਕਾਰਜ, ਜਾਗਰੂਕਤਾ ਕੈਂਪ ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕਰਨ ਵਾਸਤੇ ਸੈਮੀਨਾਰ ਲਾਉਣ ਵਰਗੇ ਕੰਮ ਕੀਤੇ ਜਾਣਗੇ।

ਤਸਵੀਰ:- ਐਨ ਐਸ ਐਸ ਕੈਂਪ ਦੀ ਸ਼ੁਰੂਆਤ ਮੌਕੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ।

# 26 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨੀ ਮੰਗਾਂ ਲਈ ਟਰੈਕਟਰ ਮਾਰਚ

**ਜਗਰਾਉਂ (ਨਛੱਤਰ ਸੰਧੂ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਆਗੂਆਂ ਜਗਤਾਰ ਸਿੰਘ ਦੇਹੜਕਾ ਤੇ ਇੰਦਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 26 ਜਨਵਰੀ ਨੂੰ ਜ਼ਿਲ੍ਹਾ ਲੁਧਿਆਣਾ ਦੇ ਵੱਖ-ਵੱਖ ਬਲਾਕਾਂ 'ਚ ਪੂਰੀ ਤਿਆਰੀ ਨਾਲ ਟਰੈਕਟਰ ਮਾਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰਾਂ ਨੂੰ ਭੇਜੇ ਗਏ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਭਾਵੇਂ ਪੰਜਾਬ ਸਰਕਾਰ ਦੇ ਮੰਤਰੀ ਮੰਡਲ ਨੇ ਰੱਦ ਕਰ ਦਿੱਤਾ ਹੈ, ਪਰ ਉਨ੍ਹਾਂ ਮੰਗ ਕੀਤੀ ਕਿ ਸਰਕਾਰ ਵਿਧਾਨ ਸਭਾ ਦਾ ਵਿਸ਼ੇਸ਼ ਅਜਲਾਸ ਬੁਲਾ ਕੇ ਇਸ ਖਰੜੇ ਨੂੰ ਰੱਦ ਕਰਕੇ ਮੋਦੀ ਸਰਕਾਰ ਨੂੰ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਖੇਤੀ ਮੰਡੀਕਰਨ ਖਰੜਾ ਅਸਲ 'ਚ ਚੋਰਮੋਰੀ ਰਾਹੀਂ ਕਾਲੇ ਖੇਤੀ ਕਨੂੰਨਾਂ ਨੂੰ ਲਾਗੂ ਕਰਨ ਦੀ ਕਾਰਪੋਰੇਟ ਜਮਾਤ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲ ਤੋਂ ਉੱਪਰ ਸਮਾਂ ਲੰਘ ਜਾਣ ਦੇ ਬਾਵਜੂਦ ਦਿੱਲੀ ਅੰਦੋਲਨ ਦੀ ਸਮਾਪਤੀ ਸਮੇਂ ਮੰਨੀਆਂ ਬਕਾਇਆ ਮੰਗਾਂ ਲਾਗੂ ਕਰਾਉਣ ਲਈ ਹਰ ਸਾਲ ਦੀ ਤਰ੍ਹਾਂ ਇਸ ਵੇਰ ਵੀ ਦੇਸ ਭਰ 'ਚ ਟਰੈਕਟਰ ਮਾਰਚ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਬੁਲਾਰੇ ਸਾਰੇ ਦੇਸ ਚ ਸਾਰੀਆਂ ਫਸਲਾਂ ਤੇ ਐਮ ਐਸ ਪੀ ਮਿਲ ਰਹੀ ਹੈ, ਜਦੋਂ ਕਿ ਸੱਚਾਈ ਇਹ ਹੈ ਕਿ ਅਮਲ 'ਚ ਪੰਜਾਬ ਤੇ ਹਰਿਆਣਾ 'ਚ ਹੀ ਸਿਰਫ ਦੋ ਫ਼ਸਲਾਂ 'ਤੇ ਐਮ ਐਸ ਪੀ ਮਿਲ ਰਹੀ ਹੈ। ਉਨ੍ਹਾਂ ਸੁਨੀਲ ਜਾਖੜ ਨੂੰ ਐਮ ਐਸ ਪੀ ਦੇ ਮੁੱਦੇ 'ਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਟਰੈਕਟਰ ਮਾਰਚ ਦੀ ਤਿਆਰੀ ਲਈ ਜ਼ਿਲ੍ਹੇ 'ਚ ਸਾਰੇ ਬਲਾਕਾਂ ਦੀਆਂ ਮੀਟਿੰਗਾਂ ਉਲੀਕੀਆਂ ਗਈਆਂ ਹਨ। ਇਸ ਤਹਿਤ 22 ਜਨਵਰੀ ਨੂੰ ਜਗਰਾਉਂ ਬਲਾਕ, 23 ਜਨਵਰੀ ਨੂੰ ਸਿੱਧਵਾਂ ਬੇਟ, ਰਾਏਕੋਟ, ਸੁਧਾਰ, ਪੱਖੋਵਾਲ ਬਲਾਕਾਂ ਅਤੇ 20 ਜਨਵਰੀ ਨੂੰ ਹੰਬੜਾਂ ਬਲਾਕ ਦੀਆਂ ਮੀਟਿੰਗਾਂ ਰੱਖੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 22 ਜਨਵਰੀ ਨੂੰ ਜ਼ਿਲ੍ਹਾ ਮੀਟਿੰਗ 'ਚ ਬਾਕੀ ਬਲਾਕਾਂ ਦੀ ਵਿਓਂਤਬੰਦੀ ਵੀ ਕੀਤੀ ਜਾਵੇਗੀ।

# ਸਕੂਲੀ ਵਿਦਿਆਰਥੀਆਂ ਨੇ ਕੀਤਾ ਪਿੰਗਲਵਾੜੇ ਦਾ ਦੌਰਾ



**ਸੰਗਰੂਰ (ਪ੍ਰਵੀਨ ਸਿੰਘ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਨਪੁਰ ਦੇ ਵਿਦਿਆਰਥੀਆਂ ਨੇ "ਸਟੂਡੈਂਟ ਪੰਜਾਬ ਪੁਲਿਸ ਕੈਡਿਟ" ਪ੍ਰੋਗਰਾਮ ਅਧੀਨ ਇਕ ਦਿਨਾਂ ਆਊਟਡੋਰ ਫ਼ੇਰੀ ਦੌਰਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੀ ਸ਼ਾਖਾ ਸੰਗਰੂਰ ਦਾ ਦੌਰਾ ਕੀਤਾ। ਪ੍ਰਿੰਸੀਪਲ ਰਾਜਬੀਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਮੈਡਮ ਕਰਮਜੀਤ ਸ਼ਰਮਾਂ ਦੀ ਅਗਵਾਈ ਵਿਚ 40 ਵਿਦਿਆਰਥੀਆਂ ਦੇ ਗਰੁੱਪ ਨੇ ਸ਼ਾਖਾ ਸੰਗਰੂਰ ਦੇ ਵੱਖ ਵੱਖ ਵਾਰਡਾਂ ਦਾ ਦੌਰਾ ਕਰਕਦਿਆਂ ਮਰੀਜ਼ਾਂ ਨਾਲ ਸਮਾਂ ਬਿਤਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਾਖਾ ਦੇ ਮੁੱਖ ਪ੍ਰਬੰਧਕ ਤਰਲੋਚਨ ਸਿੰਘ ਚੀਮਾਂ, ਸੁਰਿੰਦਰਪਾਲ ਸਿੰਘ ਸਿਦਕੀ ਪੀ.ਆਰ.ਓ,ਜਰਨੈਲ ਸਿੰਘ ਅਤੇ ਵੀਰਪਾਲ ਕੌਰ ਨੇ ਬੱਚਿਆਂ ਨੂੰ ਸੰਸਥਾਪਕ ਭਗਤ ਪੂਰਨ ਸਿੰਘ ਅਤੇ ਡਾ: ਇੰਦਰਜੀਤ ਕੌਰ ਪ੍ਰਧਾਨ ਦੀ ਸਰਪ੍ਰਸਤੀ ਹੇਠ ਪਿੰਗਲਵਾੜਾ ਵੱਲੋਂ ਕੀਤੀਆਂ ਜਾ ਰਹੀਆਂ ਵੱਖੋ ਵੱਖ ਸਮਾਜਿਕ ਸੇਵਾਵਾਂ, ਲੋੜਵੰਦਾਂ ਦੀ ਮਦਦ,ਵਾਤਾਵਰਨ ਦੀ ਸੰਭਾਲ, ਮਾਨਵਤਾ ਅਤੇ ਸੰਵੇਦਨਸ਼ੀਲਤਾਂ ਅਪਨਾਉਣ ਸਬੰਧੀ ਜਾਣਕਾਰੀ ਦਿੱਤੀ। ਇਸ ਸਮੇਂ ਸਕੂਲੀ ਵਿਦਿਆਰਥੀਆਂ ਮਹਿਕ ਸ਼ਰਮਾਂ, ਸ਼ਮਾ ਪ੍ਰਵੀਨ, ਮੁਹੰਮਦ ਅਨਵਰ ਆਦਿ ਨੇ ਦੱਸਿਆ ਕਿ ਉਹ ਪਹਿਲੀ ਵਾਰੀ ਇਥੇ ਆਏ ਹਨ ਅਤੇ ਮਰੀਜ਼ਾਂ ਦੀ ਸੇਵਾ ਸੰਭਾਲ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਹਨ। ਇਸ ਮੌਕੇ ਮੈਡਮ ਕਰਮਜੀਤ ਸ਼ਰਮਾਂ ਅਤੇ ਸੁਖਵਿੰਦਰ ਸਿੰਘ ਡੀ ਪੀ ਈ ਨੇ ਦੱਸਿਆ ਕਿ ਪੰਜਾਬ ਪੁਲਿਸ ਅਤੇ ਸਿੱਖਿਆ ਵਿਭਾਗ ਦੇ ਸਾਂਝੇ ਉਪਰਾਲੇ ਅਧੀਨ ਸਟੂਡੈਂਟ ਪੁਲਿਸ ਕੈਡਿਟ ਸਕੀਮ ਤਹਿਤ ਵਿਦਿਆਰਥੀਆਂ ਦੇ ਉਜਵਲ ਭਵਿੱਖ ਅਤੇ ਸੇਵਾ ਕਰਨ ਦੀ ਪ੍ਰੇਰਨਾ ਦੇਣ ਦੇ ਮੰਤਵ ਨਾਲ ਪਿੰਗਲਵਾੜਾ ਦੇ ਦੌਰੇ ਤੇ ਆਏ ਹਨ। ਸਕੂਲ ਵੱਲੋਂ ਸ਼ਾਖਾ ਦੇ ਮਰੀਜ਼ਾਂ ਲਈ ਫ਼ਲ ਅਤੇ ਹੋਰ ਸਮਾਨ ਦੀ ਸੇਵਾ ਕੀਤੀ ਗਈ। ਇਸ ਸਬੰਧੀ ਰਵਨੀਤ ਕੌਰ ਪਿੰਕੀ, ਮਨਦੀਪ ਕੌਰ, ਜਸਪ੍ਰੀਤ ਸਿੰਘ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਸਮੇਂ ਮੁੱਖ ਪ੍ਰਬੰਧਕ ਤ੍ਰਿਲੋਚਨ ਸਿੰਘ ਚੀਮਾਂ, ਹਰਜੀਤ ਸਿੰਘ ਅਰੋੜਾ ਅਤੇ ਡਾ: ਗੁਰਮੇਲ ਸਿੰਘ ਸਿੱਧੂ ਨੇ ਬੱਚਿਆਂ ਨੂੰ ਪਿੰਗਲਵਾੜਾ ਜੰਤਰੀਆਂ ਅਤੇ ਅਧਿਆਪਕਾਂ ਨੂੰ ਪਿੰਗਲਵਾੜਾ ਲਿਟਰੇਚਰ ਭੇਂਟ ਕਰਕੇ ਸਨਮਾਨਿਤ ਕੀਤਾ।

# ਫੇਰ ਬਣੇਗੀ 'ਆਪ' ਸਰਕਾਰ : ਐਡਵੋਕੇਟ ਗੋਇਲ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਦਿੱਲੀ ਵਿਚ ਇਸ ਵਾਰ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਆਮ ਆਦਮੀ ਪਾਰਟੀ ਦੇ ਲੀਗਲ ਸੈੱਲ ਹਲਕਾ ਮੋਗਾ ਤੇ ਨਿਹਾਲ ਸਿੰਘ ਵਾਲਾ ਦੇ ਮੈਂਬਰ ਐਡਵੋਕੇਟ ਬੱਬਨ ਗੋਇਲ ਨੇ ਦੱਸਿਆ ਕਿ ਪਿਛਲੇ ਦਸ ਸਾਲ ਦੌਰਾਨ ਆਮ ਆਦਮੀ ਪਾਰਟੀ ਨੇ ਸਿਹਤ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਿਆ ਹੈ ਤੇ ਬਹੁਤ ਸਾਰੇ ਵਿਕਾਸ ਕਾਰਜ ਕੀਤੇ ਗਏ ਹਨ।

# ਕੌਮੀ ਸੜਕ ਸੁਰੱਖਿਆ ਮਹੀਨੇ ਤਹਿਤ ਬੱਸ ਚਾਲਕਾਂ ਨੂੰ ਕੀਤਾ ਜਾਗਰੂਕ



**ਸੰਗਰੂਰ (ਪ੍ਰਵੀਨ ਸਿੰਘ)** ਕੌਮੀ ਸੜਕ ਸੁਰੱਖਿਆ ਮਹੀਨੇ ਤਹਿਤ ਚਲ ਰਹੀਆਂ ਜਾਗਰੂਕ ਗਤੀਵਿਧੀਆਂ ਤਹਿਤ ਰੀਜ਼ਨਲ ਟਰਾਂਸਪੋਰਟ ਅਫ਼ਸਰ ਮਨਜੀਤ ਕੌਰ ਅਤੇ ਪੀ ਆਰ ਟੀ ਸੀ ਦੇ ਜਨਰਲ ਮੈਨੇਜਰ ਜਤਿੰਦਰਪਾਲ ਸਿੰਘ ਗਰੇਵਾਲ ਦੇ ਸਹਿਯੋਗ ਨਾਲ ਟ੍ਰੈਫਿਕ ਪੁਲਿਸ ਵੱਲੋਂ ਬੱਸ ਚਾਲਕਾਂ ਨੂੰ ਸੰਘਣੀ ਧੁੰਦ ਦੌਰਾਨ ਵਾਹਨ ਚਲਾਉਂਦੇ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕੰਡਕਟਰਾਂ ਅਤੇ ਡਰਾਇਵਰਾਂ ਨੂੰ ਟ੍ਰੈਫਿਕ ਪੁਲਿਸ ਦੇ ਸੜਕਾਂ ਉਪਰ ਹੋਣ ਵਾਲੇ ਐਕਸੀਡੈਂਟ ਤੋਂ ਬਚਾਓ ਲਈ ਨੁਕਤੇ ਸਾਂਝੇ ਕੀਤੇ ਅਤੇ ਪੀ ਆਰ ਟੀ ਸੀ ਸੰਗਰੂਰ ਡਿੱਪੂ ਦੀਆਂ ਬੱਸਾਂ ਉਪਰ ਰਿਫ਼ਲੈਕਟਰ ਵੀ ਲਗਾਏ ਗਏ। ਇਸ ਸਮੇਂ ਪੀ ਆਰ ਟੀ ਸੀ ਵੱਲੋਂ ਸੁਨੀਤਾ ਰਾਣੀ ਸੁਪਰਡੈਂਟ, ਰਮਨ ਕੁਮਾਰ ਰਿਟਾ: ਏ ਸੀ ਐਫ ਏ,ਗੁਰਬਖਸ਼ ਸਿੰਘ ਚੀਫ਼ ਇੰਸ:, ਹਰਸਿਮਰਤ ਸਿੰਘ ਐਸ ਐਸ ਆਈ, ਗੋਬਿੰਦਰ ਸਿੰਘ ਇੰਚਾ: ਬੱਸ ਅੱਡਾ ਸੰਗਰੂਰ, ਮੱਖਣ ਸਿੰਘ ਡਿਊਟੀ ਇੰਸ: ਅਤੇ ਆਰ.ਟੀ.ਏ. ਦਫ਼ਤਰ ਦੇ ਧਰਵਿੰਦਰ ਸਿੰਘ ਸਟੈਨੋ, ਪਵਨ ਕੁਮਾਰ ਜੂਨੀਅਰ ਸਹਾਇਕ, ਪੰਕਜ ਸ਼ਰਮਾਂ ਜੂਨੀਅਰ ਸਹਾਇਕ, ਗੁਰਜੀਤ ਸਿੰਘ ਏ.ਐਸ.ਆਈ, ਊਧਮ ਸਿੰਘ ਹੈਡ ਕਾਂਸਟੇਬਲ ਅਤੇ ਪੁਲਿਸ ਥਾਣਾ ਸੰਗਰੂਰ ਵੱਲੋਂ ਪਵਨ ਕੁਮਾਰ ਟ੍ਰੈਫ਼ਿਕ ਇੰਚਾ:, ਗੁਰਜੀਤ ਸਿੰਘ ਏ.ਐਸ.ਆਈ ਅਤੇ ਬਲਵਿੰਦਰ ਸਿੰਘ ਏ ਐਸ ਆਈ. ਹਾਜ਼ਰ ਸਨ।

# ਕਿਸਾਨ ਦੇ ਪੈਸੇ ਨਾ ਦੇਣ ਤੇ ਆੜ੍ਹਤੀ ਦੀ ਦੁਕਾਨ ਅੱਗੇ ਧਰਨਾ



**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ 'ਚ ਕਿਸਾਨਾਂ ਨੇ ਪਾਤੜਾਂ ਦੇ ਇੱਕ ਆੜ੍ਹਤੀ 'ਤੇ ਕਿਸਾਨ ਦੇ ਪੈਸੇ ਨਾ ਦੇਣ ਦੇ ਦੋਸ਼ ਲਾਉਂਦਿਆਂ ਦੁਕਾਨ ਅੱਗੇ ਧਰਨਾ ਦਿੱਤਾ ਗਿਆ। ਆੜ੍ਹਤੀ ਨੇ ਕਿਸਾਨਾਂ ਦੀ ਕਾਰਵਾਈ ਨੂੰ ਸਰਾਸਰ ਧੱਕਾ ਦੱਸਦਿਆਂ, ਪਿੰਡ ਦੇ ਇੱਕ ਵਿਅਕਤੀ ਰਾਹੀਂ ਪੈਸੇ ਮੋੜ ਦਿੱਤੇ ਜਾਣ ਦੀ ਗੱਲ ਕਹੀ ਹੈ। ਜਥੇਬੰਦੀ ਦੇ ਬਲਾਕ ਜਰਨਲ ਸਕੱਤਰ ਅਵਤਾਰ ਸਿੰਘ ਨੇ ਦੱਸਿਆ ਕਿ ਪਾਤੜਾਂ ਦੇ ਆੜ੍ਹਤੀ ਕ੍ਰਿਸ਼ਨ ਕੁਮਾਰ ਤੋਂ ਪਿੰਡ ਸ਼ੁਤਰਾਣਾ ਦੇ ਬਜੁਰਗ ਜੋਗਿੰਦਰ ਸਿੰਘ ਨੇ ਬੈਂਕ ਵਿੱਚ ਜਮਾਂ ਕਰਵਾਇਆ 10 ਲੱਖ ਅਤੇ ਇੱਕ ਹੋਰ ਬੈਂਕ ਵਿੱਚ ਕਰਵਾਈ ਐਫ ਡੀ ਤੁੜਵਾ ਕੇ ਕੁੱਲ 20 ਲੱਖ ਰੁਪਏ ਪਿੰਡ ਦੇ ਇੱਕ ਵਿਅਕਤੀ ਨੇ ਵੱਧ ਵਿਆਜ ਦਿਵਾਉਣ ਦਾ ਲਾਲਚ ਦੇ ਕੇ ਜਮਾਂ ਕਰਵਾ ਦਿੱਤੇ ਸਨ। ਉਕਤ ਰਕਮ ਦਾ ਹਿਸਾਬ ਕਰਕੇ 21 ਲੱਖ ਤੋਂ ਵੱਧ ਦੀ ਪਰਚੀ ਵੀ ਦੇ ਕੇ ਪੈਸੇ ਨਹੀਂ ਸੀ ਦੇ ਰਿਹਾ। ਜਥੇਬੰਦੀ ਨਾਲ ਸੰਪਰਕ ਕਰਨ 'ਤੇ ਆੜ੍ਹਤੀ ਨਾਲ ਗੱਲ ਕੀਤੀ। ਇਨਸਾਫ ਨਾ ਮਿਲਦਾ ਦੇਖ ਕੇ ਕਿਸਾਨ ਯੂਨੀਅਨ ਨੇ ਆੜ੍ਹਤੀ ਦੀ ਦੁਕਾਨ ਨੂੰ ਜਿੰਦਰਾ ਲਾਉਣਾ ਪਿਆ। ਆੜ੍ਹਤੀ ਨੇ ਲਏ ਰੁਪਏ ਵਾਪਸ ਕਰਨ ਦੀ ਥਾਂ ਜਿੰਦਰਾ ਤੋੜ ਕੇ ਫਿਰ ਤੋਂ ਦੁਕਾਨ ਖੋਲ੍ਹ ਲਈ ਸੀ। ਫਿਰ ਮਜਬੂਰੀ ਵੱਸ ਧਰਨਾਂ ਦਿੱਤਾ ਗਿਆ ਫੇਰ ਵੀ ਆੜ੍ਹਤੀ ਵੱਲੋਂ ਰੁਪਏ ਦੇਣ ਬਾਰੇ ਕੋਈ ਗੱਲ ਨਹੀ ਕੀਤੀ ਗਈ। ਅਖਰ ਬਜੁਰਗ ਕਿਸਾਨ ਨੂੰ 21 ਲੱਖ ਰੁਪਏ ਦਿਵਾਉਣ ਲਈ ਦੁਕਾਨ ਵਿੱਚ ਜੋਗਿੰਦਰ ਸਿੰਘ ਨੂੰ ਬੈਠਾ ਕੇ ਜਥੇਬੰਦੀ ਨੇ ਧਰਨਾ ਸ਼ੁਰੂ ਦਿੱਤਾ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਧਰਨਾ ਉਸ ਸਮੇ ਤੱਕ ਜਾਰੀ ਰਹੇਗਾ ਜਦੋਂ ਤੱਕ ਜੋਗਿੰਦਰ ਸਿੰਘ ਨੂੰ ਉਸ ਦੇ ਰੁਪਏ ਨਹੀ ਮਿਲ ਜਾਂਦੇ। ਆੜ੍ਹਤੀ ਕ੍ਰਿਸ਼ਨ ਕੁਮਾਰ ਨੇ ਕਿਸਾਨ ਯੂਨੀਅਨ ਵੱਲੋਂ ਕਿਸਾਨ ਦੇ ਰੁਪਏ ਮਾਰਨ ਦੇ ਲਾਏ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਪਿੰਡ ਸ਼ੁਤਰਾਣਾਂ ਦਾ ਰਹਿਣ ਵਾਲਾ ਸੁੱਖਾ ਸਿੰਘ 20 ਲੱਖ ਰੁਪਏ ਰੱਖ ਕੇ ਗਿਆ ਸੀ ਉਸ ਨੇ ਸਮੇਤ ਵਿਆਜ ਸੁੱਖਾ ਸਿੰਘ ਨੂੰ ਦੇ ਦਿੱਤੇ ਸਨ। ਜੋਗਿੰਦਰ ਸਿੰਘ ਵੱਲੋਂ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ ਗਈ ਦਰਖਾਸਤ ਮਗਰੋਂ ਉਨ੍ਹਾਂ ਦੀ ਪਤਨੀ ਨੇ ਹਲਫੀਆ ਬਿਆਨ ਦੇ ਕੇ ਰੁਪਏ ਮਿਲਣ ਦੀ ਗੱਲ ਕਬੂਲ ਕੀਤੀ ਹੈ। ਜਥੇਬੰਦੀਆਂ ਦੇ ਆਗੂਆਂ ਨੂੰ ਸੁੱਖਾ ਸਿੰਘ ਨੇ ਕਿਹਾ ਹੈ ਕਿ ਆੜ੍ਹਤੀ ਤੋਂ ਰੁਪਏ ਲੈ ਕੇ ਉਸ ਨੇ ਜੋਗਿੰਦਰ ਸਿੰਘ ਦੀ ਪਤਨੀ ਨੂੰ ਦਿੱਤੇ ਹਨ। ਪਾਤੜਾਂ ਦੇ ਡੀਐਸਪੀ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਕਿਸਾਨ ਜੋਗਿੰਦਰ ਸਿੰਘ ਵੱਲੋਂ ਦਿੱਤੀ ਗਈ ਦਰਖਾਸਤ 'ਤੇ ਪੜਤਾਲ ਜਾਰੀ ਹੈ। ਛੇਤੀ ਹੀ ਬਣਦੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਨਵੇਂ ਖੇਤੀ ਖਰੜੇ ਵਿਰੁੱਧ 26 ਨੂੰ ਟਰੈਕਟਰ ਮਾਰਚ ਕੱਢਿਆ ਜਾਵੇਗਾ : ਇਕਬਾਲ ਸਿੰਘ



**ਮੋਗਾ ( ਇਕਬਾਲ ਸਿੰਘ ਖਹਿਰਾ)** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ 2 ਮੀਟਿੰਗ ਗੁਰਦੁਆਰਾ ਸਾਹਿਬ ਦੁੱਨੇਕੇ ਵਿਖੇ ਪ੍ਰਧਾਨ ਇਕਬਾਲ ਸਿੰਘ ਸਿੰਘਾਵਾਲਾ ਦੀ ਅਗਵਾਈ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਇਕਬਾਲ ਸਿੰਘ ਸਿੰਘਾਵਾਲਾ ਨੇ ਆਖਿਆ ਕਿ ਲੰਮੇ ਸੰਘਰਸ਼ ਦੌਰਾਨ ਖੇਤੀਬਾੜੀ ਸੰਬੰਧੀ ਤਿੰਨ ਕਾਲੇ ਕਨੂੰਨ ਮੋਦੀ ਸਰਕਾਰ ਨੇ ਵਾਪਸ ਤਾਂ ਲੈ ਲਏ ਪਰ ਉਨ੍ਹਾਂ ਕਾਨੂੰਨਾਂ ਨੂੰ ਹੁਣ ਨਵੇਂ ਖੇਤੀ ਮੰਡੀਕਰਨ ਸਬੰਧੀ ਖਰੜਾ ਤਿਆਰ ਕਰਕੇ ਵੱਖ ਵੱਖ ਰਾਜਾਂ ਨੂੰ ਭੇਜ ਚੁੱਕੀ ਜਿਸਦਾ ਅਸੀਂ ਡਟ ਕੇ ਵਿਰੋਧ ਕਰਦੇਂ ਹਾਂ। ਇਸ ਖਰੜੇ ਵਿੱਚ ਸੈਲੋ ਪਲਾਂਟਾਂ ਤੇ ਕੋਲਡ ਸਟੋਰਾਂ ਨੂੰ ਮੰਡੀ ਦਾ ਦਰਜਾ ਦੇਣ ਦੀ ਗੱਲ ਰੱਖੀ ਗਈ ਹੈ। ਇਸ ਨਾਲ ਮੰਡੀਆਂ ਆੜ੍ਹਤੀਆਂ ਤੇ ਮਾਰਕੀਟ ਕਮੇਟੀਆਂ ਤੇ ਮੰਡੀ ਵਿਚ ਕੰਮ ਕਰਨ ਵਾਲੇ ਮਜਦੂਰਾਂ ਤੇ ਵੱਡਾ ਅਸਰ ਪਵੇਗਾ ਗੱਲ ਕੀ ਇਨ੍ਹਾਂ ਦਾ ਖਾਤਮਾ ਹੋ ਜਾਵੇਗਾ। ਇਸ ਦੇ ਵਿਰੋਧ ਚ ਐਸ ਕੇ ਐਮ ਵੱਲੋਂ 26 ਜਨਵਰੀ ਨੂੰ ਟਰੈਕਟਰ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ ਉਸ ਵਿੱਚ ਵੱਧ ਤੋ ' ਵੱਧ ਹਿੱਸਾ ਲਿਆ ਜਾਵੇ। । ਇਸ ਮੌਕੇ ਤੇ ਬਲਾਕ 2 ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਘੱਲਕਲਾਂ ਤੇ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਸਿੰਘਾਵਾਲਾ ਨੇ ਕਿਹਾ ਕਿ ਕਿ ਬਠਿੰਡਾ ਜਿਲ੍ਹੇ ਦੇ ਪਿੰਡ ਜਿਓਣ ਵਿੱਚ ਜੋ ਕਿਸਾਨਾਂ ਦੀ ਜਮੀਨ ਰਿਕਵਰੀ ਕਰਨ ਦਾ ਮਾਮਲਾ ਅਸੀਂ ਉਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਇਸ ਮੌਕੇ ਤੇ ਖਜਾਨਚੀ ਕਪਤਾਨ ਸਿੰਘ ਦੁੱਨੇਕੇ ਨੇ ਕਿਹਾ ਕਿ ਸੰਘਰਸ਼ਾਂ ਦੇ ਵੱਡੇ ਖਰਚਿਆਂ ਲਈ ਫੰਡ ਇਕੱਠੇ ਕੀਤੇ ਜਾਣ ਤੇ ਪਿਛਲੇ ਇਕੱਠੇ ਹੋਏ ਫੰਡਾਂ ਦਾ ਹਿਸਾਬ ਕਿਤਾਬ ਪਾਰਦਰਸ਼ੀ ਢੰਗ ਨਾਲ ਦੱਸਿਆ ਜਾਵੇ। ਇਸ ਮੌਕੇ ਤੇ ਬਲਾਕ 2 ਮੀਤ ਪ੍ਰਧਾਨ ਸੁਖਜੀਤ ਸਿੰਘ ਲੰਡੇਕੇ, ਗਗਨਦੀਪ ਸਿੰਘ ਡਰੋਲੀ, ਬਾਬੂ ਡਰੋਲੀ, ਭਾਈ ਅੰਗਰੇਜ ਸਿੰਘ ਡਰੋਲੀ, ਭਾਈ ਬਲਦੇਵ ਸਿੰਘ ਡਰੋਲੀ, ਭਾਈ ਬਲਵੰਤ ਸਿੰਘ ਦੁੱਨੇਕੇ, ਸੁਰਜੀਤ ਸਿੰਘ ਦੁੱਨੇਕੇ, ਜਗਜੀਤ ਸਿੰਘ ਮੋਠਾਂਵਾਲੀ, ਬਲਦੇਵ ਸਿੰਘ ਮੋਠਾਂਵਾਲੀ, ਮਹਿੰਦਰਪਾਲ ਸਿੰਘਾਵਾਲਾ, ਅਵਤਾਰ ਸਿੰਘ ਸਿੰਘਾਵਾਲਾ, ਜਸਮੇਲ ਸਿੰਘ, ਜੱਸਾ ਸਿੰਘ, ਭੁਪਿੰਦਰ ਸਿੰਘ, ਪੰਜਾਬ ਸਿੰਘ ਤੇ ਬਲਵੰਤ ਸਿੰਘ ਹਾਜ਼ਰ ਸਨ।

# ਦੋ ਨਸ਼ਾ ਤਸਕਰਾਂ ਹੈਰੋਇਨ ਤੇ ਇੱਕ ਐਕਟਿਵਾ ਸਮੇਤ ਕਾਬੂ



**ਮੋਗਾ, ( ਇਕਬਾਲ ਸਿੰਘ ਖਹਿਰਾ)** ਅਜੇ ਗਾਂਧੀ ਐਸ ਐਸ ਪੀ ਮੋਗਾ ਵੱਲੋਂ ਨਸ਼ਿਆ ਅਤੇ ਨਸ਼ਾ ਤਸਕਰਾਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਬਾਲ ਕ੍ਰਿਸ਼ਨ ਸਿੰਗਲਾ ਪੁਲਸ ਕਪਤਾਨ (ਇੰਨਵੈ), ਰਮਨਦੀਪ ਸਿੰਘ ਉਪ ਕਪਤਾਨ ਪੁਲਸ ਧਰਮਕੋਟ ਅਤੇ ਐਸ ਆਈ ਸੁਨੀਤਾ ਰਾਣੀ ਮੁੱਖ ਅਫਸਰ ਥਾਣਾ ਕੋਟ ਈਸੇ ਖਾਂ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਐਸ ਆਈ ਪੂਰਨ ਸਿੰਘ ਮੋਗਾ ਨੇ ਸਮੇਤ ਸਾਥੀ ਕਰਮਚਾਰੀਆਂ ਦੇ 02 ਨਸ਼ਾਂ ਤਸਕਰਾਂ ਨੂੰ 100 ਗ੍ਰਾਮ ਹੈਰੋਇਨ ਅਤੇ ਇੱਕ ਐਕਟਿਵਾ ਨੰਬਰੀ PB 29 16 7551 ਰੰਗ ਚਿੱਟਾ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ।ਮਿਤੀ 16-01-2025 ਨੂੰ ਐਸ.ਆਈ ਪੂਰਨ ਸਿੰਘ ਮੋਗਾ ਸਮੇਤ ਸਾਥੀ ਕਰਮਚਾਰੀਆ ਦੇ ਬਾ ਸਵਾਰੀ ਸਰਕਾਰੀ ਗੱਡੀ ਰਵਾਨਾ ਇਲਾਕਾ ਥਾਣਾ ਬ੍ਹਾਏ ਨਾਕਾਬੰਦੀ ਪੁਲ ਨਹਿਰ ਨਿਹਾਲਗੜ੍ਹ, ਮੱਖੂ ਰੋਡ, ਕੋਟ ਈਸੇ ਖਾਂ ਮੌਜੂਦ ਸੀ ਤਾਂ ਵਕਤ ਕ੍ਰੀਬ ਸ਼ਾਮ 5:00 ਵਜੇ ਮੱਖੂ ਸਾਈਡ ਦੀ ਤਰਫੋਂ ਇੱਕ ਸਕੂਟਰੀ ਐਕਟਿਵਾ ਰੰਗ ਚਿੱਟਾ ਨੰਬਰੀ PB 29 16 7551 ਆਈ ਜਿਸ ਪਰ 02 ਮੋਨੇ ਨੌਜਵਾਰ ਸਵਾਰ ਸਨ ਜੋ ਐਕਟਿਵਾ ਚਾਲਕ ਸਾਹਮਣੇ ਤੋਂ ਪੁਲਸ ਪਾਰਟੀ ਖੜੀ ਦੇਖ ਕੇ ਘਬਰਾ ਕੇ ਇੱਕ ਦਮ ਆਪਣੀ ਐਕਟਿਵਾ ਨਹਿਰ ਦੀ ਪੂਰਬ ਦਿਸ਼ਾਂ ਦੀ ਪਟਵੀ ਵੱਲ ਮੋੜ ਦਿੱਤੀ, ਜੋ ਪਟੜੀ ਪਰ ਰੋੜੇ ਅਤੇ ਹੋਰ ਇੱਟਾਂ ਵਗੈਰਾ ਪਈਆਂ ਹੋਦ ਕਾਰਨ ਐਕਟਿਵਾ ਸਲਿੱਪ ਹੋਣ ਕਰਕੇ ਜਮੀਨ ਪਰ ਡਿੱਗ ਗਈ, ਤਾਂ ਪੁਲਸ ਪਾਰਟੀ ਹਰਕਤ ਵਿੱਚ ਆਂਈ ਅਤੇ ਉਕਤ ਨੌਜਵਾਨਾਂ ਨੂੰ ਕਾਬੂ ਕਰਕੇ ਉਹਨਾਂ ਦਾ ਨਾਮ ਪਤਾ ਪੁੱਛਿਆ,ਜਿਸਤੇ ਐਕਟਿਵਾ ਚਾਲਕ ਨੇ ਆਪਣਾ ਨਾਮ ਮੋਹਿਤ ਪੁੱਤਰ ਜਗਤਾਰ ਸਿੰਘ ਪੁੱਤਰ ਹਰੀ ਰਾਮ ਵਾਸੀ ਮਕਾਨ ਨੰਬਰ 646, ਵਾਰਡ ਨੰਬਰ 30, ਬੇਰੀਆਂ ਵਾਲਾ ਮੁਹੱਲਾਂ ਮੋਗਾ ਅਤੇ ਦੂਸਰੇ ਨੌਜਵਾਨ ਨੇ ਆਪਣਾ ਨਾਮ ਲਵਪ੍ਰੀਤ ਸਿੰਘ ਉਰਫ ਲਵ ਪੁੱਤਰ ਗੁਰਮੇਲ ਸਿੰਘ ਉਰਫ ਗੋਲਾ ਪੁੱਤਰ ਜੋਗਿੰਦਰ ਸੰਘ ਵਾਸੀ ਪੱਤੀ ਬਾਬਾ ਜੀਵਨ ਸਿੰਘ ਰਾਮੂੰਵਾਲਾ ਕਲਾਂ,ਮੋਗਾ ਦੱਸਿਆ, ਜਿਹਨਾਂ ਪਾਸੋਂ ਕੁੱਲ 100 ਗ੍ਰਾਮ ਹੈਰੋਇੰਨ ਬ੍ਰਾਮਦ ਕਰਕੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। ਜਿਸਨੂੰ ਅਦਾਲਤ ਵਿੱਚ ਪੇਸ਼ ਅਦਾਲਤ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ।

# ਹਰਜਸ ਸਕੂਲ ਝੜੌਦੀ ਵਿਖੇ ਸੱਭਿਆਚਾਰ ਪ੍ਰੋਗਰਾਮ ਆਗਾਜ਼ 2025 ਦਾ ਆਯੋਜਨ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)** - ਨੇੜਲੇ ਪਿੰਡ ਝੜੌਦੀ ਵਿਖੇ ਸਥਿਤ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਚ ਸੱਭਿਆਚਾਰ ਸਮਾਗਮ ਆਗਾਜ਼-2025 ਕਰਵਾਇਆ ਗਿਆ ਜਿਸ ਦੀ ਸ਼ੁਰੂਆਤ ਸਰਪ੍ਰਸਤ ਗੁਰਚਰਨ ਸਿੰਘ ਨੇ ਸ਼ਮਾਂ ਰੋਸ਼ਨ ਕਰਕੇ ਕੀਤੀ। ਸਕੂਲ ਪ੍ਰਬੰਧਕ ਪਰਮਜੀਤ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਰਸਭਿੰਨਾ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਕੋਆਰਡੀਨੇਟਰ ਹਰਮੀਤ ਕੌਰ ਨੇ ਪੁੱਜੇ ਮਹਿਮਾਨਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਸਵਾਗਤ ਕੀਤਾ। ਸਕੂਲ ਵਿਦਿਆਰਥਣਾਂ ਅਮਨਦੀਪ ਸੈਣੀ ਅਤੇ ਅਮਨਦੀਪ ਕੌਰ ਨੇ ਵੱਖ-ਵੱਖ ਵੰਨਗੀਆਂ ਦਾ ਵਿਸਥਾਰ ਦੱਸਦਿਆਂ ਉਨ੍ਹਾਂ ਨੂੰ ਪੇਸ਼ ਕੀਤਾ। ਹਾਸਰਸ ਤੇ ਸੰਦੇਸ਼ ਭਰਪੂਰ ਸਕਿੱਟ ਥਾਣੇਦਾਰ ਕੜਾਕਾ ਸਿੰਘ ਨੇ ਦਰਸ਼ਕਾਂ ਤੋਂ ਖੂਬ ਤਾੜੀਆਂ ਬਟੋਰੀਆਂ। ਪੰਜਾਬ ਦੇ ਪ੍ਰਮੁੱਖ ਨਾਚ ਗਿੱਧਾ, ਭੰਗੜਾ, ਸੰਮੀ, ਲੁੱਡੀ ਸਮੇਤ ਹਰਿਆਣਾ, ਹਿਮਾਚਲ ਤੇ ਰਾਜਸਥਾਨੀ ਵੰਨਗੀਆਂ ਦੀਆਂ ਪੇਸ਼ਕਾਰੀਆਂ ਨੇ ਦਰਸ਼ਕਾਂ ਨੂੰ ਕੀਲ ਕੇ ਬਿਠਾਈ ਰੱਖਿਆ। ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਪੁੱਜੇ ਕਾਂਗਰਸ ਪਾਰਟੀ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਸੇਵਾਮੁਕਤ ਐੱਸਐੱਚਓ ਹਰਜਿੰਦਰ ਸਿੰਘ ਭਾਗੋਵਾਲ, ਪ੍ਰਸਿੱਧ ਮੋਟੀਵੇਟਰ ਵਰੁਣ ਲਾਂਬਾ ਅਤੇ ਜਸਵੰਤ ਸਿੰਘ ਨੇ ਵਿਦਿਆਰਥੀਆਂ ਵਲੋਂ ਕੀਤੀ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਆਪਣੇ ਸੱਭਿਆਚਾਰ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਸਮਾਗਮ ਦੇ ਅੰਤ 'ਚ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਅਤੇ ਵਾਈਸ ਪ੍ਰਿੰਸੀਪਲ ਮੈਡਮ ਬੰਦਰਾ ਪਰਿਹਾਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਮੁੱਖ ਮਹਿਮਾਨਾਂ ਦਾ ਧੰਨਵਾਦ ਪ੍ਰਗਟ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਮਾਸਟਰ ਸਤੀਸ਼ ਕੁਮਾਰ ਨੇ ਬਾਖੂਬੀ ਨਿਭਾਈ। ਇਸ ਮੌਕੇ ਦੀਪਾ ਬਾਬਾ ਜੀ ਫਲਾਹੀ ਵਾਲੇ, ਬਾਬਾ ਨਛੱਤਰ ਸਿੰਘ ਜੀ ਹੇਡੋਂ ਬੇਟ, ਸਰਪੰਚ ਅਮਰੀਕ ਸਿੰਘ, ਨੰਬਰਦਾਰ ਦਿਆਲ ਸਿੰਘ, ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਪ੍ਰਿੰਸੀਪਲ ਦਰਸ਼ਨ ਲਾਲ ਜੈਨ, ਕੁਸਮ ਤਿਵਾੜੀ, ਸੁਰਜੀਤ ਸਿੰਘ, ਬਲਜਿੰਦਰ ਸਿੰਘ, ਇੰਦਰਜੀਤ ਸਿੰਘ, ਜਸਦੇਵ ਸਿੰਘ, ਗੁਰਦੀਪ ਸਿੰਘ, ਭੁਪਿੰਦਰ ਕਪੂਰ, ਰਣਵੀਰ ਸਿੰਘ, ਮਨਦੀਪ ਸਿੰਘ, ਨਿਰੰਜਨ ਸੂਖਮ, ਅਮਰੀਕ ਸਿੰਘ, ਬਲਾਕ ਕਾਂਗਰਸ ਮੀਡੀਆ ਇੰਚਾਰਜ ਵਿਨੀਤ ਕੁਮਾਰ ਝੜੌਦੀ, ਪਰਮਜੀਤ ਕੌਰ ਸੈਣੀ, ਗੁਰਮੀਤ ਸਿੰਘ ਭਾਊ, ਕੈਪਟਨ ਜੋਗਿੰਦਰ ਸਿੰਘ, ਸੁੱਖਾ ਸਿੰਘ, ਮਨਜੀਤ ਸਿੰਘ ਸੋਨੀ, ਕੁਲਦੀਪ ਚੰਦ ਰੂਪਾ, ਅਵਤਾਰ ਸਿੰਘ ਤਾਰੀ, ਸੁਖਬੀਰ ਸਿੰਘ ਸੁੱਖਾ (ਸਾਰੇ ਸਰਪੰਚ), ਸਮਾਜ ਸੇਵੀ ਅੰਮ੍ਰਿਤਪਾਲ ਸਮਰਾਲਾ, ਸੁਖਵਿੰਦਰ ਸਿੰਘ ਰਿੰਕਾ, ਸਹਾਇਕ ਥਾਣੇਦਾਰ ਡਿੰਪਲ, ਹੈਂਡ ਕਾਂਸਟੇਬਲ ਰਾਜ ਕੌਰ, ਗੀਤਕਾਰ ਅਨਿਲ ਫਤਿਹਗੜ੍ਹ ਜੱਟਾਂ, ਬਿੰਦਰ ਰਹੀਮਾਬਾਦ, ਗੁਰਮੇਲ ਸਿੰਘ, ਭੁਪਿੰਦਰ ਸਿੰਘ ਨੀਟਾ ਸਮਰਾਲਾ, ਕੋਚ ਸਦਬਿਲਹਾਰ ਕੰਗ ਤੇ ਗੁਰਪ੍ਰੀਤ ਗੋਪਨ ਵੀ ਮੌਜੂਦ ਸਨ।

# ਸੁਭਾਸ਼ ਮੰਡੀ 'ਚ ਵਪਾਰੀਆਂ ਨੇ ਸਾਂਝੇ ਤੌਰ 'ਤੇ ਲਗਾਇਆ ਲੰਗਰ



**ਬਾਘਾ ਪੁਰਾਣਾ, (ਮਨੀ ਸਿਗਲਾ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਘ ਦੇ ਮਹੀਨੇ ਨੂੰ ਸਮਰਪਿਤ ਸਥਾਨਕ ਸ਼ਹਿਰ ਦੇ ਨਿਹਾਲ ਸਿੰਘ ਵਾਲਾ ਰੋਡ ਉਪਰ ਸਥਿਤ ਸੁਭਾਸ਼ ਮੰਡੀ ਵਿਚ ਵਪਾਰੀਆਂ ਵੱਲੋਂ ਸਰਬਤ ਦੇ ਭਲੇ ਲਈ ਪੂਰੀਆਂ ਅਤੇ ਮਿਕਸ ਸਬਜੀ ਦਾ ਵੱਡੇ ਪੱਧਰ ਤੇ ਲੰਗਰ ਲਗਾਇਆ ਗਿਆ। ਇਸ ਮੌਕੇ ਬਲਵਿੰਦਰ ਗਰਗ, ਬਿੱਟੂ ਮਿੱਤਲ, ਕ੍ਰਿਸ਼ਨ ਗਰਗ, ਪ੍ਰਧਾਨ ਪਵਨ ਗੋਇਲ, ਕਮਲ ਕਿਸ਼ੋਰ ਵਰਗ, ਰਾਜ ਕੁਮਾਰ ਗੋਇਲ, ਸਤੀਸ਼ ਕੁਮਾਰ ਗਰਗ, ਬਾਊ ਨਰੇਸ਼ ਮਿੱਤਲ, ਰਾਜ ਕੁਮਾਰ ਗੋਇਲ ਕੋਇਲੇ ਵਾਲੇ, ਠਾਕਰ ਦਾਸ ਮਿੱਤਲ, ਗੁਰਦੀਪ ਬਰਾੜ, ਸੋਮਨਾਥ ਗਰਗ, ਦਵਿੰਦਰ ਚੀਕਾਂ, ਵਿਪਨ ਮਿੱਤਲ , ਸੁਰਿੰਦਰ ਅਤੇ ਹੋਰਨਾਂ ਨੇ ਵੀ ਲੰਗਰ ਦੀ ਸੇਵਾ ਵੱਧ ਚੜ੍ਹ ਕੇ ਕੀਤੀ। ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਉਕਤ ਵਪਾਰੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਰ ਸਾਲ ਮਾਘੀ ਮਹੀਨੇ ਨੂੰ ਸਮਰਪਿਤ ਲੰਗਰ ਸਾਂਝੇ ਤੌਰ 'ਤੇ ਲਗਾਇਆ ਜਾਂਦਾ ਹੈ ਅਤੇ ਇਹ ਲੰਗਰ ਸਾਰਿਆਂ ਦੇ ਸਹਿਯੋਗ ਨਾਲ ਹੀ ਲਗਾਇਆ ਜਾਂਦਾ ਹੈ।

# ਜ਼ਿਲ੍ਹਾ ਵਿਕਾਸ ਯੋਜਨਾ ਤਹਿਤ ਕਹੇਰੂ ਨੂੰ ਪੰਜ ਲੱਖ ਮਿਲਿਆ : ਗੋਲਡੀ ਕਹੇਰੂ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਜਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ ਨੇ ਇਸ ਪ੍ਰਤੀਨਿੰਧ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਕਹੇਰੂ ਦੇ ਵਿਕਾਸ ਲਈ 15ਵੇਂ ਵਿੱਤ ਕਮਿਸ਼ਨ ਸਕੀਮ ਤਹਿਤ ਜ਼ਿਲ੍ਹਾ ਪ੍ਰੀਸ਼ਦ ਸੰਗਰੂਰ ਵੱਲੋਂ ਪੰਜ ਲੱਖ ਰੁਪੈ ਗਰਾਮ ਪੰਚਾਇਤ ਕਹੇਰੂ ਨੂੰ ਰਿਲੀਜ਼ ਕਰ ਦਿੱਤਾ ਗਿਆ ਹੈ, ਜਿਸ ਤਹਿਤ ਪਿੰਡ ਵਿੱਚ ਬਰਮਾ ਤੇ ਇੰਟਰਲਾਕਿੰਗ, ਜਿੰਮ ਵਾਲੇ ਕਮਰੇ ਦੀਆਂ ਖਿੜਕੀਆਂ, ਪਿੰਡ ਵਿਚਲੀ ਸੜਕ ਤੇ ਇੰਟਰਲਾਕਿੰਗ ਅਤੇ ਗਲੀ ਨੂੰ ਪੱਕਾ ਕਰਨ ਦਾ ਕੰਮ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਰਹਿੰਦੇ ਕੰਮਾਂ ਸੰਬੰਧੀ ਵੀ ਸਰਕਾਰ ਨੂੰ ਜਾਣੂ ਕਰਵਾਇਆ ਗਿਆ ਹੈ।

20-Jan-PAGE-11.qxd 1/19/2025 8:50 PM Page 1



# ਪੁਲਸ ਤੇ ਗੈਂਗਸਟਰਾਂ ਵਿਚਾਲੇ ਗੋਲੀਬਾਰੀ, ਇੱਕ ਜ਼ਖ਼ਮੀ

**ਜਲੰਧਰ (ਸ਼ੈਲੀ ਐਲਬਰਟ)**

ਜਲੰਧਰ ਸਿਟੀ ਪੁਲਸ ਅਤੇ ਪੰਜਾਬ ਦੇ ਸਪੈਸ਼ਲ ਸੈੱਲ ਦਾ ਕੁਖਿਆਤ ਗੈਂਗਸਟਰ ਵਿੱਕੀ ਗੌਂਡਰ ਦੇ ਸਾਥੀਆਂ ਵਿਚਕਾਰ ਇੱਕ ਮੁਕਾਬਲਾ ਹੋਇਆ। ਇਸ ਦੌਰਾਨ ਇੱਕ ਗੈਂਗਸਟਰ ਜ਼ਖ਼ਮੀ ਹੋ ਗਿਆ ਅਤੇ ਉਸ ਦੇ ਦੋ ਸਾਥੀਆਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਪੁਲਸ ਦੀ ਗੋਲੀ ਗੈਂਗਸਟਰ ਦੀ ਲੱਤ 'ਤੇ ਲੱਗੀ। ਇਹ ਪੁਲਸ ਮੁਕਾਬਲਾ ਅੱਜ ਸਵੇਰੇ ਲਗਭਗ 10.10 ਵਜੇ ਸਿਟੀ ਸਦਰ ਥਾਣੇ ਅਧੀਨ ਪੈਂਦੇ ਪਿੰਡ ਜਮਸ਼ੇਰ ਖੇੜਾ ਨੇੜੇ ਹੋਇਆ। ਜਿਥੇ ਸਪੈਸ਼ਲ ਸੈੱਲ ਦੀ ਟੀਮ ਮੁਲਜ਼ਮਾਂ ਨੂੰ ਹਥਿਆਰ ਬਰਾਮਦ ਕਰਨ ਲਈ ਲੈ ਗਈ ਸੀ। ਦੋਵਾਂ ਪਾਸਿਆਂ ਤੋਂ ਕੁੱਲ 8 ਗੋਲੀਆਂ ਚਲਾਈਆਂ ਗਈਆਂ। ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਕੁਝ ਦਿਨ ਪਹਿਲਾਂ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹਰਪ੍ਰੀਤ ਖੇੜਾ ਨੂੰ ਗ੍ਰਿਫ਼ਤਾਰ ਕੀਤਾ ਸੀ। ਕਾਬੂ ਕੀਤੇ ਗਏ ਇਨ੍ਹਾਂ ਬਦਮਾਸ਼ਾਂ ਤੋਂ ਹਥਿਆਰਾਂ ਦੀ ਰਿਕਵਰੀ ਲੈਣ ਲਈ ਲਿਜਾਇਆ ਜਾ ਰਿਹਾ ਸੀ। ਮੁਲਜ਼ਮ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਪੁਲਸ ਨੇ ਦੋ ਹੋਰ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ।ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਥਾਣਾ ਭਾਰਗੋ ਕੈਂਪ ਜਲੰਧਰ ਵਿਖੇ ਐਫ.ਆਈ.ਆਰ. ਦਰਜ ਕਰਕੇ 8 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਇਕ ਰਿਵਾਲਵਰ (.38 ਬੋਰ) ਇੱਕ ਰਿਵਾਲਵਰ (.32 ਬੋਰ) ਅਤੇ ਮੈਗਜ਼ੀਨ ਸਮੇਤ ਪੰਜ ਪਿਸਤੌਲ (.32 ਬੋਰ) ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਪੁਲਸ ਨੇ ਹਰਪ੍ਰੀਤ ਸਿੰਘ ਨੂੰ ਵੀ ਨਾਮਜ਼ਦ ਕੀਤਾ ਸੀ, ਜਿਸ ਨੂੰ ਪੁਲਸ ਨੇ 15 ਜਨਵਰੀ ਨੂੰ ਕਾਬੂ ਕਰ ਲਿਆ ਸੀ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਕਿ ਗੌਂਡਰ ਗੈਂਗ ਦੇ ਦੋ ਖ਼ੌਫ਼ਨਾਕ ਗੈਂਗਸਟਰ ਯੁੱਧਵੀਰ ਸਿੰਘ ਅਤੇ ਕਰਨਪ੍ਰੀਤ ਸਿੰਘ ਨਜਾਇਜ਼ ਹਥਿਆਰ ਲੈ ਕੇ ਜਾ ਰਹੇ ਸਨ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਸਰਵਿਸ ਰੋਡ, ਵੇਰਕਾ ਮਿਲਕ ਪਲਾਂਟ ਦੇ ਨਜ਼ਦੀਕ ਟਿਕਾਣੇ 'ਤੇ ਛਾਪਾ ਮਾਰਿਆ ਅਤੇ ਦੋਵਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਕਬਜ਼ੇ 'ਚੋਂ ਪੁਲਸ ਨੇ ਇਕ ਦੇਸੀ ਪਿਸਤੌਲ 315 ਬੋਰ, ਇਕ .32 ਬੋਰ ਦਾ ਪਿਸਤੌਲ, ਚਾਰ ਕਾਰਤੂਸ ਅਤੇ ਇਕ ਕਾਰ ਬੋਲੈਰੋ ਬਰਾਮਦ ਕੀਤੀ ਹੈ। ਜਾਂਚ ਦੌਰਾਨ ਸਵਪਨ ਸ਼ਰਮਾ ਨੇ ਦੱਸਿਆ ਕਿ ਪਤਾ ਲੱਗਾ ਹੈ ਕਿ ਫੜੇ ਗਏ ਦੋਨਾਂ ਨੇ ਇਹ ਨਜਾਇਜ਼ ਹਥਿਆਰ ਪਹਿਲਾਂ ਤੋਂ ਫੜੇ ਗਏ ਵਿਅਕਤੀ ਹਰਪ੍ਰੀਤ ਸਿੰਘ ਉਰਫ਼ ਪੇਡਾ ਤੋਂ ਲਏ ਸਨ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਐਤਵਾਰ ਨੂੰ ਹਰਪ੍ਰੀਤ ਸਿੰਘ ਕੋਲੋਂ ਹਥਿਆਰਾਂ ਦੀ ਬਰਾਮਦਗੀ ਦੌਰਾਨ ਉਸ ਨੇ ਪੁਲਸ ਪਾਰਟੀ 'ਤੇ ਗੋਲੀ ਚਲਾ ਦਿੱਤੀ। ਉਨ੍ਹਾਂ ਕਿਹਾ ਕਿ ਜਵਾਬੀ ਕਾਰਵਾਈ ਕਰਦਿਆਂ ਪੁਲਸ ਪਾਰਟੀ ਨੇ ਜਵਾਬੀ ਗੋਲੀਬਾਰੀ ਕੀਤੀ, ਜਿਸ ਦੌਰਾਨ ਹਰਪ੍ਰੀਤ ਸਿੰਘ ਜ਼ਖ਼ਮੀ ਹੋ ਗਿਆ। ਸਵਪਨ ਸ਼ਰਮਾ ਨੇ ਦੱਸਿਆ ਕਿ ਉਸ ਦੇ ਕਬਜ਼ੇ 'ਚੋਂ 2 ਪਿਸਤੌਲ (.32 ਬੋਰ) ਸਮੇਤ ਮੈਗਜ਼ੀਨ ਅਤੇ 100 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਅਤੇ ਉਸ ਵਿਰੁੱਧ ਜ਼ਬਰਦਸਤੀ, ਲੁੱਟ-ਖੋਹ, ਨਸ਼ੀਲੇ ਪਦਾਰਥਾਂ ਅਤੇ ਕਤਲ ਦੀ ਕੋਸ਼ਿਸ਼ ਦੇ ਕਈ ਮੁਕੱਦਮੇ ਦਰਜ ਹਨ।



# ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਗੁਰਦਾਸਪੁਰ ਜ਼ਿਲ੍ਹਾ ਕਮੇਟੀ ਦੀ ਮੀਟਿੰਗ

**ਗੁਰਦਾਸਪੁਰ (ਜਨਕ ਮਹਾਜਨ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਗੁਰਦਾਸਪੁਰ ਜ਼ਿਲ੍ਹਾ ਕਮੇਟੀ ਮੀਟਿੰਗ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਮੀਟਿੰਗ ਉਪਰੰਤ ਦੇਸ਼ ਦੀ ਮੌਜੂਦਾ ਰਾਜਨੀਤਕ ਅਵਸਥਾ ਬਾਰੇ ਬੋਲਦਿਆਂ ਕਿਹਾ ਕਿ ਮੋਦੀ ਸਰਕਾਰ ਆਪਣੇ ਤੀਜੇ ਕਾਰਜਕਾਲ ਦੌਰਾਨ ਵੀ ਦੇਸ਼ ਦੇ ਹਰੇਕ ਵਰਗ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਨੌਜਵਾਨ ਲੜਕੇ- ਲੜਕੀਆਂ ਤੇ ਛੋਟੇ ਕਾਰੋਬਾਰੀਆਂ ਲਈ ਤਬਾਹੀ ਦਾ ਕਾਰਨ ਬਣੀਆਂ ਸਾਮਰਾਜੀ ਪੱਖੀ ਅਡਾਨੀ ਅੰਬਾਨੀ ਜਿਹੇ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮਾਲਾਮਾਲ ਕਰਨ ਵਾਲੀਆਂ ਆਰਥਿਕ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਨ ਦੇ ਨਾਲ ਨਾਲ ਦੇਸ਼ ਅੰਦਰ ਭਾਈਚਾਰਕ ਸਾਂਝ ਨੂੰ ਫਿਰਕੂ ਫਾਸ਼ੀਵਾਦ ਲੀਹਾਂ 'ਤੇ ਵੰਡਣ ਤੇ ਘੱਟ ਗਿਣਤੀ ਫਿਰਕਿਆਂ ਵਿੱਚ ਡਰ ਪੈਦਾ ਕਰਨ ਲਈ ਬੜੇ ਯੋਜਨਾਬੱਧ ਢੰਗ ਨਾਲ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇਸ਼ ਲਈ ਗੰਭੀਰ ਬਣਦੀ ਜਾ ਰਹੀ ਸਥਿਤੀ ਬੇਹੱਦ ਚਿੰਤਾ ਦਾ ਵਿਸ਼ਾ ਹੈ, ਇਸ ਲੋਕ ਵਿਰੋਧੀ ਤੇ ਦੇਸ਼ ਵਿਰੋਧੀ ਵਰਤਾਰੇ ਨੂੰ ਰੋਕਣ ਲਈ ਖੱਬੀਆਂ ਤੇ ਜਮਹੂਰੀਅਤ ਪਸੰਦ ਧਿਰਾਂ ਨੂੰ ਇਕਜੁੱਟ ਹੋ ਕੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦਣਾ ਪਵੇਗਾ।ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਦੇ ਅਜ਼ਾਦੀ ਬਾਰੇ ਦਿੱਤੇ ਬਿਆਨ ਕਿ ਦੇਸ਼ ਵਾਸੀਆਂ ਨੂੰ ਅਜ਼ਾਦੀ ਅਸਲ 2024 ਵਿੱਚ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਮੌਕੇ ਮੋਦੀ ਸਰਕਾਰ ਨੇ ਦਿਵਾਈ ਹੈ, ਮੋਹਨ ਭਾਗਵਤ ਦੇ ਇਸ ਅਤਿ ਨਿੰਦਣਯੋਗ ਬਿਆਨ ਬਾਰੇ ਪ੍ਰਤੀ ਕਿਰਿਆ ਦਿੰਦਿਆਂ ਕਾਮਰੇਡ ਪਾਸਲਾ ਨੇ ਕਿਹਾ ਕਿ ਅਸਲ ਵਿੱਚ ਮੋਹਨ ਭਾਗਵਤ ਨੇ ਉਹਨਾਂ ਲੱਖਾਂ ਸੂਰਬੀਰ ਯੋਧਿਆਂ ਤੇ ਅਜ਼ਾਦੀ ਘੁਲਾਟੀਆਂ ਦਾ ਅਪਮਾਨ ਕੀਤਾ ਹੈ ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰੀਆਂ ਤੇ ਅਜ਼ਾਦੀ ਲਈ ਬੇਸ਼ੁਮਾਰ ਤਸੀਹੇ ਝੱਲ ਕੇ ਦੇਸ਼ ਨੂੰ ਅਜ਼ਾਦ ਕਰਾਇਆ। ਮੀਟਿੰਗ ਦੀ ਹੋਰ ਜਾਣਕਾਰੀ ਦਿੰਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਆਰ ਐਮ ਪੀ ਆਈ ਵਲੋਂ 25 ਫਰਵਰੀ ਨੂੰ ਜਲੰਧਰ ਵਿਖੇ ਵਿਸ਼ਾਲ ਰਾਜਨੀਤਕ ਰੈਲੀ ਵਿੱਚ ਗੁਰਦਾਸਪੁਰ ਜ਼ਿਲ੍ਹੇ ਤੋਂ ਦੋ ਹਜ਼ਾਰ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਾਉਣ ਲਈ ਤਹਿਸੀਲ ਪੱਧਰ 'ਤੇ ਮੀਟਿੰਗਾਂ ਕਰਕੇ ਬੇਰੋਕ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ, ਨਸ਼ਾ ਤੇ ਮਾਈਨਿੰਗ ਮਾਫੀਆ, ਭਗਵੰਤ ਮਾਨ ਸਰਕਾਰ ਦੇ ਰਾਜ ਵਿੱਚ ਵਿਗੜੀ ਕਾਨੂੰਨ ਵਿਵਸਥਾ ਦੀ ਉਦਾਹਰਨ ਦਰਜਨਾਂ ਨਸ਼ਾ ਮਾਫੀਆ ਦੇ ਗੁੰਡਿਆਂ ਨੇ ਜਿਸ ਦੀ ਪੁਸ਼ਤ ਪਨਾਹੀ ਹਾਕਮ ਪਾਰਟੀ ਦੇ ਹਲਕਾ ਵਿਧਾਇਕ, ਪਿੰਡ ਦੇ ਸਰਪੰਚ ਅਤੇ ਪੰਜਾਬ ਪੁਲਸ ਦੀ ਖਾਮੋਸ਼ੀ ਦੀ ਤਾਜ਼ਾ ਮਿਸਾਲ ਪਿਛਲੇ ਦਿਨੀਂ 9-10 ਜਨਵਰੀ ਦੀ ਦਰਮਿਆਨੀ ਰਾਤ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਾਨ ਸਿੰਘ ਵਾਲਾ ਵਿਖੇ ਸੱਤ ਅੱਠ ਗਰੀਬ ਪਰਵਾਰਾਂ ਦੇ ਮੈਂਬਰਾਂ ਦੀ ਬੁਰੀ ਤਰ੍ਹਾਂ ਬਹੁਤ ਜ਼ਿਆਦਾ ਕੁੱਟਮਾਰ ਕੀਤੀ, ਉਹਨਾਂ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਅੱਗ ਲਾ ਕੇ ਉਹਨਾਂ ਦੇ ਘਰਾਂ ਦਾ ਸਾਰਾ ਸਮਾਨ ਤੇ ਮਕਾਨਾਂ ਨੂੰ ਸਾੜਿਆ ਗਿਆ। ਪਰਵਾਰਾਂ ਦਾ ਕਸੂਰ ਕੇਵਲ ਇਹ ਸੀ ਕਿ ਉਹਨਾਂ ਕਿਹਾ ਕਿ ਸਾਡੇ ਮੁਹੱਲੇ ਨਸ਼ਾ ਨਾ ਵੇਚਿਆ ਜਾਵੇ। ਇਸ ਬੇਇਨਸਾਫ਼ੀ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਵਿਰੁੱਧ ਫੌਰੀ ਤੌਰ ਕਾਰਵਾਈ ਕੀਤੀ ਜਾਵੇ ਅਤੇ ਪੀੜਤਾਂ ਨੂੰ ਯੋਗ ਮੁਆਵਜ਼ਾ ਦੇ ਕੇ ਮੁੜੇ ਵਸੇਬੇ ਦੀ ਮੰਗ ਕੀਤੀ। ਸਿੱਖਿਆ, ਸਿਹਤ ਸਹੂਲਤਾਂ, ਸਰਕਾਰੀ ਰਾਸ਼ਨ ਡਿਪੂਆਂ ਰਾਹੀਂ ਘਰੇਲੂ ਵਰਤੋਂ ਦੀਆਂ ਜ਼ਰੂਰੀ ਵਸਤਾਂ ਘੱਟ ਕੀਮਤ 'ਤੇ ਮੁਹੱਈਆ ਕਰਨ ਅਤੇ ਸਥਾਨਕ ਪੱਧਰ ਦੀਆਂ ਮੰਗਾਂ ਤੇ ਲੋਕਾਂ ਨੂੰ ਜਾਗਰੂਕ ਕਰਨ ਦਾ ਫੈਸਲਾ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕਾਮਰੇਡ ਰਘਬੀਰ ਸਿੰਘ ਪਕੀਵਾਂ, ਧਿਆਨ ਸਿੰਘ ਠਾਕੁਰ, ਮੱਖਣ ਸਿੰਘ ਕੁਹਾੜ, ਹਰਿੰਦਰ ਸਿੰਘ ਰੰਧਾਵਾ, ਅਜੀਤ ਸਿੰਘ ਠੱਕਰਸੰਧੂ, ਅਵਤਾਰ ਸਿੰਘ, ਸੰਤੋਖ ਸਿੰਘ ਔਲਖ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਗੁਰਦਿਆਲ ਸਿੰਘ ਸੋਹਲ, ਅਜੀਤ ਸਿੰਘ ਹੁੰਦਲ, ਜਸਵੰਤ ਸਿੰਘ ਬੁੱਟਰ, ਅਬਿਨਾਸ਼ ਸਿੰਘ, ਬਲਦੇਵ ਰਾਜ ਭੋਆ, ਕਪੂਰ ਸਿੰਘ ਘੁੰਮਣ, ਬਲਕਾਰ ਚੰਦ ਭਰਿਆਲ ਲਾਹੜੀ ਅਤੇ ਹੋਰ ਸਾਥੀ ਹਾਜ਼ਰ ਸਨ।



# ਕਾਦੀਆਂ ਬੇਟ ਇਲਾਕੇ ਦੀਆਂ ਸੜਕਾਂ ਦੀ ਹਾਲਤ ਤਰਸਯੋਗ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਵਿਧਾਨ ਸਭਾ ਹਲਕਾ ਕਾਦੀਆਂ ਦੇ ਬਲਾਕ ਕਾਹਨੂੰਵਾਨ ਦੇ ਬੇਟ ਖੇਤਰ ਦੀਆਂ ਸੜਕਾਂ ਦੀ ਤਰਸਯੋਗ ਹਾਲਤ ਨੂੰ ਲੈ ਕੇ ਲੋਕ ਬਹੁਤ ਪਰੇਸ਼ਾਨ ਹਨ ਅਤੇ ਸਭ ਤੋਂ ਵੱਧ ਪਰੇਸ਼ਾਨੀ ਬੇਟ ਖੇਤਰ ਦੇ ਗੰਨਾ ਉਤਪਾਦਕ ਕਿਸਾਨਾਂ ਨੂੰ ਝੱਲਣੀ ਪੈ ਰਹੀ ਹੈ ਕਿਉਂਕਿ ਇਸ ਵੇਲੇ ਗੰਨੇ ਦਾ ਸੀਜ਼ਨ ਹੋਣ ਕਾਰਨ ਕਿਸਾਨ ਆਪਣੀ ਗੰਨੇ ਦੀ ਫਸਲ ਮੰਡੀਆਂ ਵਿੱਚ ਲੈ ਕੇ ਜਾ ਰਹੇ ਹਨ ਪਰ ਸੜਕਾਂ ਦੀ ਤਰਸਯੋਗ ਹਾਲਤ ਕਾਰਨ ਇਹ ਗੰਨਾ ਕਾਸ਼ਤਕਾਰ ਕਿਸਾਨ ਕਾਫੀ ਪਰੇਸ਼ਾਨ ਹਨ, ਕਿਉਂਕਿ ਸੜਕਾਂ ਦੇ ਵਿਚਕਾਰ ਡੂੰਘੇ ਤੇ ਵੱਡੇ ਵੱਡੇ ਟੋਏ ਪਏ ਹੋਏ ਹਨ, ਜਿਸ ਕਾਰਨ ਕਿਸਾਨਾਂ ਨੂੰ ਟਰਾਲੀਆਂ ਦੇ ਉੱਪਰ ਗੰਨਾ ਲੈ ਜਾਣਾ ਬਹੁਤ ਮੁਸ਼ਕਲ ਹੋ ਰਿਹਾ ਹੈ। ਕਿਸਾਨਾਂ ਦੀ ਇਸ ਮੁਸ਼ਕਲ ਨੂੰ ਲੈ ਕੇ ਅੱਜ ਵਿਧਾਨ ਸਭਾ ਹਲਕਾ ਕਾਦੀਆਂ ਦੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਬੇਟ ਖੇਤਰ ਵਿੱਚੋਂ ਲੰਘਦੀਆਂ ਸੜਕਾਂ ਦਾ ਮੁਆਇਨਾ ਕਰਦਿਆਂ ਹੋਇਆਂ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਇਲਾਕੇ ਦੀਆਂ ਖਸਤਾ ਹਾਲਤ ਹੋ ਚੁੱਕੀਆਂ ਸੜਕਾਂ ਦੀ ਮਰੰਮਤ ਜਲਦ ਤੋਂ ਜਲਦ ਕਰਵਾ ਕੇ ਕਿਸਾਨਾਂ ਨੂੰ ਰਾਹਤ ਦਿੱਤੀ ਜਾਵੇ। ਅਕਾਲੀ ਆਗੂ ਨੇ ਬੇਟ ਖੇਤਰ ਦੀਆਂ ਸੜਕਾਂ ਦੀ ਮੁਰੰਮਤ ਨਾ ਹੋਣ ਨੂੰ ਲੈ ਕੇ ਆਪਣੇ ਸਾਥੀਆਂ ਸਮੇਤ ਮੌਜੂਦਾ ਸੱਤਾਧਾਰੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਮੰਗ ਕੀਤੀ ਕਿ ਇਹਨਾਂ ਸੜਕਾਂ ਦੀ ਜਲਦ ਤੋਂ ਜਲਦ ਮੁਰੰਮਤ ਕੀਤੀ ਜਾਵੇ। ਉਹਨਾਂ ਨਾਲ ਹੀ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਹਨਾਂ ਸੜਕਾਂ ਦੀ ਮੁਰੰਮਤ ਜਲਦ ਨਾ ਕਰਵਾਈ ਤਾਂ ਦੋ ਮਹੀਨਿਆਂ ਤੋਂ ਬਾਅਦ ਉਹ ਸਰਕਾਰ ਨੂੰ ਇਸ ਮੁੱਦੇ ਉੱਤੇ ਹਾਈ ਕੋਰਟ ਵਿੱਚ ਘਸੀਟਣਗੇ। ਇਸ ਮੌਕੇ ਉਹਨਾਂ ਦੇ ਨਾਲ ਭਾਰੀ ਗਿਣਤੀ 'ਚ ਇਲਾਕੇ ਦੇ ਲੋਕ ਹਾਜ਼ਰ ਸਨ।



# ਦਿਨ-ਦਿਹਾੜੇ ਸੁਨਿਆਰੇ ਦੀ ਦੁਕਾਨ 'ਤੇ ਡਾਕਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਸਥਾਨਕ ਸ਼ਹਿਰ ਅਜਨਾਲਾ ਦੇ ਮੇਨ ਬਜ਼ਾਰ ਵਿੱਚ ਸਥਿਤ ਦੀਪਕ ਜਿਊਲਰਜ਼ ਦੀ ਦੁਕਾਨ 'ਤੇ ਦਿਨ ਦਿਹਾੜੇ ਡਾਕਾ ਪੈਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨ ਮਾਲਕ ਕੁਲਦੀਪ ਸਿੰਘ ਉਰਫ਼ ਦੀਪਕ ਨੇ ਦੱਸਿਆ ਕਿ ਉਹ ਆਪਣੀ ਦੁਕਾਨ 'ਤੇ ਗਾਹਕਾਂ ਵੱਲੋਂ ਆਏ ਸੋਨੇ ਅਤੇ ਚਾਂਦੀ ਦੇ ਗਹਿਣੇ ਪਾਲਿਸ਼ ਕਰ ਰਿਹਾ ਸੀ, ਜਿਸ ਦੌਰਾਨ ਅਚਾਨਕ ਦੋ ਵਿਅਕਤੀ ਅੰਦਰ ਆਏ, ਜਿਨ੍ਹਾਂ ਨੇ ਰਿਵਾਲਵਰ ਦਿਖਾ ਕੇ ਜਾਨੋਂ ਮਾਰਨ ਦੀ ਧਮਕੀ ਦਿੰਦਿਆਂ ਕਿਹਾ ਕਿ ਜੋ ਕੁਝ ਹੈ ਸਾਡੇ ਹਵਾਲੇ ਕਰ ਦਿਓ ਅਤੇ ਕਾਊਂਟਰ ਤੇ ਅਲਮਾਰੀ ਵਿੱਚ ਪਏ ਸੋਨੇ ਦੇ ਗਹਿਣੇ ਜਿਸ ਵਿੱਚ ਕਰੀਬ 13 ਤੋਲੇ ਸੋਨਾ ਅਤੇ 6 ਕਿਲੋ ਚਾਂਦੀ ਸਮੇਤ 50 ਹਜ਼ਾਰ ਦੀ ਨਗਦੀ ਲੁੱਟ ਕੇ ਫਰਾਰ ਹੋ ਗਏ। ਘਟਨਾ ਵਾਪਰਨ ਤੋਂ ਬਾਅਦ ਪੁਲਸ ਥਾਣਾ ਅਜਨਾਲਾ ਦੇ ਮੁੱਖ ਅਫਸਰ ਸਤਪਾਲ ਸਿੰਘ ਵੱਲੋਂ ਘਟਨਾ ਸਥਾਨ 'ਤੇ ਪਹੁੰਚ ਕੇ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਇਸ ਦੁਕਾਨ 'ਤੇ ਆਪਣੀ ਬੇਟੀ ਦੇ ਵਿਆਹ ਲਈ ਸੋਨਾ ਬਣਾਉਣ ਆਏ ਇੱਕ ਗਾਹਕ ਨੇ ਦੱਸਿਆ ਕਿ ਉਹਨਾਂ ਦੀ ਬੇਟੀ ਦੀ ਮੈਰਿਜ ਸੀ ਅਤੇ ਉਹਨਾਂ ਦਾ ਤਕਰੀਬਨ ਸਾਡੇ ਛੇ ਤੋਲੇ ਸੋਨਾ ਸੀ ਜੋ ਕਿ ਲੁਟੇਰੇ ਨਾਲ ਲੈ ਗਏ। ਤਕਰੀਬਨ 13 ਤੋਲੇ ਸੋਨਾ ਛੇ ਕਿਲੋ ਚਾਂਦੀ ਦੋਨਾਂ ਦੀ ਕੀਮਤ ਤਕਰੀਬਨ 17 ਲੱਖ ਬਣਦੀ ਹੈ। ਪੁਲਸ ਆਪਣੀ ਤਫਤੀਸ਼ ਵਿੱਚ ਅਤੇ ਸੀ ਸੀ ਟੀ ਵੀ ਕੈਮਰੇ ਖੰਗਾਲਣ ਵਿੱਚ ਜੁਟ ਚੁੱਕੀ ਹੈ।



# ਇਨੋਸੈਂਟ ਹਾਰਟਸ ਵਿਖੇ ਦਿਲ ਨੂੰ ਛੂਹਣ ਵਾਲਾ ਵਿਦਾਇਗੀ ਸਮਾਰੋਹ

**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ, ਨੇ ਆਪਣੇ ਗ੍ਰੇਡ 12 ਦੇ ਵਿਦਿਆਰਥੀਆਂ ਨੂੰ ਭਾਵਨਾਵਾਂ, ਯਾਦਾਂ ਅਤੇ ਜਸ਼ਨਾਂ ਨਾਲ ਭਰੇ ਸ਼ਾਨਦਾਰ ਸਮਾਰੋਹ 'ਹਸਤਾ-ਲਾ-ਵਿਸਤਾ' ਦੇ ਨਾਲ ਇੱਕ ਸ਼ਾਨਦਾਰ ਵਿਦਾਈ ਦਿੱਤੀ। ਇਸ ਸਮਾਗਮ 'ਚ ਸਤਿਕਾਰਯੋਗ ਪ੍ਰਬੰਧਕੀ ਮੈਂਬਰ ਸ੍ਰੀਮਤੀ ਸ਼ੈਲੀ ਬੌਰੀ (ਐਗਜ਼ੀਕਿਊਟਿਵ ਡਾਇਰੈਕਟਰ ਸਕੂਲਜ਼), ਸ੍ਰੀਮਤੀ ਅਰਾਧਨਾ ਬੌਰੀ (ਐਗਜ਼ੀਕਿਊਟਿਵ ਡਾਇਰੈਕਟਰ ਕਾਲਜ) ਅਤੇ ਡਾ. ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ ਐੱਸ ਆਰ), ਸ੍ਰੀਮਤੀ ਗੁਰਵਿੰਦਰ ਕੌਰ (ਡਿਪਟੀ ਡਾਇਰੈਕਟਰ ਸਕੂਲ, ਅਕੈਡਮਿਕ ਅਤੇ ਇਗਜ਼ਾਮਿਨੇਸ਼ਨ), ਸ੍ਰੀਮਤੀ ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ ਕਲਚਰ ਅਫੇਅਰ), ਰਾਹੁਲ ਜੈਨ (ਡਿਪਟੀ ਡਾਇਰੈਕਟਰ ਸਕੂਲ ਅਤੇ ਕਾਲਜ) ਅਤੇ ਪ੍ਰਿੰਸੀਪਲ ਰਾਜੀਵ ਪਾਲੀਵਾਲ ਹਾਜ਼ਰ ਸਨ। ਸਮਾਰੋਹ ਦੀ ਸ਼ੁਰੂਆਤ ਨਿੱਘੇ ਸੁਆਗਤ ਨਾਲ ਹੋਈ, ਇਸ ਤੋਂ ਬਾਅਦ ਆਊਟਗੋਇੰਗ ਬੈਚ ਨੂੰ ਅਲਵਿਦਾ ਕਹਿਣ ਲਈ ਇੱਕ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਈਵੈਂਟ ਦੀ ਖਾਸ ਗੱਲ ਮਾਡਲਿੰਗ ਸੈਗਮੈਂਟ ਸੀ, ਜਿੱਥੇ ਗ੍ਰੇਡ 12 ਦੇ ਵਿਦਿਆਰਥੀਆਂ ਨੇ ਆਪਣੀ ਖ਼ੂਬਸੂਰਤੀ ਅਤੇ ਸੁਹਜ ਨਾਲ ਦਰਸਕਾਂ ਦਾ ਮਨ ਮੋਹ ਲਿਆ। ਡਾ. ਪਲਕ ਗੁਪਤਾ ਬੌਰੀ ਅਤੇ ਸ੍ਰੀਮਤੀ ਮਾਨਸੀ ਖੋਸਲਾ ਨੇ ਸਮਾਗਮ ਦੀ ਜੱਜਮੈਂਟ ਕੀਤੀ। ਇਸ ਸਮਾਗਮ ਵਿੱਚ ਵਿਦਿਆਰਥੀਆਂ ਨੂੰ ਅਲੱਗ ਅਲੱਗ ਉਪਾਧੀਆਂ ਦਿੱਤੀਆਂ ਗਈਆਂ। ਮੁੰਡਿਆਂ 'ਚ ਮਿਸਟਰ ਇੰਨੋਸੈਂਟ: ਅਭਿਨਵ, ਬੈਸਟ ਹੇਅਰ ਸਟਾਈਲ : ਅਗਮ ਜੈਨ, ਬੈਸਟ ਅਪੇਅਰੰਸ : ਅਰਸ਼ਿਤ, ਬੈਸਟ ਹੈਂਡਸਮ ਹੰਕ: ਰਣਵੀਰ ਅਤੇ ਕੁੜੀਆਂ 'ਚ ਮਿਸ ਇਨੋਸੈਂਟ: ਗੁਰਮੰਨਤ, ਬੈਸਟ ਹੇਅਰ ਸਟਾਈਲ: ਗੁਲਵੀਨ, ਬੈਸਟ ਅਪੇਅਰੰਸ : ਦਿਆ ਖੰਨਾ, ਬੈਸਟ ਹੈਂਡਸਮ ਹੰਕ : ਵੇਨੀਕਾ ਜੈਨ ਸੀ। ਇਸ ਮੌਕੇ ਯੋਗ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਪਰਫੈਕਟ ਅਟੈਂਡਸ : ਸਮਾਇਰਾ ਅਤੇ ਜਪਲੀਨ ਕੌਰ ਵੈਲ ਡਿਸਿਪਲੈਂਡ : ਰਿਜੁਲ ਵਰਮਾ ਅਤੇ ਅਦਿਤਿਆ ਗੋਇਲ, ਵੈਲ ਗਰੂਮਡ : ਛਵੀ ਸੁਨੇਜਾ ਅਤੇ ਏਕਮਪ੍ਰੀਤ ਕੌਰ ਕੰਪਿਊਟਰ ਮਾਈਸਟਰੋ: ਦਿਸ਼ਿਆ ਜੈਨ ਅਤੇ ਗੌਤਮ ਪ੍ਰਿੰਸੀਪਲ, ਰਾਜੀਵ ਪਾਲੀਵਾਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਭਵਿੱਖ ਦੀਆਂ ਚੁਣੌਤੀਆਂ ਨੂੰ ਉਤਸਾਹ ਅਤੇ ਦ੍ਰਿੜ ਇਰਾਦੇ ਨਾਲ ਸਵੀਕਾਰ ਕਰਨ ਲਈ ਪ੍ਰੇਰਿਤ ਕੀਤਾ।



# ਨਵੋਦਿਆ ਵਿਦਿਆਲਿਆ ਦਾਖ਼ਲਾ ਪ੍ਰੀਖਿਆ ਸਫਲਤਾ-ਪੂਰਵਕ ਸੰਪੰਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਨਵੋਦਿਆ ਵਿਦਿਆਲਿਆ ਦਾਖਲੇ ਦੀ ਪ੍ਰੀਖਿਆ ਸਫਲਤਾ ਪੂਰਵਕ ਸੰਪੰਨ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ: ਜਗਵਿੰਦਰ ਸਿੰਘ ਨੇ ਦੱਸਿਆ ਕਿ ਅੱਜ ਨਵੋਦਿਆ ਵਿਦਿਆਲਿਆ ਵਿੱਚ ਦਾਖਲੇ ਦੀ ਪ੍ਰੀਖਿਆ ਲਈ ਗਈ ਹੈ ਜਿਸ ਲਈ ਸਾਰੇ ਜ਼ਿਲ੍ਹੇ ਵਿੱਚ 11 ਸੈਂਟਰ ਬਣਾਏ ਗਏ ਸਨ। ਉਨ੍ਹਾਂ ਦੱਸਿਆ ਕਿ ਇਸ ਦਾਖ਼ਲਾ ਪ੍ਰੀਖਿਆ ਵਿੱਚ ਕੁੱਲ 3094 ਵਿਦਿਆਰਥੀਆਂ ਵਿੱਚੋਂ 2522 ਵਿਦਿਆਰਥੀ ਅਪੀਅਰ ਹੋਏ ਅਤੇ 572 ਗੈਰਹਾਜ਼ਰ ਰਹੇ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਹ ਪ੍ਰੀਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਵੋਦਿਆ ਵਿਦਿਆਲਿਆ ਵਿੱਚ ਮੁਫ਼ਤ ਪੜ੍ਹਾਈ ਤੇ ਹੋਰ ਸਹੂਲਤਾਂ ਮਿਲਣਗੀਆਂ ਤਾਂ ਜੋ ਉਹ ਉੱਚ ਵਿੱਦਿਆ ਪ੍ਰਾਪਤ ਕਰ ਸਕਣ। ਇਸ ਦੌਰਾਨ ਸਿੱਖਿਆ ਅਧਿਕਾਰੀਆਂ ਵੱਲੋਂ ਵੱਖ-ਵੱਖ ਸੈਂਟਰਾਂ 'ਚ ਵਿਜ਼ਟ ਕਰਕੇ ਚੱਲ ਰਹੀ ਪ੍ਰੀਖਿਆ ਦਾ ਜਾਇਜ਼ਾ ਲਿਆ। ਇਸ ਦੌਰਾਨ ਡੀ ਈ ਓ ਦਫ਼ਤਰ ਤੋਂ ਡਿਪਟੀ ਡੀ ਈ ਓ ਡਾ. ਅਨਿਲ ਸ਼ਰਮਾ, ਪ੍ਰਿੰਸੀਪਲ ਨਰੇਸ਼ ਕੁਮਾਰ, ਅਮਨ ਗੁਪਤਾ ਤੇ ਪ੍ਰਦੀਪ ਅਰੋੜਾ ਵੀ ਹਾਜ਼ਰ ਸਨ।



# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਜ਼ਿਲ੍ਹਾ ਪੱਧਰੀ ਇਕੱਤਰਤਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਗੁਰਦਾਸਪੁਰ ਦੀ ਜ਼ਿਲ੍ਹਾ ਪੱਧਰੀ ਇੱਕ ਸਵੈ-ਪੜਚੋਲ ਸਬੰਧੀ ਨਵੇਂ ਸਾਲ ਦੀ ਪਲੇਠੀ ਵਿਸ਼ੇਸ਼ ਇਕੱਤਰਤਾ ਜ਼ਿਲ੍ਹਾ ਪ੍ਰਧਾਨ ਜਵੰਦ ਸਿੰਘ ਦੀ ਪ੍ਰਧਾਨਗੀ ਹੇਠ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਹੋਈ। ਇਕੱਤਰਤਾ ਦੀ ਕਾਰਵਾਈ ਆਰੰਭ ਕਰਦਿਆਂ ਜਨਰਲ ਸਕੱਤਰ ਸਵਿੰਦਰ ਸਿੰਘ ਔਲਖ ਵੱਲੋਂ ਨਵੇਂ ਸਾਲ ਦੀ ਆਮਦ ਨੂੰ ਜੀ ਆਇਆਂ ਆਖਿਆ ਅਤੇ ਸਮੂਹ ਸਮਾਜਕ ਭਾਈਚਾਰੇ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਕੱਤਰਤਾ ਦੀ ਕਾਰਵਾਈ ਆਰੰਭ ਕਰਦਿਆਂ ਪਿਛਲੇ ਸਮੇਂ ਮਨਾਏ ਗਏ ਪੈਨਸ਼ਨਰ ਦਿਹਾੜੇ ਦੇ ਸਮਾਗਮ ਦੀ ਨਜ਼ਰਸਾਨੀ ਕੀਤੀ ਗਈ ਜਿਸ ਸਬੰਧੀ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਰਹਿ ਗਈਆਂ ਕੁਝ ਘਾਟਾਂ ਕਮਜ਼ੋਰੀਆਂ 'ਤੇ ਉਂਗਲ ਵੀ ਰੱਖੀ ਗਈ। ਕੁੱਲ ਮਿਲਾ ਕੇ ਸਮਾਗਮ ਨੂੰ ਸਫਲ ਕਰਾਰ ਦਿੰਦਿਆਂ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਆਉਂਦੇ ਸਮੇਂ ਦੌਰਾਨ ਪ੍ਰੋਗਰਾਮ ਨੂੰ ਹੋਰ ਖ਼ੂਬਸੂਰਤ ਬਣਾਉਣ ਦਾ ਅਹਿਦ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਵੰਦ ਸਿੰਘ ਨੇ ਆਪਣੀ ਟੀਮ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਸ਼ਾਬਾਸ਼ ਦਿੱਤੀ ਅਤੇ ਪੰਜਾਬ ਸਰਕਾਰ ਵੱਲ ਰੁਖ ਕਰਦਿਆਂ ਉਨ੍ਹਾਂ ਸਰਕਾਰ ਦੇ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਪ੍ਰਤੀ ਰਵੱਈਏ ਦੀ ਜ਼ੋਰਦਾਰ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਿੱਥੇ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਾਸਤੇ ਅੱਠਵਾਂ ਤਨਖਾਹ ਕਮਿਸ਼ਨ ਬਣਾਉਣ ਨੂੰ ਮਨਜ਼ੂਰੀ ਦਿੱਤੀ ਜਾ ਰਹੀ ਹੈ ਓਥੇ ਪੰਜਾਬ ਸਰਕਾਰ ਹੁਣ ਤੱਕ ਛੇਵੇਂ ਤਨਖਾਹ ਕਮਿਸ਼ਨ ਦੀਆਂ ਰਹਿ ਗਈਆਂ ਘਾਟਾਂ ਕਮਜ਼ੋਰੀਆਂ ਦੂਰ ਕਰਨ ਵਿੱਚ ਵੀ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ। ਇਸ ਮੌਕੇ ਮੱਖਣ ਕੁਹਾੜ ਵੱਲੋਂ ਵੀ ਅਜੋਕੀ ਲੱਕ ਤੋੜ ਮਹਿੰਗਾਈ ਦੌਰਾਨ ਪੰਜਾਬ ਸਰਕਾਰ ਵੱਲੋਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨੂੰ ਰੋਕੀ ਰੱਖਣ ਨੂੰ ਮੰਦਭਾਗਾ ਆਖਿਆ ਗਿਆ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਫੌਰੀ ਜਾਰੀ ਕਰਨ ਦੇ ਨਾਲ ਨਾਲ ਛੇਵੇਂ ਪੇ ਕਮਿਸ਼ਨ ਦੀਆਂ ਤਰੁੱਟੀਆਂ ਵੀ ਬਿਨਾਂ ਦੇਰ ਕੀਤਿਆਂ ਦੂਰ ਕਰਨ ਅਤੇ ਕੜਾਕੇ ਦੀ ਠੰਢ ਵਿੱਚ ਬੈਠੇ ਕੰਪਿਊਟਰ ਅਧਿਆਪਕਾਂ ਦੇ ਮਸਲੇ ਵੀ ਹੱਲ ਕਰਨ ਦੀ ਮੰਗ ਕੀਤੀ ਗਈ। ਵਿੱਤ ਸਕੱਤਰ ਸੁਰੇਸ਼ ਸ਼ਰਮਾ ਵੱਲੋਂ ਪਿਛਲੇ ਸਾਲ ਦੀ ਆਮਦਨ ਅਤੇ ਖਰਚੇ ਦਾ ਲੇਖਾ ਪੇਸ਼ ਕੀਤਾ ਗਿਆ। ਇਸ ਤੋਂ ਮਗਰੋਂ ਪਿਛਲੇ ਸਮੇਂ ਦੌਰਾਨ ਇਸ ਫਾਨੀ ਸੰਸਾਰ ਤੋਂ ਅਲਵਿਦਾ ਹੋਏ ਸਾਥੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਜਿਹੜੇ ਹੋਰ ਬੁਲਾਰਿਆਂ ਨੇ ਵਿਚਾਰ ਪੇਸ ਕੀਤੇ ਉਨ੍ਹਾਂ ਵਿੱਚ ਸਰਵ ਸ੍ਰੀ ਸਵਿੰਦਰ ਔਲਖ, ਸੁਰੇਸ਼ ਸ਼ਰਮਾ, ਮੰਗਤ ਚੰਚਲ, ਅਵਿਨਾਸ਼ ਸਿੰਘ, ਪਿਆਰਾ ਸਿੰਘ ਡਡਵਾਂ, ਅਮਰਜੀਤ ਸੈਣੀ, ਵਿਨੋਦ ਸਰਮਾ, ਸੇਵਾ ਸਿੰਘ, ਸਾਧੂ ਰਾਮ, ਪ੍ਰੇਮ ਕੁਮਾਰ ਅਤੇ ਕਪੂਰ ਸਿੰਘ ਘੁੰਮਣ ਦੇ ਨਾਂ ਸ਼ਾਮਲ ਹਨ।



# ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੇ ਦਰਬਾਰ ਦਾ ਨੀਂਹ ਪੱਥਰ ਰੱਖਿਆ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**

ਪਿੰਡ ਵਾਸੀਆਂ ਅਤੇ ਕੋਟਲੀ ਵਸਾਵਾ ਸਿੰਘ ਦੀਆਂ ਬਹਿਕਾਂ ਵਿੱਚ ਰਹਿੰਦੇ ਲੋਕਾਂ ਨੇ ਇਕੱਠੇ ਹੋ ਕੇ ਆਪਣੇ ਪਿੰਡ ਵਿਚ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੇ ਦਰਬਾਰ ਬਣਾਉਣ ਲਈ ਗੁਰਦੁਆਰਾ ਝਾੜ ਸਾਹਿਬ ਤੋਂ ਸੰਤ ਬਾਬਾ ਕੁਲਦੀਪ ਸਿੰਘ ਨੂੰ ਸੱਦ ਕੇ ਉਹਨਾ ਤੋਂ ਨੀਂਹ ਪੱਥਰ ਰਖਾਇਆ ਅਤੇ ਸਾਰੇ ਪਿੰਡ ਵਾਸੀਆਂ ਨੇ ਤਨੋ ਮਨੋ ਸੇਵਾ ਕਰਨ ਦਾ ਪ੍ਰਣ ਲਿਆ। ਪਿੰਡ ਤੋਂ ਬਾਹਰ ਦੀਆ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਇਸ ਗੁਰਦੁਆਰੇ ਦੀ ਵੱਧ ਤੋਂ ਵੱਧ ਸੇਵਾ ਕੀਤੀ ਜਾਵੇ। ਇਸ ਮੌਕੇ ਜੋਗਿੰਦਰ ਸਿੰਘ ਨੇ ਕਿਹਾ ਕਿ ਅਸੀਂ ਇੱਥੇ ਬਹਿਕਾਂ ਵਾਲੇ ਸੇਵਾ ਕਰਵਾ ਰਹੇ ਹਾਂ। ਅਸੀਂ ਬਾਹਰਲੀਆਂ ਸੰਗਤਾਂ ਨੂੰ ਹੱਥ ਜੋੜ ਕੇ ਅਪੀਲ ਕਰਦੇ ਹਾਂ ਕਿ ਸਾਡਾ ਸਾਥ ਦੇਣ ਲਈ ਆਪਣੇ ਕੋਲੋਂ ਜੋ ਵੀ ਸਰਦਾ ਬਣਦਾ ਹੋਵੇ, ਇੱਥੇ ਦਰਬਾਰ ਵਾਸਤੇ ਸੀਮੈਂਟ, ਰੇਤ, ਬਜਰੀ, ਸਰੀਆ ਅਤੇ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਦੂਲ ਸਿੰਘ, ਬਲਵਿੰਦਰ ਸਿੰਘ, ਗੁਰਚਰਨ ਸਿੰਘ, ਸੁਖਚੈਨ ਸਿੰਘ ਗ੍ਰੰਥੀ, ਜਰਨੈਲ ਸਿੰਘ, ਪ੍ਰਗਟ ਸਿੰਘ, ਆਲਮਪਰੀਤ ਸਿੰਘ, ਧਰਮਪ੍ਰੀਤ ਸਿੰਘ, ਸੁਖਚੈਨ ਸਿੰਘ ਸ਼ਾਹ, ਹਰਜਿੰਦਰ ਸਿੰਘ ਆਲ ਇੰਡੀਆ ਕਿਸਾਨ ਸਭਾ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਬਹਾਦਰ ਨਗਰ ਆਦਿ ਹਾਜ਼ਰ ਸਨ।

# ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਗਣਤੰਤਰ ਦਿਵਸ ਸਮਾਗਮ ਦੀ ਪਹਿਲੀ ਰਿਹਰਸਲ

**ਗੁਰਦਾਸਪੁਰ, (ਜਨਕ ਮਹਾਜਨ)**

ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਅੱਜ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਪਹਿਲੀ ਰਿਹਰਸਲ ਕਰਵਾਈ ਗਈ। ਇਸ ਰਿਹਰਸਲ ਦੌਰਾਨ ਵੱਖ-ਵੱਖ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਗਣਤੰਤਰ ਦਿਵਸ ਸਮਾਗਮ ਮੌਕੇ ਪੇਸ਼ ਕੀਤੇ ਜਾਣ ਵਾਲੇ ਦੇਸ਼ ਭਗਤੀ ਤੇ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਕੀਤੀ ਗਈ। ਇਸ ਰਿਹਰਸਲ ਦਾ ਨਿਰੀਖਣ ਕਰਨ ਲਈ ਸਹਾਇਕ ਕਮਿਸ਼ਨਰ (ਜ) ਅਦਿੱਤਿਆ ਗੁਪਤਾ ਤੇ ਐੱਸ.ਡੀ.ਐੱਮ ਗੁਰਦਾਸਪੁਰ ਮਨਜੀਤ ਸਿੰਘ ਰਾਜਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਪੇਸ਼ਕਾਰੀਆਂ ਨੂੰ ਦੇਖਿਆ ਅਤੇ ਉਨ੍ਹਾਂ ਦੇ ਸੁਧਾਰ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਸਹਾਇਕ ਕਮਿਸ਼ਨਰ (ਜ) ਅਦਿੱਤਿਆ ਗੁਪਤਾ ਨੇ ਕਿਹਾ ਕਿ 26 ਜਨਵਰੀ ਨੂੰ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ, ਜਿਸ ਵਿਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਣਤੰਤਰ ਦਿਵਸ ਸਮਾਗਮ ਵਿਚ ਸਾਰੇ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਹਾਜ਼ਰੀ ਲਾਜ਼ਮੀ ਹੈ ਅਤੇ ਸਾਰੇ ਆਪਣਾ ਫ਼ਰਜ਼ ਸਮਝਦੇ ਹੋਏ ਗਣਤੰਤਰ ਦਿਵਸ ਸਮਾਗਮ ਵਿਚ ਸ਼ਾਮਲ ਹੋਣ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਗਣਤੰਤਰ ਦਿਵਸ ਸਮਾਗਮ ਵਿਚ ਸ਼ਾਮਲ ਹੋ ਕੇ ਰੌਣਕਾਂ ਨੂੰ ਵਧਾਉਣ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਅਦਿੱਤਿਆ ਗੁਪਤਾ ਨੇ ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਹਰ ਵਿਭਾਗ ਆਪਣੇ ਜ਼ਿੰਮੇ ਆਈ ਡਿਊਟੀ ਨੂੰ ਸਮੇਂ ਤੋਂ ਪਹਿਲਾਂ ਮੁਕੰਮਲ ਕਰ ਲਵੇ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਮੌਕੇ ਪੇਸ਼ ਕੀਤੀਆਂ ਜਾਣ ਵਾਲੀਆਂ ਝਾਕੀਆਂ ਵਿਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਵਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਦਰਸਾਇਆ ਜਾਵੇ ਅਤੇ ਇਸ ਸਬੰਧੀ ਤਿਆਰੀ ਵੀ ਮੁਕੰਮਲ ਕਰ ਲਈ ਜਾਵੇ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇ।



# ਗਊਸ਼ਾਲਾ ਵਿਖੇ ਗਊ ਭਲਾਈ ਕੈਂਪ ਲਗਾਇਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਸਰਹਾਲੀ ਕਲਾਂ ਦੇ ਸੰਤ ਬਾਬਾ ਤਾਰਾ ਸਿੰਘ ਜੀ ਯਾਦਗਾਰੀ ਗਊਸ਼ਾਲਾ ਵਿਖੇ ਪਸ਼ੂ ਪਾਲਣ ਵਿਭਾਗ ਤਾਰਨ ਤਾਰਨ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਗਊ ਭਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ ਡਿਪਟੀ ਡਾਇਰੈਕਟਰ ਮਨੀਸ਼ ਕੁਮਾਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਗਊ ਸੇਵਾ ਕਮਿਸ਼ਨ ਪੰਜਾਬ ਦੇ ਸਹਿਯੋਗ ਨਾਲ ਡਾਕਟਰਾਂ ਦੀ ਟੀਮ ਪਹੁੰਚੀ। ਕੈਂਪ ਵਿੱਚ ਐਸ.ਵੀ.ਓ ਡਾ. ਸੰਦੀਪ ਸਿੰਘ, ਵੈਟਰਨਰੀ ਅਫਸਰ ਡਾ. ਜਗਜੀਤ ਸਿੰਘ, ਡਾ. ਸੁਖਪ੍ਰੀਤ ਕੌਰ, ਡਾ. ਮਨਦੀਪ ਕੌਰ, ਡਾ. ਸਰਤਾਜ ਸਿੰਘ , ਵੀ.ਆਈ ਕਸ਼ਮੀਰ ਸਿੰਘ, ਸੁਰਿੰਦਰ ਪਾਲ ਸਿੰਘ, ਇਸ਼ਾਂਤ ਜੁਨੇਜਾ ਆਦਿ ਨੇ ਸ਼ਮੂਲੀਅਤ ਕਰ ਆਪਣੇ ਵਿਚਾਰ ਪੇਸ਼ ਕੀਤੇ ਅਤੇ ਗਊਆਂ ਦੀ ਸੇਵਾ ਲਈ 25 ਹਜ਼ਾਰ ਦੀਆਂ ਦਵਾਈਆਂ ਮੁਹਈਆ ਕਰਾਈਆਂ ਅਤੇ ਬਿਮਾਰ ਗਊਆਂ ਦਾ ਇਲਾਜ ਵੀ ਕੀਤਾ। ਇਸ ਮੌਕੇ ਗਊਸ਼ਾਲਾ ਦੇ ਪ੍ਰਬੰਧਕ ਬਾਬਾ ਜਰਨੈਲ ਸਿੰਘ, ਸਰਪੰਚ ਬਲਕਾਰ ਸਿੰਘ ਲਾਡੀ , ਸਮਾਜ ਸੇਵੀ ਅਰਜੁਨ ਸੰਧੂ, ਨਿਸ਼ਾਨ ਸਿੰਘ ਮੈਂਬਰ ਪੰਚਾਇਤ, ਜਗਮੋਹਨ ਸਿੰਘ, ਡਿਪਟੀ ਜਥੇਦਾਰ ਬੀਰਾ ਸਿੰਘ, ਹੈਡ ਗ੍ਰੰਥੀ ਬਾਬਾ ਤਰਸੇਮ ਸਿੰਘ, ਗ੍ਰੰਥੀ ਰਜਿੰਦਰ ਸਿੰਘ ਰਾਜੂ, ਬਲਵਿੰਦਰ ਸਿੰਘ ਨਾਗੋਵਾਲੀਆ, ਟੋਨੀ ਜੱਲੇਵਾਲ, ਹਰਜਿੰਦਰ ਸਿੰਘ ਭੋਰਾ, ਬਾਬਾ ਚੰਨਾ, ਬਲਦੇਵ ਸਿੰਘ ਦੇਬਾ, ਭਾਈ ਮਸਤਾਨਾ ਪਹੁੰਚੇ। ਇਸ ਮੌਕੇ ਸੰਤ ਬਾਬਾ ਸੁੱਖਾ ਸਿੰਘ ਵੱਲੋਂ ਸਾਰੀ ਸੰਗਤ ਨੂੰ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਦੇ ਵਿੱਚ ਇਸ ਤਰੀਕੇ ਦੇ ਹੋਰ ਉਪਰਾਲੇ ਵੀ ਕੀਤੇ ਜਾਣਗੇ ਤੇ ਗਊ ਸੇਵਾ ਲਈ ਹਮੇਸ਼ਾ ਉਹ ਹਾਜ਼ਰ ਰਹਿਣਗੇ। ਸਾਰੇ ਪਿੰਡ ਵਾਸੀਆਂ ਦਾ ਇਸ ਸਹਿਯੋਗ ਲਈ ਉਹਨਾਂ ਵੱਲੋਂ ਧੰਨਵਾਦ ਕੀਤਾ ਗਿਆ।



# ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ 'ਚ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿੱਚ ਬਲਾਕ ਨੋਡਲ ਅਫਸਰ ਵਿਜੈ ਕੁਮਾਰ ਅਤੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਦੀ ਅਗਵਾਈ ਹੇਠ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਬਲਾਕ ਵਿੱਚ ਪੈਂਦੇ 15 ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਦੌਰਾਨ ਜੱਜ ਦੀ ਭੂਮਿਕਾ ਪ੍ਰਦੀਪ ਕੁਮਾਰ ਲੈਕ ਫਿਜ਼ਿਕਸ, ਸ ਸ ਸ ਸ ਕਾਦੀਆਂ, ਲੈਕਚਰਾਰ ਬਾਇਓ ਬਿੰਦੂ ਬਾਲਾ ਸ ਸ ਸ ਸ ਮਸਾਣੀਆ, ਸਰਬਜੀਤ ਸਿੰਘ ਸਾਇੰਸ ਮਾਸਟਰ ਸ ਸ ਸ ਸ ਭਰਥ ਅਤੇ ਸ੍ਰੀਮਤੀ ਨਵਦੀਪ ਨੀਤੂ ਸਾਇੰਸ ਮਿਸਟ੍ਰਸ ਸ ਸ ਸ ਸ ਡੱਲਾ ਨੇ ਨਿਭਾਈ। ਸਾਇੰਸ ਪ੍ਰਦਰਸ਼ਨੀ ਵਿੱਚ ਮੰਨਤ ਸ ਸ ਸ ਸ ਕਾਦੀਆਂ ਨੇ ਪਹਿਲਾ ਸਥਾਨ ਅਤੇ ਵੱਖ-ਵੱਖ ਥੀਮਸ ਵੱਚ ਸ ਸ ਸ ਸ ਡੱਲਾ ਦੇ ਵਿਦਿਆਰਥੀ ਹਰਪ੍ਰੀਤ ਕੌਰ, ਕਿਰਨਦੀਪ ਕੌਰ, ਮਨਿੰਦਰ ਸਿੰਘ, ਨਵਨੀਤ ਸਿੰਘ ਦਾ ਪਰਦਸ਼ਨ ਸ਼ਾਨਦਾਰ ਰਿਹਾ ਅਤੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਇਸ ਤੋਂ ਇਲਾਵਾ ਸ ਮ ਸ ਭੱਟੀਵਾਲ ਦੀ ਵਿਦਿਆਰਥਣ ਸਿਮਰਨ ਕੌਰ ਨੇ ਵੀ ਵਧੀਆ ਮਾਡਲ ਪੇਸ਼ ਕੀਤਾ।ਇਸ ਮੌਕੇ ਇਨਾਮਾਂ ਦੀ ਵੰਡ ਬਲਾਕ ਨੋਡਲ ਅਫ਼ਸਰ ਕਾਦੀਆਂ ਵਿਜੈ ਕੁਮਾਰ ਅਤੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ।ਇਸ ਪ੍ਰਦਰਸ਼ਨੀ ਵਿੱਚ ਜੇਤੂ ਟੀਮਾਂ ਨੂੰ ਸਨਮਾਨਤ ਕੀਤਾ ਅਤੇ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਸਮੇਂ ਹੋਰਨਾਂ ਤੋਂ ਇਲਾਵਾ ਵਿਪਨ ਕੁਮਾਰ, ਗੁਰਟੇਕ ਸਿੰਘ ਅਤੇ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।



# ਪੁਲਸ ਵੱਲੋਂ ਐਂਟੀ ਡਰੱਗ ਅਵੇਅਰਨੈੱਸ ਡੇਅ 'ਤੇ ਅਥਲੈਟਿਕਸ ਮੀਟ ਭਲਕੇ

**ਬਟਾਲਾ (ਤਰਲੋਕ ਬੱਗਾ)**-ਐਸ. ਐਸ.ਪੀ ਬਟਾਲਾ ਸੁਹੇਲ ਕਾਸਿਮ ਮੀਰ ਦੀ ਅਗਵਾਈ ਹੇਠ ਬਟਾਲਾ ਪੁਲਸ ਵਲੋਂ ਐਂਟੀ ਡਰੱਗ ਅਵੇਅਰਨੈੱਸ ਡੇਅ ਅਤੇ ਅਥਲੈਟਿਕਸ ਮੀਟ (2025) ਦਿਨ ਮੰਗਲਵਾਰ 21 ਜਨਵਰੀ ਨੂੰ ਕਰਵਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਤੇਜਿੰਦਰਪਾਲ ਸਿੰਘ ਡੀ. ਐਸ. ਪੀ (ਹੈੱਡਕੁਆਰਟਰ) ਬਟਾਲਾ ਨੇ ਦੱਸਿਆ ਕਿ 21 ਜਨਵਰੀ ਨੂੰ ਐਂਟੀ ਡਰੱਗ ਅਵੇਅਰਨੈੱਸ ਡੇਅ ਅਤੇ ਅਥਲੈਟਿਕਸ ਮੀਟ - 2025 ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਵਿਖੇ ਅਥਲੈਟਿਕਸ ਮੀਟ-2025 ਦੁਪਹਿਰ 12 ਵਜੇ ਤੋਂ 4 ਦੁਪਹਿਰ ਵਜੇ ਤੱਕ ਕਰਵਾਈ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਇਨਾਮਾਂ ਦੀ ਵੰਡ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ, ਜਲੰਧਰ ਰੋਡ ਬਟਾਲਾ ਵਿਖੇ ਸ਼ਾਮ 4 ਤੋਂ 6 ਵਜੇ ਤੱਕ ਕੀਤੀ ਜਾਵੇਗੀ। ਤੇਜਿੰਦਰਪਾਲ ਸਿੰਘ ਡੀ. ਐਸ. ਪੀ (ਐੱਚ) ਬਟਾਲਾ ਨੇ ਅੱਗੇ ਕਿਹਾ ਕਿ ਐਸ ਐਸ ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਵਲੋਂ ਲਗਾਤਾਰ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਖੇਡਾਂ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਟਾਲਾ ਪੁਲਸ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕਰਵਾਉਣ ਦੇ ਨਾਲ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਖ ਵੱਖ ਪੱਧਰ 'ਤੇ ਉਪਰਾਲੇ ਕੀਤੇ ਗਏ ਹਨ।

# ਜਮਹੂਰੀ ਕਿਸਾਨ ਸਭਾ ਵੱਲੋਂ ਡੱਲਾ ਰਾਜਪੂਤਾਂ-ਸਾਹੋਵਾਲ ਦੀ ਵਿਸ਼ੇਸ਼ ਮੀਟਿੰਗ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਸੰਯੁਕਤ ਕਿਸਾਨ ਮੋਰਚਾ 'ਚ ਸ਼ਾਮਲ ਜਮਹੂਰੀ ਕਿਸਾਨ ਸਭਾ ਵੱਲੋਂ ਸੰਯੁਕਤ ਕਿਸਾਨ ਮੋਰਚਾ ਦੀ ਕੌਮੀ ਤਾਲਮੇਲ ਕਮੇਟੀ ਦੇ ਸੁਝਾਵਾਂ ਨੂੰ ਲਾਗੂ ਕਰਨ ਲਈ ਬਾਰਡਰ 'ਤੇ ਸਥਿਤ ਪਿੰਡ ਡੱਲਾ ਰਾਜਪੂਤਾਂ - ਸਾਹੋਵਾਲ ਦੀ ਵਿਸ਼ੇਸ਼ ਮੀਟਿੰਗ ਜੱਗਾ ਸਿੰਘ, ਮੁਖਤਾਰ ਸਿੰਘ, ਸ਼ਮਸ਼ੇਰ ਤੇ ਗਾਇਕ ਗੁਰਪਾਲ ਗਿੱਲ ਦੀ ਪ੍ਰਧਾਨਗੀ 'ਚ ਹੋਈ ਜਿੱਥੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਮੰਡੀਕਰਨ ਨਾਲ ਜੁੜਿਆ ਨਵਾਂ ਖਰੜਾ ਰੱਦ ਕਰਾਉਣ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਵਾਸਤੇ ਕਿ ਮੋਦੀ ਸਰਕਾਰ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਗੱਲਬਾਤ ਤੁਰੰਤ ਸ਼ੁਰੂ ਕਰੇ ਅਤੇ ਮੋਰਚੇ ਦੀਆਂ ਬਾਕੀ ਮੰਗਾਂ ਐਮ ਐਸ ਪੀ ਦੀ ਕਨੂੰਨੀ ਗਰੰਟੀ ਤੇ ਮਜ਼ਦੂਰਾਂ ਕਿਸਾਨਾਂ ਦਾ ਕਰਜ਼ਾ ਰੱਦ ਕਰਾਉਣ ਆਦਿ ਮੰਗਾਂ ਦੀ ਪ੍ਰਾਪਤੀ ਲਈ ਪ੍ਰਧਾਨ ਮੰਤਰੀ ਨੂੰ ਮੋਰਚੇ ਵੱਲੋਂ ਇਸ ਸਬੰਧੀ ਪੱਤਰ ਲਿਖਿਆ ਜਾ ਰਿਹਾ ਹੈ। ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਉਕਤ ਮੰਗਾਂ ਦੇ ਹੱਲ ਲਈ ਦੇਸ਼ ਭਰ 'ਚ ਸਾਰੇ ਲੋਕ ਸਭਾ ਅਤੇ ਰਾਜ ਸਭਾ ਦੇ ਸੰਸਦ ਮੈਂਬਰਾਂ ਨੰ ਜਨਤਕ ਵਫਦ ਮਿਲ ਕੇ ਪੁਰਜ਼ੋਰ ਮੰਗ ਕਰਨਗੇ ਕਿ ਉਹ ਕੇਂਦਰ ਸਰਕਾਰ ਨੂੰ ਲਿਖਣ ਤੇ ਖਾਸ ਕਰਕੇ ਪ੍ਰਧਾਨ ਮੰਤਰੀ ਨੂੰ ਫੌਰੀ ਮਿਲ ਕੇ ਵੀ ਕਹਿਣ ਕਿ ਉਹ ਡੱਲੇਵਾਲ ਦੀ ਜਾਨ ਬਚਾਉਣ ਲਈ ਕੇਂਦਰ ਸਰਕਾਰ ਤੁਰੰਤ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਗੱਲਬਾਤ ਸ਼ੁਰੂ ਕਰਨ। ਉਹਨਾਂ ਅੱਗੇ ਦੱਸਿਆ ਕਿ ਅੰਮ੍ਰਿਤਸਰ ਦੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ 21 ਜਨਵਰੀ ਨੂੰ ਸਾਰੀਆਂ ਜਥੇਬੰਦੀਆਂ ਦੀ ਅਗਵਾਈ 'ਚ ਸੈਂਕੜੇ ਕਿਸਾਨ ਮਜ਼ਦੂਰ ਤੇ ਟਰੇਡ ਯੂਨੀਅਨਾਂ ਦੇ ਕਾਰਕੁੰਨ ਵੱਡੇ ਵਫਦ ਰਾਹੀਂ ਮਿਲਣਗੇ। ਉਹਨਾਂ ਅੱਗੇ ਇਹ ਵੀ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ 'ਤੇ ਦਬਾਅ ਵਧਾਉਣ ਲਈ 26 ਜਨਵਰੀ ਨੂੰ ਪਿੰਡਾਂ, ਬਲਾਕਾਂ ਤੇ ਤਹਿਸੀਲ ਕੇਂਦਰਾਂ ਤੇ ਲੋਕ ਲਾਮਬੰਦੀ ਕਰਨ ਲਈ ਟਰੈਕਟਰਾਂ ਦੇ ਮਾਰਚ ਕੀਤੇ ਜਾਣਗੇ। ਮੀਟਿੰਗ ਵਿੱਚ ਕੇਂਦਰ ਸਰਕਾਰ ਵਿਰੁੱਧ ਨਾਅਰਿਆਂ ਮਾਰਦਿਆਂ ਫੈਸਲਾ ਕੀਤਾ ਕਿ ਉਹ ਵੱਡੀ ਗਿਣਤੀ ਵਿੱਚ ਇਹਨਾਂ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਪੰਚ ਸੋਨਾ ਸਿੰਘ, ਮੈਂਬਰ ਬਲਵੰਤ ਸਿੰਘ, ਮੈਂਬਰ ਸਤਨਾਮ ਸਿੰਘ, ਗੋਗੀ ਆਦਿ ਨੇ ਵੀ ਆਪਣੇ ਵਿਚਾਰ ਰੱਖੇ।



# ਸੁਨੱਖੀ ਪੰਜਾਬਣ ਮੁਟਿਆਰ ਮੁਕਾਬਲਾ 7 ਨੂੰ ਕਰਵਾਇਆ ਜਾਵੇਗਾ : ਚਾਹਲ, ਤੇਜਾ

**ਧਾਰੀਵਾਲ , (ਮਨਦੀਪ ਸਿੰਘ ਵਿੱਕੀ)**

ਲੋਕ ਸੱਭਿਆਚਾਰਕ ਪਿੜ ਗੁਰਦਾਸਪੁਰ ਦੇ ਪਰਵਾਰ ਵੱਲੋਂ ਕਰਵਾਏ ਜਾ ਰਹੇ 'ਸੁਨੱਖੀ ਪੰਜਾਬਣ ਮੁਟਿਆਰ' ਸੱਭਿਆਚਾਰਕ ਮੁਕਾਬਲਾ-2025 ਸਬੰਧੀ ਸੱਭਿਆਚਾਰ ਮੁਕਾਬਲੇ ਦੀ ਰੂਪ-ਰੇਖਾ ਬਾਰੇ ਜਾਣਕਾਰੀ ਦਿੰਦਿਆਂ ਪਿੜ ਦੇ ਬਾਨੀ ਅਜੈਬ ਸਿੰਘ ਚਾਹਲ ਅਤੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬੀ ਭਾਸ਼ਾ, ਲੋਕ-ਕਲਾਵਾਂ ਅਤੇ ਸੱਭਿਆਚਾਰ ਦੀ ਸਹੀ ਪਹਿਚਾਨ ਦੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਦੀ ਸੋਚ ਰੱਖਣ ਵਾਲੀ ਅਤੇ ਧੀਆਂ-ਧਿਆਣੀਆਂ ਨੂੰ ਸੰਭਾਲਣ ਲਈ ਯਤਨਸ਼ੀਲ ਰੈਣ ਵਾਲੀ ਦੀਵੇ ਦੀ ਲੋਅ ਵਰਗੀ ਸੰਸਥਾ ਲੋਕ ਸੱਭਿਆਚਾਰਕ ਪਿੜ ਗੁਰਦਾਸਪੁਰ ਵੱਲੋਂ ਸੱਭਿਆਚਾਰਕ ਮੁਕਾਬਲਾ "ਸੁਨੱਖੀ ਪੰਜਾਬਣ ਮੁਟਿਆਰ" 7 ਫਰਵਰੀ ਨੂੰ ਰਾਮ ਸਿੰਘ ਦੱਤ ਹਾਲ, ਨੇੜੇ ਖਾਲਸਾ ਸਕੂਲ ਗੁਰਦਾਸਪੁਰ ਵਿੱਚ ਸਵੇਰੇ 9 ਵਜੇ ਕਰਵਾਇਆ ਜਾ ਰਿਹਾ ਹੈ। ਜੈਕਬ ਤੇਜਾ ਨੇ ਕਿਹਾ ਕਿ ਇਸ ਮੁਕਾਬਲੇ ਵਿੱਚ 15 ਤੋਂ 32 ਸਾਲ ਦੀ ਉਮਰ ਤੱਕ ਦੀ ਕੋਈ ਵੀ ਚਾਹਵਾਨ ਵਿਆਹੀ/ ਅਣਵਿਆਹੀ ਪੰਜਾਬਣ ਮੁਟਿਆਰ ਭਾਗ ਲੈ ਸਕਦੀ ਹੈ। ਭਾਗ ਲੈਣ ਵਾਲੀਆਂ ਮੁਟਿਆਰਾਂ ਕੋਲੋਂ ਕੋਈ ਵੀ ਕਿਸੇ ਕਿਸਮ ਦੀ ਦਾਖਲਾ ਫੀਸ ਨਹੀਂ ਲਈ ਜਾਵੇਗੀ। ਇਸ ਮੁਕਾਬਲੇ ਦਾ ਪ੍ਰਾਸਪੈਕਟਸ ਅਤੇ ਐਂਟਰੀ ਫਾਰਮ ਆਨਲਾਈਨ ਭਰ ਸਕਦੇ ਹੋ। ਫਾਰਮ ਦਾ ਲਿੰਕ ਫੇਸਬੁੱਕ ਜੈਕਬ ਤੇਜਾ ਜਾਂ ਐੱਲ ਐੱਸ ਪੀ ਜੀ ਐੱਸ ਪੀ ਪੇਜ ਤੋਂ ਪ੍ਰਾਪਤ ਕਰ ਸਕਦੇ ਹੋ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ ਦੇ ਤਿੰਨ ਰਾਊਂਡ ਹੋਣਗੇ। ਪਹਿਲਾ ਗੇੜਾ (ਰਾਊਂਡ) ਡਾਂਸ ਹੋਵੇਗਾ। ਜੱਜ ਸਾਹਿਬਾਨ ਹੇਠ ਦਿੱਤੇ ਗਏ ਗੀਤਾਂ ਵਿੱਚੋਂ ਕਿਸੇ ਇੱਕ 'ਤੇ ਨਾਚ (ਡਾਂਸ) ਕਰਨ ਲਈ ਆਖ ਸਕਦੇ ਹਨ। ਨਾਚ ਦਾ ਸਮਾਂ ਦੋ ਮਿੰਟ ਦਾ ਹੋਵੇਗਾ। ਅੰਬੀਆਂ ਦੇ ਬੂਟਿਆਂ ਤੇ, ਮੱਸਿਆਂ ਦੇ ਮੇਲੇ ਨੂੰ ਜਾਣਾ, ਕੁੜਤੀ ਮੇਰੀ ਛੀਂਟ ਦੀ, ਹਾਏ ਨੀ ਮੇਰਾ ਬਾਲਮ ਇਹਨਾਂ ਪੁਰਾਤਨ ਗੀਤਾਂ ਤੋਂ ਇਲਾਵਾ ਭਾਗੀਦਾਰ ਮੁਟਿਆਰ ਨੂੰ ਇੱਕ ਆਪਣੀ ਪਸੰਦ ਦੇ ਗੀਤ ਜਾਂ ਲੋਕ ਗੀਤ ਉੱਤੇ ਨਾਚ ਦੀ ਪੇਸ਼ਕਾਰੀ ਕਰਨੀ ਹੋਵੇਗੀ। ਪਹਿਲਾ ਗੇੜਾ ਸਫਲ ਹੋਣ 'ਤੇ ਦੂਸਰੇ ਗੇੜ 'ਚ ਮੁਟਿਆਰ ਪਹੁੰਚੇਗੀ। ਮੁਟਿਆਰ ਸਿਰਫ ਆਪਣੇ ਪਸੰਦ ਦੇ ਗੀਤ ਦੀ ਪੈਨ ਡਰਾਇਵ ਨਾਲ ਲੈ ਕੇ ਆਵੇ। ਦੂਜੇ ਗੇੜ ਵਿੱਚ ਹਰ ਭਾਗੀਦਾਰ ਮੁਟਿਆਰ ਤੋਂ ਇਕ ਸਵਾਲ ਪੁੱਛਿਆ ਜਾਵੇਗਾ ਤੇ ਨਾਲ-ਨਾਲ ਘਰੇਲੂ ਕੰਮਕਾਜ ਕਰਵਾ ਕੇ ਦੇਖਿਆ ਜਾਵੇਗਾ। ਤੀਜਾ ਗੇੜ (ਰਾਊਂਡ) ਲਾੜੀ ਰਾਊਂਡ ਹੋਵੇਗਾ। ਹਰ ਭਾਗੀਦਾਰ ਮੁਟਿਆਰ ਲਾੜੀ ਰਾਊਂਡ ਦਾ ਲੋੜੀਂਦਾ ਸਮਾਨ ਆਪ ਲੈ ਕੇ ਆਵੇਗੀ। ਇਸ ਗੇੜ ਵਿੱਚ ਸਿਰਫ ਉਹੀ ਮੁਟਿਆਰਾਂ ਸ਼ਾਮਲ ਹੋਣਗੀਆਂ, ਜਿਹਨਾਂ ਦੀ ਚੋਣ ਪਹਿਲੇ ਅਤੇ ਦੂਸਰੇ ਗੇੜ ਵਿੱਚੋਂ ਨਹੀਂ ਹੋਵੇਗੀ। ਪਹਿਲੇ ਸਥਾਨ 'ਤੇ ਆਉਣ ਵਾਲੀ ਮੁਟਿਆਰ ਨੂੰ ਸੱਗੀ ਫੁੱਲ, ਸ਼ਗਨ ਅਤੇ ਟਰਾਫੀ, ਦੂਸਰੇ ਸਥਾਨ ਵਾਲੀ ਨੂੰ ਬੁਗਤੀਆਂ, ਸ਼ਗਨ ਅਤੇ ਟਰਾਫੀ, ਤੀਜੇ ਸਥਾਨ ਵਾਲੀ ਨੂੰ ਟਿੱਕਾ, ਸ਼ਗਨ ਅਤੇ ਟਰਾਫੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਲੰਮ ਸਲੰਮੀ ਨਾਰ, ਨਸ਼ੀਲੇ ਨੈਣ, ਗਿੱਧਿਆਂ ਦੀ ਮੇਲਣ, ਮੋਰਨੀ ਵਰਗੀ ਧੌਣ, ਸੂਝਵਾਨ ਮੁਟਿਆਰ, ਮੜ੍ਹਕ ਨਾਲ ਤੁਰਨਾ, ਸੋਹਣਾ ਪੰਜਾਬੀ ਪਹਿਰਾਵਾ, ਹਾਸਿਆਂ ਦੀ ਰਾਣੀ, ਸੱਪਣੀ ਵਰਗੀ ਗੁੱਤ, ਮੁੱਖੜਾ ਚੰਨ ਵਰਗਾ, ਮਲੂਕੜੀ ਜਿਹੀ ਮੁਟਿਆਰ, ਸੋਹਣੇ ਗਹਿਣੇ, ਮਿੱਠੜੇ ਬੋਲ, ਮਿਲਾਪੜੀ ਮੁਟਿਆਰ, ਨੰਨ੍ਹੀ ਕਰੂੰਬਲ, ਨਿਰੋਲ ਪਿੜ ਪੇਸ਼ਕਾਰੀ, ਵਿਦਾਇਗੀ ਤੋਰ, ਸ਼ਰਮੀਲੀਆਂ ਅੱਖਾਂ, ਲਾੜੀ ਸਰੂਪ, ਬੁਸਕਣਾ ਦੇ ਖਿਤਾਬ ਦਿੱਤੇ ਜਾਣਗੇ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀ ਹਰ ਮੁਟਿਆਰ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ।

## ਜਨਮ ਦਿਨ ਮੁਬਾਰਕ


ਸੁਖਮਨਪ੍ਰੀਤ ਸਿੰਘ, ਹੁਸ਼ਿਆਰਪੁਰ


ਤਨਿਸ਼ਕਾ, ਮਲੋਟ

# ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀਆਂ ਖਿਲਾਫ ਸਾਂਝਾ ਫਰੰਟ ਵੱਲੋਂ ਸਰਕਾਰ ਨੂੰ ਘੇਰਨ ਦਾ ਫੈਸਲਾ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਦੀ ਮੀਟਿੰਗ ਸਾਂਝਾ ਫਰੰਟ ਦੇ ਕਨਵੀਨਰ ਰਣਜੀਤ ਸਿੰਘ ਰਾਣਵਾ ਦੀ ਪ੍ਰਧਾਨਗੀ ਹੇਠ ਈਸੜੂ ਭਵਨ ਵਿਖੇ ਹੋਈ। ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਆਗੂਆਂ ਸਤੀਸ਼ ਰਾਣਾ, ਜਰਮਨਜੀਤ ਸਿੰਘ, ਕਰਮ ਸਿੰਘ ਧਨੋਆ , ਸਵਿੰਦਰਪਾਲ ਸਿੰਘ ਮੋਲੋਵਾਲੀ , ਭਜਨ ਸਿੰਘ ਗਿੱਲ , ਗਗਨਦੀਪ ਸਿੰਘ ਭੁੱਲਰ, ਗੁਰਪ੍ਰੀਤ ਸਿੰਘ ਗੰਡੀਵਿੰਡ, ਬਾਜ ਸਿੰਘ ਖਹਿਰਾ, ਜਗਦੀਸ਼ ਸਿੰਘ ਚਾਹਲ, ਸੁਸ਼ੀਲ ਕੁਮਾਰ, ਚਮਕੌਰ ਸਿੰਘ ਅਤੇ ਪਵਨ ਕੁਮਾਰ ਨੇ ਆਖਿਆ ਕਿ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਾਂਝਾ ਫਰੰਟ ਵੱਲੋਂ ਲਗਾਤਰ ਵਿਧਾਨ ਸਭਾ ਵੱਲ ਮਾਰਚ ਕੀਤੇ ਜਾਣਗੇ ਅਤੇ ਇਸ ਤੋਂ ਪਹਿਲਾਂ 8 ਫਰਵਰੀ ਤੋਂ 20 ਫਰਵਰੀ ਤੱਕ ਪੰਜਾਬ ਦੇ ਸਮੁੱਚੇ ਵਿਧਾਇਕਾਂ ਨੂੰ ਮਾਸ ਡੈਪੂਟੇਸ਼ਨਾ ਰਾਹੀਂ ਮੰਗ ਪੱਤਰ ਦੇ ਕੇ ਮੰਗ ਕੀਤੀ ਜਾਵੇਗੀ ਕਿ ਪੰਜਾਬ ਦੇ ਮੁਲਾਜਮਾ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਰੱਖਿਆ ਜਾਵੇ। ਇਹਨਾਂ ਐਕਸ਼ਨਾਂ ਦੀ ਤਿਆਰੀ ਲਈ ਸਮੁੱਚੇ ਪੰਜਾਬ ਅੰਦਰ 30 ਜਨਵਰੀ ਨੂੰ ਜਿਲ੍ਹਾ ਕਮੇਟੀਆਂ ਦੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਸਾਂਝਾ ਫਰੰਟ ਦੇ ਉਕਤ ਆਗੂਆਂ ਆਖਿਆ ਕਿ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਸੰਧੂ ਅਤੇ ਜਨਰਲ ਸਕੱਤਰ ਪਿੱਪਲ ਸਿੰਘ ਵੱਲੋਂ ਵੀ ਇਹਨਾਂ ਐਕਸ਼ਨਾ ਵਿੱਚ ਸ਼ਾਮਲ ਹੋਣ ਲਈ ਸਹਿਮਤੀ ਦਿੱਤੀ ਗਈ ਹੈ ਜਿਸ ਦਾ ਸਾਂਝਾ ਫਰੰਟ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ ਹੈ। ਸਾਂਝਾ ਫਰੰਟ ਦੇ ਆਗੂਆਂ ਵੱਲੋਂ ਇਸ ਮੌਕੇ ਸਾਂਝਾ ਫਰੰਟ ਤੋਂ ਬਾਹਰ ਰਹਿੰਦੀਆਂ ਹੋਰ ਧਿਰਾਂ ਨੂੰ ਵੀ ਸਾਮਿਲ ਕਰਾਉਣ ਲਈ ਮਿਲਣ ਦਾ ਫੈਸਲਾ ਕੀਤਾ ਹੈ। ਆਗੂਆਂ ਆਖਿਆ ਕਿ ਪੰਜਾਬ ਸਰਕਾਰ ਦੀ ਮੁਲਾਜਮਾ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਬੇਰੁਖੀ ਦੇ ਖਿਲਾਫ ਭਾਰੀ ਗੁੱਸਾ ਹੈ, ਜਿਸ ਦਾ ਪ੍ਰਗਟਾਵਾ ਇਹਨਾਂ ਐਕਸ਼ਨਾ ਦੌਰਾਨ ਕੀਤਾ ਜਾਵੇਗਾ। ਸਾਂਝਾ ਫਰੰਟ ਵੱਲੋਂ ਮੀਟਿੰਗ ਦੌਰਾਨ ਇੱਕ ਵਿਸੇਸ ਮਤੇ ਰਾਹੀਂ ਕੰਪਿਊਟਰ ਅਧਿਆਪਕਾਂ ਦੇ ਚੱਲ ਰਹੇ ਸੰਘਰਸ਼ ਦੀ ਹਮਾਇਤ ਕੀਤੀ ਅਤੇ 27 ਜਨਵਰੀ ਨੂੰ ਸਾਂਝਾ ਫਰੰਟ ਦੇ ਬੈਨਰ ਹੇਠ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਕੁਲਵਰਨ ਸਿੰਘ, ਸੁਰਿੰਦਰ ਰਾਮ ਕੁੱਸਾ, ਹਰਦੀਪ ਸਿੰਘ ਟੋਡਰਪੁਰ , ਤੀਰਥ ਸਿੰਘ ਬਾਸੀ, ਮਨਜੀਤ ਸਿੰਘ ਗਿੱਲ, ਨਰਿੰਦਰ ਸੈਣੀ, ਕੇਵਲ ਸਿੰਘ ਬਨਵੈਤ, ਸੁਖਮੰਦਰ ਸਿੰਘ , ਸਰਬਜੀਤ ਸਿੰਘ, ਗੁਲਜਾਰ ਖਾਂ, ਦਲਵਾਰਾ ਸਿੰਘ, ਰਮਨਜੀਤ ਸਿੰਘ ਸੰਧੂ , ਜੋਗਿੰਦਰ ਲਾਲ, ਰਸਪਾਲ ਸਿੰਘ, ਸ਼ਿੰਗਾਰਾ ਸਿੰਘ ਆਦਿ ਹਾਜ਼ਰ ਸਨ।



# ਛੋਟਾ ਹਾਥੀ ਤੇ ਮੋਟਰਸਾਈਕਲ ਦੀ ਟੱਕਰ ਦੌਰਾਨ 1 ਮੌਤ, 2 ਵਿਅਕਤੀ ਗੰਭੀਰ ਰੂਪ ਫੱਟੜ

**ਜਲਾਲਾਬਾਦ, (ਜੀਤ ਕੁਮਾਰ)**

ਸੰਘਣੀ ਧੁੰਦ ਕਾਲ ਬਣ ਕੇ ਅੱਜ ਫਿਰ ਆਈ, ਜਿਸ ਦੇ ਚਲਦੇ ਸ੍ਰੀ ਮੁਕਤਸਰ ਸਾਹਿਬ-ਜਲਾਲਾਬਾਦ ਰੋਡ 'ਤੇ ਸਥਿਤ ਪਿੰਡ ਫਲੀਆਂਵਾਲਾ ਵਿਖੇ ਸੇਮ ਨਾਲੇ ਦੇ ਕੋਲ ਅੱਜ ਸਵੇਰੇ ਛੋਟਾ ਹਾਥੀ ਟੈਂਪੂ ਅਤੇ ਮੋਟਰਸਾਈਕਲ ਦੀ ਟੱਕਰ ਹੋਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਜਦੋਂਕਿ ਮੋਟਰਸਾਈਕਲ ਸਵਾਰ 2 ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ ਮੋਟਰਸਾਈਕਲ ਨੰਬਰ 05ਏ ਐਮ 3235 ਸ੍ਰੀ ਮੁਕਤਸਰ ਸਾਹਿਬ ਵਾਲੀ ਸਾਇਡ ਤੋਂ ਜਲਾਲਾਬਾਦ ਨੂੰ ਆ ਰਿਹਾ ਸੀ ਅਤੇ ਰਸਤੇ ਵਿਚ ਪਿੰਡ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਵਿਖੇ ਸੇਮ ਨਾਲੇ ਦੇ ਪੁਲ ਕੋਲ ਸਾਹਮਣੇ ਤੋਂ ਆ ਰਹੇ ਛੋਟੇ ਹਾਥੀ ਟੈਂਪੂ ਦੇ ਨਾਲ ਟੱਕਰ ਹੋ ਗਈ, ਜਿਸ ਨਾਲ ਮੋਟਰਸਾਈਕਲ 'ਤੇ 3 ਵਿਅਕਤੀ ਸਵਾਰ ਸਨ, ਜੋ ਸੜਕ 'ਤੇ ਡਿੱਗ ਪਏ ਅਤੇ ਵਾਪਰੇ ਇਸ ਹਾਦਸੇ ਵਿਚ ਮੋਟਰਸਾਈਕਲ ਚਲਾਕ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਮਹਿੰਦਰ ਸਿੰਘ ਵਾਸੀ ਛਾਂਗਾ ਰਾਏ ਖੁਰਦ (ਮਮਦੋਟ) ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਬੋਬੀ ਸਿੰਘ ਪੁੱਤਰ ਗੁਰਮੇਜ ਸਿੰਘ ਅਤੇ ਕਰਨ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਛਾਂਗਾ ਰਾਏ ਖੁਰਦ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਦਾਖਲ ਕਰਵਾਇਆ ਗਿਆ। ਪਰਮਜੀਤ ਸਿੰਘ ਉਰਫ ਪੰਮਾ ਅਤੇ ਜ਼ਖਮੀ ਵਿਅਕਤੀ ਜੋ ਕਿ ਪ੍ਰੋਗਰਾਮਾਂ ਵਿਚ ਰੋਟੀਆਂ ਪਕਾਉਣ ਦਾ ਕੰਮ ਕਰਦੇ ਸਨ, ਜੋ ਰਾਤ ਨੂੰ ਰੋਟੀਆਂ ਪਕਾਉਣ ਉਪਰੰਤ ਸਵੇਰੇ ਮੋਟਰਸਾਈਕਲ 'ਤੇ ਜਲਾਲਾਬਾਦ ਸ਼ਹਿਰ ਨੂੰ ਆ ਰਹੇ ਸੀ ਤਾਂ ਇਥੇ ਹਾਦਸੇ ਦਾ ਸ਼ਿਕਾਰ ਹੋ ਗਏ। ਦੱਸਿਆ ਜਾ ਰਿਹਾ ਸੀ ਕਿ ਮੋਟਰਸਾਈਕਲ ਚਾਲਕ ਵੱਲੋਂ ਸੜਕ 'ਤੇ ਅੱਗੇ ਜਾ ਰਹੇ ਇਕ ਹੋਰ ਵਹੀਕਲ ਨੂੰ ਕਰਾਸ ਕਰਨ 'ਤੇ ਸਾਹਮਣੇ ਤੋਂ ਛੋਟਾ ਹਾਥੀ ਟੈਂਪੂ ਵਿਚ ਟਕਰਾਉਣ ਨਾਲ ਇਹ ਹਾਦਸਾ ਵਾਪਰਿਆ। ਉਧਰ ਜਿਵੇਂ ਹੀ ਇਸ ਹਾਦਸੇ ਬਾਰੇ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੂੰ ਸੂਚਨਾ ਮਿਲਣ 'ਤੇ ਸਹਾਇਕ ਥਾਣੇਦਾਰ ਮਲਕੀਤ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜ ਗਏ। ਪੁਲਸ ਵੱਲੋਂ ਹਾਦਸਾਗ੍ਰਸਤ ਛੋਟਾ ਹਾਥੀ ਟੈਂਪੂ ਅਤੇ ਮੋਟਰਸਾਈਕਲ ਨੂੰ ਆਪਣੇ ਕਬਜ਼ੇ ਵਿਚ ਲਿਆ ਹੈ।




# 2 ਕਿੱਲੋ 41 ਗ੍ਰਾਮ ਹੈਰੋਇਨ ਸਣੇ 1 ਕਾਬੂ

**ਜਲਾਲਾਬਾਦ, (ਜੀਤ ਕੁਮਾਰ)** - ਜ਼ਿਲ੍ਹਾ ਫਾਜ਼ਿਲਕਾ ਦੇ ਐਸ.ਐਸ.ਪੀ. ਵਰਿੰਦਰ ਸਿੰਘ ਬਰਾੜ ਅਤੇ ਸਬ ਡਵੀਜ਼ਨ ਜਲਾਲਾਬਾਦ ਦੇ ਡੀ.ਐਸ.ਪੀ. ਜਤਿੰਦਰ ਸਿੰਘ ਗਿੱਲ ਦੇ ਆਦੇਸ਼ਾਂ ਤਹਿਤ ਪੁਲਸ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਉਸ ਵੇਲੇ ਭਾਰੀ ਸਫਲਤਾ ਮਿਲੀ, ਜਦ ਥਾਣਾ ਸਦਰ ਦੀ ਪੁਲਸ ਵੱਲੋਂ 2 ਕਿੱਲੋ 41 ਗ੍ਰਾਮ ਹੈਰੋਇਨ ਸਣੇ ਇਕ ਵਿਅਕਤੀ ਨੂੰ ਰੰਗੇ ਹੱਥੀਂ ਕਾਬੂ ਕੀਤਾ ਗਿਆ। ਥਾਣਾ ਸਦਰ ਦੇ ਐਸ.ਐਚ.ਓ. ਅਮਰਜੀਤ ਕੌਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਥਾਣਾ ਸਦਰ ਦੇ ਇਲਾਕੇ ਵਿਚ ਮੌਜੂਦ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬਸਤੀ ਬਾਬਾ ਸਰੂਪ ਦਾਸ ਪੁੱਜੀ ਤਾਂ ਇਤਲਾਹ ਮਿਲੀ ਕਿ ਕੇਵਲ ਸਿੰਘ ਜੋ ਕਿ ਬਾਰਡਰ ਏਰੀਆ ਵਿਚ ਤਾਰਾਂ ਤੋਂ ਪਾਰ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਅੱਗੇ ਸਪਲਾਈ ਕਰਦਾ ਹੈ ਅਤੇ ਅੱਜ ਵੀ ਬਾਰਡਰ ਏਰੀਆ ਦੀ ਤਰਫ ਤੋਂ ਨਾਨਕ ਨਗਰ ਵੱਲ ਨੂੰ ਆ ਰਿਹਾ ਸੀ ਅਤੇ ਜੇਕਰ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਵੱਲੋਂ ਟੀ ਪੁਆਇਟ ਨਾਨਕ ਨਗਰ ਵਿਖੇ ਸ਼ਨੀਵਾਰ ਦੇਰ ਸ਼ਾਮ ਨੂੰ ਕਰੀਬ 10.10 ਵਜੇ ਨਾਕਾਬੰਦੀ ਕਰਕੇ ਕੇਵਲ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਚੱਕ ਬਜੀਦਾ ਨੂੰ 2 ਕਿੱਲੋ 41 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਗਿਆ। ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਮੈਥ ਓਲੰਪੀਅਡ 'ਚ ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸੀ.ਬੀ. ਐਸ. ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਕੇਸ਼ਨ ਗਲੋਬਲ ਡਿਸਕਵਰੀ ਸਕੂਲ, ਰਾਮਪੁਰਾਫੂਲ ਵਿਖੇ ਅੰਤਰਰਾਸ਼ਟਰੀ ਗਣਿਤ ਓਲੰਪੀਆਡ ਦੇ ਲੈਵਲ-1 ਵਿੱਚ ਸਕੂਲ ਦੇ 28 ਵਿਦਿਆਰਥੀਆਂ ਨੇ ਸੋਨ ਤਗਮਾ ਹਾਸਲ ਕੀਤਾ।ਨੌਂ ਵਿਦਿਆਰਥੀ ਵਿਨਾਇਕ ਜਿੰਦਲ, ਅਰਮਾਨ ਗਰਗ, ਤਵੀਸ਼ ਬਾਂਸਲ, ਨਿਤਿਨ ਬਾਂਸਲ, ਐਸ.ਕੇ.ਨਸੀਰ, ਕਵੀਸ਼ ਗੋਇਲ, ਮਯੰਕ ਗਰਗ, ਰਿਸ਼ਿਕਾ, ਈਸ਼ਾਨ ਮੰਗਲਾ ਦੂਜੇ ਪੱਧਰ ਦੀ ਗਣਿਤ ਦੀ ਪ੍ਰੀਖਿਆ ਲਈ ਚੁਣੇ ਗਏ।ਸਕੂਲ ਪ੍ਰਿੰਸੀਪਲ ਅੰਜੂ ਨਾਗਪਾਲ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਅਤੇ ਮਾਰਗਦਰਸ਼ਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਸ਼ਿਆਂ ਦੇ ਮੁਕਾਬਲਿਆਂ ਵਿੱਚ ਬੱਚਿਆਂ ਦੀ ਇਹ ਪ੍ਰਾਪਤੀ ਦਰਸਾਉਂਦੀ ਹੈ ਕਿ ਇਸ ਨਾਲ ਬੱਚਿਆਂ ਵਿੱਚ ਡੂੰਘਾਈ ਨਾਲ ਸਮਝਣ ਦੇ ਹੁਨਰ ਅਤੇ ਪ੍ਰਤਿਭਾ ਵਿੱਚ ਵਾਧਾ ਹੁੰਦਾ ਹੈ।ਸਕੂਲ ਦੇ ਚੇਅਰਮੈਨ ਇੰਜਨੀਅਰ ਕਮਲੇਸ਼ ਸਰਾਫ ਅਤੇ ਵਾਇਸ-ਚੇਅਰਮੈਨ ਅਮਿਤ ਸਰਾਫ ਨੇ ਬੱਚਿਆਂ ਨੂੰ ਮਿਹਨਤ ਅਤੇ ਲਗਨ ਨਾਲ ਲੈਵਲ-2 ਤੱਕ ਪਹੁੰਚਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# 'ਜਿਊਲਰੀ ਦੀ ਦੁਕਾਨ 'ਤੇ ਚੋਰੀ ਕਰਨ ਵਾਲੇ ਛੇਤੀ ਕੀਤੇ ਜਾਣਗੇ ਕਾਬੂ'

**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਜਿਊਲਰੀ ਦੀ ਦੁਕਾਨ 'ਤੇ ਚੋਰੀ ਕਰਨ ਵਾਲਿਆਂ ਨੂੰ ਛੇਤੀ ਹੀ ਕਾਬੂ ਕਰ ਲਿਆ ਜਾਵੇਗਾ। ਪੁਲਸ ਇਸ ਮਾਮਲੇ ਦੀ ਵੱਖ-ਵੱਖ ਤਰੀਕਿਆਂ ਨਾਲ ਛਾਣਬੀਣ ਕਰ ਰਹੀ ਹੈ।ਇਹ ਜਾਣਕਾਰੀ ਥਾਣਾ ਫ਼ਤਿਹਗੜ੍ਹ ਸਾਹਿਬ ਦੇ ਮੁੱਖ ਥਾਣਾ ਅਫਸਰ ਇੰਸਪੈਕਟਰ ਮਲਕੀਤ ਸਿੰਘ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮਾਮਲੇ ਦਾ ਮੁਕਦਮਾ ਦਰਜ ਕਰ ਲਿਆ ਗਿਆ ਹੈ ਤੇ ਦੋਸ਼ੀਆਂ ਨੂੰ ਫੜਨ ਵਾਸਤੇ ਆਧੁਨਿਕ ਢੰਗ ਤਰੀਕਿਆਂ ਨਾਲ ਦੋਸ਼ੀਆਂ ਦੀ ਭਾਲ ਜੰਗੀ ਪੱਧਰ 'ਤੇ ਕੀਤੀ ਜਾ ਰਹੀ ਹੈ।ਮੁੱਖ ਥਾਣਾ ਅਫ਼ਸਰ ਨੇ ਦੱਸਿਆ ਕਿ ਜ਼ਿਲਾ ਪੁਲਿਸ ਮੁਖੀ ਡਾ. ਰਵਜੋਤ ਗਰੇਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੁਲਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਤੇ ਆਮ ਲੋਕਾਂ ਦੀ ਸੁਰੱਖਿਆ ਲਈ ਪੁਲਸ ਦਿਨ-ਰਾਤ ਪੂਰੀ ਮਿਹਨਤ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਦੋਸ਼ੀ ਛੇਤੀ ਹੀ ਪੁਲਸ ਦੀ ਗ੍ਰਿਫ਼ਤ ਵਿੱਚ ਹੋਣਗੇ ਤੇ ਲੋਕਾਂ ਨੂੰ ਇਨਸਾਫ਼ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।ਉਨ੍ਹਾਂ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪੁਲਿਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਵਿੱਚ ਪੂਰਨ ਸਹਿਯੋਗ ਦਿੱਤਾ ਜਾਵੇ ਤੇ ਮਾੜੇ ਅਨਸਰਾਂ ਵਿਰੁੱਧ ਤੁਰੰਤ ਨੇੜੇ ਦੇ ਪੁਲਿਸ ਥਾਣੇ ਵਿੱਚ ਸੂਚਨਾ ਦਿੱਤੀ ਜਾਵੇ ਤਾਂ ਜੁ ਸਮਾਜ ਅੰਦਰ ਅਮਨ ਤੇ ਸ਼ਾਂਤੀ ਬਰਕਰਾਰ ਰੱਖੀ ਜਾਵੇ।

# ਮਹਿਤਪੁਰ ਦੇ ਨਜ਼ਦੀਕ ਚੋਅ 'ਚ ਸਰਕੰਡੇ ਨੂੰ ਲੱਗੀ ਭਿਆਨਕ ਅੱਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਮਹਿਤਪੁਰ ਦੇ ਨਜਦੀਕ ਲੰਘਦੇ ਚੋਅ ਵਿੱਚ ਖੜੇ ਸਰਕੰਡੇ ਨੂੰ ਭਿਆਨਕ ਅੱਗ ਨੇ ਕਹਿਰ ਮਚਾਇਆ ਤੇ ਲੱਖਾਂ ਰੁਪਏ ਦਾ ਸਰਕੰਡਾ ਸੜ ਕੇ ਤਬਾਹ ਹੋਣ ਤੇ ਸਰਕਾਰ ਦੀਆਂ ਅਣਗਹਿਲੀਆਂ ਦੀ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਪਾਰਟੀ ਮੀਤ ਪ੍ਰਧਾਨ ਸੋਨੂ ਮਹਿਤਪੁਰ ਨੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਫਾਇਰ ਬ੍ਰਿਗੇਡ ਦੀ ਸਹਾਇਤਾ ਨਾਲ ਕਾਫੀ ਹੱਦ ਤੱਕ ਅੱਗ ਉਤੇ ਕਾਬੂ ਪਾਇਆ ਗਿਆ ਮੌਕੇ ਉਤੇ ਪਹੁੰਚ ਕਿ ਫਾਇਰ ਬ੍ਰਿਗੇਡ ਦੀ ਸਹਾਇਤਾ ਲਈ, ਅਗਰ ਸਮਾਂ ਰਹਿੰਦੇ ਧਿਆਨ ਨਾ ਦਿੱਤਾ ਹੁੰਦਾ ਤਾਂ ਨਜਦੀਕ ਰਹਿ ਰਹੇ ਗੁਜਰਾ ਦੇ ਕੁਲ ਨੂੰ ਭਾਰੀ ਨੁਕਸਾਨ ਹੋ ਸਕਦਾ ਸੀ।ਧੀਮਾਨ ਨੇ ਕਿਹਾ ਕਿ ਚੋਆਂ ਵਿਚ ਸਰਕੰਡਾਂ ਲੱਖਾਂ ਰੁਪਏ ਦੀ ਆਮਦਨ ਦਾ 'ਸਾਧਨ ਹੈ।ਭਾਵੇਂ ਇਹ ਸਰਕੰਡਾ ਸਰਕਾਰੀ ਹੈ ਜਾਂ ਫਿਰ ਲੋਕਾਂ ਦੀ ਨੀਜੀ ਮਾਲਕੀ ਹੈ।ਇਸ ਸਰਕੰਡੇ ਦੀ ਵਰਤੋਂ ਕਰਨਾ ਸਰਕਾਰ ਦੀ ਸਿਆਣਪ ਹੀ ਹੋਵੇਗੀ।ਪਰ ਇਸ ਅੱਗ ਨੇ ਲੱਖਾਂ ਰੁਪਏ ਦੇ ਸਰਕੰਡੇ ਦਾ ਭਾਰੀ ਨੁਕਸਾਨ ਕੀਤਾ ਹੈ।ਅਗਰ ਸਮਾਂ ਰਹਿੰਦੇ ਇਸ ਸਰਕੰਡੇ ਦੀ ਨਿਲਾਮੀ ਕੀਤੀ ਹੁੰਦੀ ਤਾਂ ਨਾ ਤਾਂ ਵਾਤਾਵਰਣ ਪਲੀਤ ਹੁੰਦਾ, ਨਾ ਹੀ ਪੰਛੀਆਂ ਤੇ ਜਾਨਵਰਾ ਦੇ ਰਹਿਣ ਵਸੇਰੇ ਉਜੜਦੇ ਤੇ ਨਾ ਹੀ ਫਾਇਰ ਬ੍ਰਿਗੇਡ ਉਤੇ ਆਰਥਿਕ ਬੋਝ ਵਧਦਾ।ਅੱਗ ਬਹੁਤ ਹੀ ਭਿਆਨਕ ਸੀ।ਇਨ੍ਹਾਂ ਸਾਰੀਆਂ ਅਣਗਹਿਲੀਆਂ ਲਈ ਪੰਜਾਬ ਸਰਕਾਰ ਦੀ ਮੈਨੇਜਮੈਂਟ ਜ਼ੁੰਮੇਵਾਰ ਹੈ।ਏਹੀ ਅਣਗਹਿਲੀਆਂ ਕਾਰਨ ਪੰਜਾਬ ਅੰਦਰ ਆਰਥਿਕ ਨੁਕਸਾਨ ਹੋ ਰਿਹਾ ਹੈ।ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਜ਼ੁੰਮੇਵਾਰ ਅਧਿਕਾਰੀਆਂ ਦੇ ਵਿਰੁਧ ਸਖਤ ਕਾਰਵਾਈ ਕੀਤੀ ਜਾਵੇ ਤਾਂ ਕਿ ਅੱਗੇ ਤੋਂ ਅਜਿਹੀ ਘਟਨਾ ਨਾ ਵਾਪਿਰ ਸਕੇ।ਧੀਮਾਨ ਨੇ ਕਿਹਾ ਕਿ ਫਾਇਰ ਬ੍ਰਿਗੇਡ ਦੀ ਗੱਡੀ ਜਦੋਂ ਚੋਅ ਵਿਚ ਅੰਦਰ ਤੱਕ ਨਹੀਂ ਪਹੁੰਚੀ ਤਾਂ ਉਨ੍ਹਾਂ ਕਾਮਿਆਂ ਨੇ ਦਰਖਤਾਂ ਦੀਆ ਟਾਹਣੀਆਂ ਦੀ ਸਹਾਇਤਾ ਨਾਲ ਵੱਡਾ ਰਿਸਕ ਲੈ ਕੇ ਅੱਗ ਬੁਝਾਉਣ ਵਿਚ ਅਪਣਾ ਬਣਦਾ ਯੋਗਦਾਨ ਪਾਇਆ ਤੇ ਉਨ੍ਹਾਂ ਦੇ ਨਾਲ ਉਥੇ ਰਹਿ ਰਹੇ ਲੋਕਾਂ ਨੇ ਵੀ ਪੂਰਾ ਸਹਿਯੋਗ ਦਿੱਤਾ।



# ਖੇਤੀਬਾੜੀ ਵਿਭਾਗ ਦੀ ਟੀਮ ਵੱਲੋਂ ਕੀਟਨਾਸ਼ਕ ਤੇ ਖਾਦ ਵਿਕਰੇਤਾਵਾਂ ਦੀਆਂ ਦੁਕਾਨਾਂ ਦੀ ਚੈਕਿੰਗ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਕਿਸਾਨਾਂ ਨੂੰ ਚਾਲੂ ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਅਤੇ ਨਦੀਨਨਾਸ਼ਕ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਫ਼ਰੀਦਕੋਟ ਸ਼ਹਿਰ ਵਿੱਚ ਖਾਦ ਵਿਕਰੇਤਾਵਾਂ ਦੇ ਕਾਰੋਬਾਰੀ ਅਦਾਰਿਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਦੀ ਅਗਵਾਈ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕੀਤੀ। ਟੀਮ ਵਿਚ ਡਾ. ਰਮਨਦੀਪ ਸਿੰਘ ਬਲਾਕ ਖੇਤੀਬਾੜੀ ਅਫਸਰ, ਸ਼ਮਿੰਦਰ ਸਿੰਘ ਬਲਾਕ ਤਕਨਾਲੋਜੀ ਪ੍ਰਬੰਧਕ, ਪ੍ਰੀਤ ਸਿੰਘ ਸਹਾਇਕ ਤਕਨਾਲੋਜੀ ਪ੍ਰਬੰਧਕ ਸ਼ਾਮਲ ਸਨ। ਟੀਮ ਵੱਲੋਂ ਵੱਖ ਵੱਖ ਦੁਕਾਨਾਂ ਤੋਂ ਖਾਦਾਂ ਦੇ ਨਮੂਨੇ ਭਰ ਕੇ ਪਰਖ ਲਈ ਪ੍ਰਯੋਗਸ਼ਾਲਾ ਵਿਚ ਭੇਜ ਦਿੱਤੇ ਗਏ।ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਵਿੱਚ ਕਣਕ ਦੀ ਫ਼ਸਲ ਵਿਚ ਛੋਟੇ ਖੁਰਾਕੀ ਤੱਤਾਂ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਖਾਦਾਂ ਖਾਸ ਕਰਕੇ ਛੋਟੇ ਖੁਰਾਕੀ ਤੱਤਾਂ ਦਾ ਛਿੜਕਾਅ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖੁਰਾਕੀ ਤੱਤਾਂ ਦੀ ਭਾਵੇਂ ਫ਼ਸਲ ਨੂੰ ਬਹੁਤ ਘੱਟ ਮਾਤਰਾ ਵਿਚ ਜ਼ਰੂਰਤ ਹੁੰਦੀ ਹੈ ਪਰ ਇਹ ਖੁਰਾਕੀ ਤੱਤ ਫ਼ਸਲ ਲਈ ਬਹੁਤ ਜ਼ਰੂਰੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਖੁਰਾਕੀ ਤੱਤਾਂ ਦਾ ਛਿੜਕਾਅ ਜ਼ਰੂਰਤ ਅਨੁਸਾਰ ਹੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ਾਂ ਅਨੁਸਾਰ ਹੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਯੂਰੀਆ ਕਾਲਾਬਜ਼ਾਰੀ ਅਤੇ ਜਮਾਂਖੋਰੀ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਖਾਦ ਵਿਕਰੇਤਾਵਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਰੋਜ਼ਾਨਾ ਦੁਕਾਨ 'ਤੇ ਯੂਰੀਆ ਖਾਦ ਦਾ ਸਟਾਕ ਬੋਰਡ ਵਿਚ ਸਟਾਕ ਵਿਚ ਮੌਜੂਦ ਖਾਦ ਦੀ ਮਾਤਰਾ ਅਤੇ ਕੀਮਤ ਲਿਖੀ ਹੋਣੀ ਚਾਹੀਦੀ ਹੈ। ਉਨ੍ਹਾਂ ਸਮੂਹ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਅਤੇ ਖਾਦ ਦੀ ਹੋਈ ਵਿਕਰੀ ਦਾ ਸਟਾਕ ਪੋਸ ਮਸ਼ੀਨਾਂ ਵਿਚੋਂ ਰੋਜ਼ਾਨਾ ਕੱਢਿਆ ਜਾਵੇ । ਉਨ੍ਹਾਂ ਕਿਹਾ ਕਿ ਡੀਲਰਾਂ /ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ, ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ ।ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਡਾ. ਰਮਨਦੀਪ ਸਿੰਘ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ 'ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।



# ਸੰਗਰੂਰ ਪੁਲਸ ਵੱਲੋਂ ਹਫਤੇ 'ਚ 18 ਮੁਕੱਦਮੇ ਦਰਜ, 14 ਮੁਲਜ਼ਮ ਕੀਤੇ ਗ੍ਰਿਫਤਾਰ : ਚਾਹਲ

**ਸੰਗਰੂਰ, (ਪ੍ਰਵੀਨ ਸਿੰਘ)**

ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਇੱਕ ਹਫਤੇ 'ਚ 18 ਮੁਕੱਦਮੇ ਦਰਜ ਕਰਕੇ 14 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਐਸ ਐਸ ਪੀ ਨੇ ਦੱਸਿਆ ਕਿ ਮਿਤੀ 11.01.2025 ਤੋਂ 17.01.2025 ਤੱਕ ਡਰੱਗ ਦੇ 08 ਮੁਕੱਦਮੇ ਦਰਜ ਕਰਕੇ 08 ਕਥਿਤ ਦੋਸ਼ੀ ਕਾਬੂ ਕਰਕੇ 48 ਗ੍ਰਾਮ ਹੈਰੋਇਨ, 2.500 ਕਿੱਲੋ ਗਾਂਜਾ ਅਤੇ 290 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 10 ਮੁਕੱਦਮੇ ਦਰਜ ਕਰਕੇ 06 ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 222 ਲੀਟਰ ਸ਼ਰਾਬ ਠੇਕਾ ਦੇਸੀ, 26.250 ਲੀਟਰ ਸ਼ਰਾਬ ਅੰਗਰੇਜੀ, 0.500 ਲੀਟਰ ਸ਼ਰਾਬ ਨਜਾਇਜ਼ ਅਤੇ 370 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਜੂਆ ਐਕਟ ਤਹਿਤ ਵੀ 01 ਮੁਕੱਦਮਾ ਦਰਜ ਕਰਕੇ 01 ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ 7,450/- ਰੁਪਏ ਬ੍ਰਾਮਦ ਕਰਵਾਏ ਗਏ। ਇਸ ਮੌਕੇ ਐਸ ਐਸ ਪੀ. ਸਰਤਾਜ ਸਿੰਘ ਚਾਹਲ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਪੁਲਿਸ ਪ੍ਰਸ਼ਾਸ਼ਨ ਦੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ, ਸਪੋਰਟਸ ਕਲੱਬਾਂ ਅਤੇ ਹੋਰਨਾਂ ਵੱਖ-ਵੱਖ ਵਰਗਾਂ ਦੇ ਮੋਹਤਵਰ ਵਿਅਕਤੀਆਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਇਸ ਹਫਤੇ ਦੌਰਾਨ ਵੱਖ ਵੱਖ ਗਜ਼ਟਿਡ ਅਫਸਰਾਂ ਵੱਲੋਂ 22 ਪਿੰਡਾਂ ਅਤੇ ਸ਼ਹਿਰਾਂ ਵਿੱਚ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਹੈ।



## ਕਿਸਾਨਾਂ ਦੀਆਂ ਮੰਗਾਂ ਨਾ ਮੰਨਣ 'ਤੇ ਰੋਸ ਵਜੋਂ 26 ਨੂੰ ਟਰੈਕਟਰ ਮਾਰਚ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਹਰਬੰਸ ਸਿੰਘ ਸੰਘਾ ਮੈਂਬਰ ਐਸ ਕੇ ਐਮ ਪੰਜਾਬ ਨੇ ਇੱਕ ਪ੍ਰੈਸ ਬਿਆਨ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸਕੱਤਰੇਤ ਦੇ ਹਾਜ਼ਰ ਮੈਂਬਰਾਂ ਦੀ ਮੀਟਿੰਗ 'ਚ ਬੀਤੇ ਕੱਲ੍ਹ ਦੀਆਂ ਘਟਨਾਵਾਂ ਦੇ ਮੱਦੇ ਨਜ਼ਰ ਫੈਸਲਾ ਕੀਤਾ ਹੈ ਕਿ 20 ਜਨਵਰੀ ਨੂੰ ਲੋਕ ਸਭਾ ਤੇ ਰਾਜਸਭਾ ਦੇ ਮੈਂਬਰਾਂ ਦੇ ਘਰਾਂ ਮੂਹਰੇ ਧਰਨੇ ਦੇ ਕੇ ਮੰਗ ਪੱਤਰ ਦੇਣ ਦਾ ਫੈਸਲਾ ਹਾਲ ਦੀ ਘੜੀ ਵਾਪਸ ਲੈ ਲਿਆ ਗਿਆ ਹੈ। ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਕਿਸਾਨੀ ਮੰਗਾਂ ਨਾਲ ਸੰਬੰਧਿਤ ਮੰਗ ਪੱਤਰ ਉਹ ਸਾਰੇ ਸੰਸਦ ਮੈਂਬਰਾਂ ਨੂੰ ਈਮੇਲ ਰਾਹੀਂ ਭੇਜ ਦਿੱਤਾ ਜਾਵੇਗਾ। ਸਕੱਤਰੇਤ ਨੇ ਇਹ ਵਿਚਾਰ ਬਣਾਇਆ ਕਿ 26 ਜਨਵਰੀ ਦਾ ਪ੍ਰੋਗਰਾਮ ਸਾਰੇ ਦੇਸ ਚ ਬਹੁਤ ਵੱਡੇ ਪੈਮਾਨੇ ਤੇ ਲਾਗੂ ਕੀਤਾ ਜਾਵੇ। ਸਾਰੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਹੈ ਕਿ ਉਹ 26 ਜਨਵਰੀ ਨੂੰ ਕੱਢੇ ਜਾਣ ਵਾਲੇ ਟਰੈਕਟਰ ਮਾਰਚ ਦੀਆਂ ਤਿਆਰੀਆਂ ਵਿੱਚ ਜੁਟ ਜਾਣ।

## ਗਣਤੰਤਰ ਦਿਵਸ ਸਮਾਗਮ ਦੇ ਸੰਬੰਧ 'ਚ ਫਲੈਗ ਮਾਰਚ



**ਗੁਰਾਇਆ (ਬਿੰਦਰ ਸੁਮਨ)**-ਐਸ ਐਸ ਪੀ ਜਲੰਧਰ ਦੇ ਆਦੇਸ਼ਾਂ ਤੇ ਡੀ ਐਸ ਪੀ ਜਲੰਧਰ ਸ਼ੀਤਲ ਸਿੰਘ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਫਿਲੌਰ ਅਧੀਨ ਥਾਣਿਆਂ ਵਿੱਚ 26 ਜਨਵਰੀ ਗਣਤੰਤਰਾਂ ਦਿਵਸ ਦੇ ਸਬੰਧ ਵਿੱਚ ਫਲੈਗ ਮਾਰਚ ਕੱਢਿਆ ਗਿਆ, ਗੁਰਾਇਆ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀ ਐਸ ਪੀ ਜਲੰਧਰ ਸ਼ੀਤਲ ਸਿੰਘ ਅਤੇ ਐਸ ਐਚ ਓ ਗੁਰਾਇਆ ਸਕਿੰਦਰ ਸਿੰਘ ਨੇ ਕਿਹਾ ਕਿ 100 ਪੁਲਸ ਕਰਮਚਾਰੀਆਂ ਦੀ ਹਾਜ਼ਰੀ 'ਚ ਇਹ ਮਾਰਚ ਕੱਢਿਆਂ ਗਿਆ। ਉਨ੍ਹਾਂ ਕਿਹਾ ਫਲੈਗ ਮਾਰਚ ਕੱਢਣ ਦਾ ਮਕਸਦ ਕਿ 26 ਜਨਵਰੀ ਗਣਤੰਤਰਾਂ ਦਿਵਸ ਸਹੀ ਢੰਗ ਨਾਲ ਮਨਾਇਆ ਜਾਵੇ, ਉਨਾਂ ਮਾੜੇ ਅਨਸਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਗੜਬੜੀ ਕਰਨ ਵਾਲਿਆਂ ਨੂੰ ਬਖ਼ਸ਼ਿਆਂ ਨਹੀਂ ਜਾਵੇਗਾ। ਇਸ ਮੌਕੇ ਸਬ ਡਵੀਜ਼ਨ ਫਿਲੌਰ ਦੇ ਥਾਣੇ ਮੁਖੀ ਵੀ ਹਾਜ਼ਰ ਸਨ।

# ਬਿਰਧ ਆਸ਼ਰਮ 'ਚ ਰਾਸ਼ਨ ਸੇਵਾ ਭੇਜੀ



**ਬਰੇਟਾ (ਰੀਤਵਾਲ)**-ਸਥਾਨਕ ਜੈ ਕਾਲੀ ਮਾਤਾ ਮੰਡਲ ਵੱਲੋਂ ਮੰਦਰ ਸ੍ਰੀ ਹਨੂੰਮਾਨ ਨਗਰ ਖੇੜਾ ਘਰਾਚੋਂ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਬਿਰਧ ਆਸ਼ਰਮ ਘਰਾਚੋਂ ਵਿਚ ਰਾਸ਼ਨ ਸੇਵਾ ਭੇਜੀ ਗਈ। ਮੰਡਲ ਦੇ ਮੁੱਖ ਸੇਵਾਦਾਰ ਗੁਰਦੀਪ ਸ਼ਰਮਾ ਨੇ ਦੱਸਿਆ ਕਿ ਮਲੇਰਕੋਟਲਾ ਬੱਚਿਆਂ ਦੇ ਆਸ਼ਰਮ ਵਿਚ ਭੋਜਨ ਕਰਾਇਆ ਜਾਵੇਗਾ ਅਤੇ 28 ਜਨਵਰੀ ਨੂੰ ਮਨੁੱਖਤਾ ਦੇ ਸੇਵਾ ਆਸ਼ਰਮ ਹਸਨਪੁਰ ਵਿਖੇ ਦੋ ਕੁਇੰਟਲ ਦੁੱਧ ਦੀ ਸੇਵਾ ਭੇਜੀ ਜਾਵੇਗੀ । ਮੰਡਲ ਦੇ ਮੁੱਖ ਸੇਵਾਦਾਰ ਗੁਰਦੀਪ ਸ਼ਰਮਾ ਨੇ ਦਾਨੀ ਸੱਜਣਾਂ ਨੂੰ ਇਕ ਸੁਨੇਹਾ ਵੀ ਦਿੱਤਾ ਹੈ ਕਿ ਬੱਚਿਆਂ ਦੇ ਜਨਮ ਦਿਨ ਅਤੇ ਕਿਸੇ ਵੀ ਖੁਸ਼ੀ ਵਿਚ ਸੇਵਾ ਦੇਣ ਲਈ ਵੀ ਸੰਪਰਕ ਕਰ ਸਕਦੇ ਹੋ । ਤੁਹਾਡੇ ਵੱਲੋ ਦਿੱਤੀ ਗਈ ਸੇਵਾ ਅਸੀਂ ਲੋੜਵੰਦਾ ਤੱਕ ਪਹੁੰਚਾਵਾਂਗੇ।

# ਸਰਪੰਚ ਗੁਰਬਖਸ਼ ਸਿੰਘ ਰਸੂਲਪੁਰ ਨੂੰ ਕੀਤਾ ਸਨਮਾਨਿਤ

ਜਗਰਾਉ (ਅਮਿਤ ਖੰਨਾ) ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ, ਕਰਨਜੀਤ ਸਿੰਘ ਸੋਨੀ ਗਾਲਿਬ ਤੇ ਬਲਾਕ ਪ੍ਰਧਾਨ (ਦਿਹਾਤੀ) ਨਵਦੀਪ ਸਿੰਘ ਗਰੇਵਾਲ ਨੇ ਸਰਪੰਚ ਗੁਰਬਖਸ਼ ਸਿੰਘ ਰਸੂਲਪੁਰ (ਮੱਲ੍ਹਾ) ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਇਲਾਕੇ ਦੇ ਪਿੰਡਾਂ ਦੇ ਵਿਕਾਸ ਲਈ ਐਮ ਪੀ ਕੋਟੇ ਵਿਚੋਂ ਗ੍ਰਾਂਟਾਂ ਦੇ ਗੱਫੇ ਦਿੱਤੇ ਜਾਣਗੇ। ਸਰਪੰਚ ਗੁਰਬਖਸ਼ ਸਿੰਘ ਰਸੂਲਪੁਰ ਨੇ ਜਗਤਾਰ ਸਿੰਘ ਜੱਗਾ, ਸੋਨੀ ਗਾਲਿਬ ਤੇਨਵਦੀਪ ਗਰੇਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਿੰਡ ਦੇ ਵਿਕਾਸ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਮੌਕੇ ਪਰਮਜੀਤ ਸਿੰਘ ਪਰਮਾ ਰਸੂਲਪੁਰ, ਬਲਵੰਤ ਸਿੰਘ ਬੰਤਾ ਰਸੂਲਪੁਰ, ਚਰਨ ਸਿੰਘ, ਕਰਨੈਲ ਸਿੰਘ, ਹਰਪ੍ਰੀਤ ਸਿੰਘ ਹੌਬੀ, ਵਰਿੰਦਰ ਸਿੰਘ, ਰਣਜੋਧ ਸਿੰਘ ਜਨੇਤਪੁਰਾ, ਪਰਵੀ ਰਸੂਲਪੁਰ, ਸੇਵਕਪ੍ਰੀਤ ਸਿੰਘ, ਜਗਤਾਰ ਸਿੰਘ, ਸੁਖਦੀਪ ਸਿੰਘ, ਅਮਰੀਕ ਸਿੰਘ, ਸਨਜੋਤ ਸਿੰਘ ਜਨੇਤਪੁਰਾ ਤੇ ਮਨਜੀਤ ਸਿੰਘ ਆਦਿ ਹਾਜ਼ਰ ਸਨ।



# ਬ੍ਰਿਟਿਸ਼ ਕੋਐਡ ਹਾਈ ਸਕੂਲ ਦੀ ਦੀਆ ਗੁਪਤਾ ਨੇ ਓਲੰਪੀਆਡ ਪ੍ਰੀਖਿਆ 'ਚ ਪ੍ਰਾਪਤ ਕੀਤਾ ਪਹਿਲਾ ਰੈਂਕ

**ਪਟਿਆਲਾ, (ਰਾਜਿੰਦਰ ਸਿੰਘ ਥਿੰਦ)**

ਪੰਜਾਬ ਤੋਂ ਦੀਆ ਗੁਪਤਾ ਲਈ ਮਾਣ ਵਾਲਾ ਪਲ! ਸਾਨੂੰ ਖੁਸ਼ੀ ਹੈ ਕਿ ਦਿ ਬ੍ਰਿਟਿਸ਼ ਕੋਐਡ ਹਾਈ ਸਕੂਲ, ਦੇਵੀਗੜ੍ਹ ਰੋਡ ਪਟਿਆਲਾ ਦੀ 8ਵੀਂ ਜਮਾਤ ਦੀ ਹੁਸ਼ਿਆਰ ਵਿਦਿਆਰਥਣ ਦੀਆ ਗੁਪਤਾ ਨੇ ਵੱਕਾਰੀ ਰਾਜ-ਪੱਧਰੀ ਓਲੰਪੀਆਡ ਪ੍ਰੀਖਿਆ ਵਿੱਚ ਪਹਿਲਾ ਰੈਂਕ ਹਾਸਲ ਕਰਕੇ ਪਟਿਆਲਾ ਅਤੇ ਪੰਜਾਬ ਦਾ ਮਾਣ ਵਧਾਇਆ ਹੈ। ਉਸ ਨੇ ਆਈ ਐਮ ਡੀ ਦੁਆਰਾ ਪ੍ਰਦਾਨ ਕੀਤੀ ਆਨਲਾਈਨ ਸਮੱਗਰੀ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਅਤੇ ਰਾਜ ਪੱਧਰੀ ਆਨਲਾਈਨ ਓਲੰਪੀਆਡ ਵਿੱਚ ਭਰੋਸੇ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸ ਦੇ ਦ੍ਰਿੜ ਇਰਾਦੇ ਅਤੇ ਤਿਆਰੀ ਨੇ ਇਸ ਉੱਚ ਪ੍ਰਤੀਯੋਗੀ ਪ੍ਰੀਖਿਆ ਵਿੱਚ ਫਲ ਦਿੱਤਾ। ਆਪਣੀ ਪ੍ਰਾਪਤੀ ਦੇ ਹਿੱਸੇ ਵਜੋਂ, ਦੀਆ ਨੂੰ ਨਵੀਂ ਦਿੱਲੀ ਵਿੱਚ ਆਈ ਐਮ ਡੀ ਦੀ 150ਵੀਂ ਵਰ੍ਹੇਗੰਢ ਦੇ ਜਸ਼ਨ ਵਿੱਚ ਸ਼ਾਮਲ ਹੋਣ ਦਾ ਅਸਾਧਾਰਨ ਮੌਕਾ ਮਿਲਿਆ। ਇਸ ਸਮਾਗਮ ਨੂੰ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ , ਐਂਡਰੀਆ ਸੇਲੇਸਟੇ ਸਾਊਲੋ ਮੈਮ, ਵਿਸ਼ਵ ਮੌਸਮ ਵਿਗਿਆਨ ਸੰਗਠਨ ਦੇ ਡਾਇਰੈਕਟਰ ਜਨਰਲ ਅਤੇ ਡਾ. ਜਤਿੰਦਰ ਸਿੰਘ ਸਰ ਬਤੌਰ ਮੁੱਖ ਮਹਿਮਾਨ, ਪੀਐਮ ਸਰ ਦੀ ਮੌਜੂਦਗੀ ਵਿੱਚ ਖੜ੍ਹਨਾ, ਐਂਡਰੀਆ ਸੇਲੇਸਟੇ ਸਾਊਲੋ ਮੈਮ ਦੇ ਨਾਲ ਇੱਕ ਅਰਥਪੂਰਨ ਗੱਲਬਾਤ ਵਿੱਚ ਸ਼ਾਮਲ ਹੋਣਾ ਅਤੇ ਆਈ ਐਮ ਡੀ ਦੇ ਪਤਵੰਤਿਆਂ ਨਾਲ ਗੱਲਬਾਤ ਕਰਨਾ ਦੀਆ ਲਈ ਜੀਵਨ ਵਿੱਚ ਇੱਕ ਵਾਰੀ ਅਨੁਭਵ ਸੀ। ਉਸ ਦੀਆਂ ਸ਼ਾਨਦਾਰ ਪ੍ਰਾਪਤੀਆਂ ਸਾਨੂੰ ਸਾਰਿਆਂ ਨੂੰ ਪ੍ਰੇਰਿਤ ਕਰਦੀਆਂ ਹਨ ਅਤੇ ਪੰਜਾਬ ਦੇ ਨੌਜਵਾਨ ਦਿਮਾਗਾਂ ਦੀ ਅਦੁੱਤੀ ਸਮਰੱਥਾ ਨੂੰ ਰੇਖਾਂਕਿਤ ਕਰਦੀਆਂ ਹਨ।



## ਕੈਂਟਰ-ਕਾਰ ਦੀ ਟੱਕਰ 'ਚ ਔਰਤ ਜਖਮੀ

**ਬਲਾਚੌਰ ਜਨਵਰੀ ( ਜਸਵਿੰਦਰ ਬੈਂਸ )**-ਰੋਪੜ ਬਲਾਚੌਰ ਰੋਡ 'ਤੇ ਅਸ਼ੋਕ ਲੇਲੈਂਡ ਕੈਂਟਰ ਗੱਡੀ ਅਤੇ ਕਾਰ ਦੀ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਸਾਹਮਣੇ ਟੋਲ ਪਲਾਜ਼ਾ ਬਛੂਆਂ ਤੇ ਇੱਕ ਅਸ਼ੋਕ ਲੇਲੈਂਡ ਕੈਂਟਰ ਗੱਡੀ ਸਾਈਡ 'ਤੇ ਖੜੀ ਸੀ ਜਿਸ ਦਾ ਨੰਬਰ ਜੇ ਕੇ 21ਜੀ 9737 ਜਿਸ ਨੂੰ ਸੁਰਿੰਦਰ ਕੁਮਾਰ ਪੁੱਤਰ ਕਸਤੂਰੀ ਲਾਲ ਚਲਾ ਰਿਹਾ ਸੀ ਟਰੱਕ ਰੋਡ 'ਤੇ ਸਾਈਡ ਨੂੰ ਖੜਾ ਸੀ ਜੋ ਕਿ ਰੋਪੜ-ਬਲਾਚੌਰ ਸਾਈਡ ਜਾਣਾ ਅਤੇ ਇੱਕ ਸਕਾਰਪੀਓ ਐਨ ਕਾਰ ਜੋ ਰੋਪੜ ਤੋਂ ਬਲਾਚੌਰ ਸਾਈਡ ਜਾ ਰਹੀ ਸੀ। ਇਸ ਕਾਰ ਦਾ ਨੰਬਰ ਪੀ ਬੀ 08ਐਫ ਸੀ 9309 ਜਿਸ ਨੂੰ ਕਿ ਮਨੋਜ ਕੁਮਾਰ ਪੁੱਤਰ ਹਰਦੇਵ ਰਾਜ ਵਾਸੀ ਕੋਟਲਾ ਜਿਲ੍ਹਾਂ ਜਲੰਧਰ ਚਲਾ ਰਿਹਾ ਸੀ। ਜਦੋਂ ਇਹ ਕਾਰ ਉਪਰੋਕਤ ਸਥਾਨ ਤੇ ਪਹੁੰਚੀ ਤਾਂ ਅੱਗੇ ਖੜੇ ਟਰੱਕ ਨਾਲ ਟਕਰਾਈ ਜਿਸ ਨਾਲ ਕਾਰ ਵਿੱਚ ਸਵਾਰ ਔਰਤ ਜਖਮੀ ਹੋ ਗਈ। ਜਿਸ ਨੂੰ ਐਸ ਐਸ ਐਫ ਦੀ ਟੀਮ ਵੱਲੋਂ ਜਖਮੀ ਹੋਈ ਔਰਤ ਨੂੰ ਫਸਟਏਡ ਦੇਣ ਤੋਂ ਬਾਅਦ ਟੋਲ ਪਲਾਜ਼ਾ ਦੀ ਐਂਬੂਲੈਂਸ ਰਾਹੀਂ ਇਲਾਜ ਲਈ ਬਲਾਚੌਰ ਦੇ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਇਸ ਹਾਦਸੇ ਸੰਬੰਧੀ ਥਾਣਾ ਕਾਠਗੜ੍ਹ ਨੂੰ ਸੂਚਿਤ ਕਰ ਦਿੱਤਾ ਅਤੇ ਥਾਣਾ ਕਾਠਗੜ੍ਹ ਤੋਂ ਇੰਸਪੈਕਟਰ ਪੂਰਨ ਸਿੰਘ ਮੌਕੇ ਪਹੁੰਚ ਗਏ ਹਾਦਸੇ ਦੇ ਕਾਰਨਾਂ ਦੀ ਜਾਂਚ ਵਿੱਚ ਜੁਟ ਗਏ।



# ਕੁਲਵਿੰਦਰ ਸਿੰਘ ਦੀ ਬੇਵਕਤੀ ਮੌਤ ਨਾਲ ਇਲਾਕੇ 'ਚ ਸੋਗ ਦੀ ਲਹਿਰ

**ਬਲਾਚੌਰ ਜਨਵਰੀ (ਜਸਵਿੰਦਰ ਬੈਂਸ)**-ਨਗਰ ਕੌਂਸਲ ਬਲਾਚੌਰ 'ਚ ਪੈਂਦੇ ਪਿੰਡ ਮਹਿੰਦੀਪੁਰ ਨਿਵਾਸੀ ਨੌਜਵਾਨ ਕੁਲਵਿੰਦਰ ਸਿੰਘ ਕਿੰਦਾ(44) ਦੀ ਅਚਾਨਕ ਹੋਈ ਮੌਤ ਨਾਲ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ। ਮਰਹੂਮ ਕੁਲਵਿੰਦਰ ਸਿੰਘ ਨਗਰ ਕੌਂਸਲ ਬਲਾਚੌਰ ਜੂਨੀਅਰ ਸਹਾਇਕ ਵਜੋਂ ਨੌਕਰੀ ਕਰਦਾ ਸੀ ਬੀਤੀ ਰਾਤ ਅਚਾਨਕ ਹੀ ਉਨ੍ਹਾਂ ਦੀ ਤਬੀਅਤ ਵਿਗੜ ਗਈ, ਜਿਸ ਤੋਂ ਉਹ ਵਿਛੋੜਾ ਗਏ। ਕੁਲਵਿੰਦਰ ਸਿੰਘ ਕਿੰਦਾ ਆਪਣੇ ਪਿੱਛੇ ਮਾਤਾ-ਪਿਤਾ, ਭੈਣ ਭਰਾਵਾਂ, ਪਤਨੀ ਅਤੇ ਦੋ ਬੱਚਿਆਂ ਨੂੰ ਛੱਡ ਗਏ। ਮਰਹੂਮ ਕੁਲਵਿੰਦਰ ਸਿੰਘ ਇਲਾਕੇ ਦੇ ਉੱਘੇ ਸਮਾਜ ਸੇਵੀ ਐਨ ਆਰ ਆਈ ਨੰਬਰਦਾਰ ਨਿਰਪਾਲ ਸਿੰਘ ਸੇਰਗਿੱਲ ਦੇ ਭਾਣਜੇ ਅਤੇ ਜਤਿੰਦਰ ਸਿੰਘ ਹੈਪੀ ਦੇ ਛੋਟੇ ਭਰਾ ਸਨ। ਇਸ ਮੌਕੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ, ਸਾਬਕਾ ਵਿਧਾਇਕ ਦਰਸਨ ਲਾਲ ਮੰਗੂਪੁਰ, ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਨੀਲ ਕੌਸਲ ਲਾਡੀ, ਸਾਬਕਾ ਪ੍ਰਧਾਨ ਰਾਣਾ ਰਣਦੀਪ ਕੌਸਲ, ਰਵਿੰਦਰ ਸਿੰਘ ਘੁੰਮਣ, ਗਿਆਨ ਸਿੰਘ ਭਨੂੰ, ਯਸਪਾਲ ਸਰਮਾ, ਰਮੇਸ ਸਰਮਾ, ਬਾਬੂ ਆਤਮਾ ਰਾਮ, ਕੌਂਸਲਰ ਪਰਮਿੰਦਰ ਪੰਮਾ, ਕੌਂਸਲਰ ਨਿਰਮਲਾ ਦੇਵੀ, ਸਾਬਕਾ ਕੌਂਸਲਰ ਸੋਢੀ ਸਿੰਘ, ਸਾਬਕਾ ਕੌਂਸਲਰ ਰਾਮਾ ਧੀਮਾਨ, ਸਾਬਕਾ ਕੌਂਸਲਰ ਜੋਗਿੰਦਰ ਪਾਲ ਚੇਲਾ, ਮਹਿੰਦਰ ਸਿੰਘ ਰਾਣਾ, ਨੰਬਰਦਾਰ ਸੁਰਿੰਦਰ ਸਿੰਘ ਸਿੰਦੀ, ਸੁੰਦਰ ਸਿੰਘ, ਭਗਤ ਸਿੰਘ ਗਹੀਰ, ਸੁਖਵਿੰਦਰ ਸਿੰਘ ਸੁੱਖਾ, ਨਗਰ ਕੌਂਸਲ ਬਲਾਚੌਰ ਦੇ ਸਮੂਹ ਸਟਾਫ ਅਤੇ ਹੋਰ ਵੱਖ ਵੱਖ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਪਰਵਾਰ ਨਾਲ ਕਦੇ ਵੀ ਪੂਰਾ ਨਾ ਹੋਣ ਵਾਲੇ ਇਸ ਘਾਟੇ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



# ਜਦੋਂ ਧਰਤੀ 'ਤੇ ਪਾਪ ਵਧਦਾ ਤਾਂ ਭਗਵਾਨ ਅਵਤਾਰ ਦੇ ਰੂਪ 'ਚ ਜਨਮ ਲੈਂਦੇ : ਸਵਾਮੀ ਯਮਨਾਪੁਰੀ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**

ਸਥਾਨਕ ਸ੍ਰੀ ਰਮੇਸ਼ਵਰ ਸ਼ਿਵ ਮੰਦਰ ਅਤੇ ਧਰਮਸ਼ਾਲਾ ਵਿਖੇ ਸ੍ਰੀਮਦ ਭਾਗਵਤ ਕਥਾ ਸ਼ਿਵ ਯੋਗੀ ਤਰੁਣ ਤਪੱਸਵੀ ਸ੍ਰੀ ਸ੍ਰੀ 1008 ਮਹਾ ਮੰਡਲੇਸ਼ਵਰ ਸਵਾਮੀ ਯਮੁਨਾਪੁਰੀ ਮਹਾਰਾਜ ਹਰਿਦੁਆਰ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ। ਇਸ ਮੌਕੇ ਕਥਾ ਪ੍ਰਵਚਨ ਕਰਦੇ ਹੋਏ ਸਵਾਮੀ ਯਮੁਨਾਪੁਰੀ ਨੇ ਕਿਹਾ ਕਿ ਜਦੋਂ ਜਦੋਂ ਧਰਤੀ 'ਤੇ ਪਾਪ ਵਧਦਾ ਹੈ ਤਾਂ ਭਗਵਾਨ ਵੱਖ ਵੱਖ ਅਵਤਾਰਾਂ ਦੇ ਵਿੱਚ ਜਨਮ ਲੈਂਦੇ ਹਨ ਅਤੇ ਪਾਪ ਦਾ ਅੰਤ ਕਰਦੇ ਹਨ। ਉਹਨਾਂ ਦੱਸਿਆ ਕਿ ਭਗਵਾਨ ਵੱਖ-ਵੱਖ ਯੁਗਾਂ 'ਚ ਪਾਪੀਆਂ ਦਾ ਅੰਤ ਕਰ ਚੁੱਕੇ ਹਨ। ਕਲਯੁਗ 'ਚ ਪ੍ਰਭੂ ਦਾ ਸਿਮਰਨ ਹੀ ਮੋਕਸ਼ ਦਾ ਰਾਹ ਹੈ ਅਤੇ ਸ੍ਰੀਮਦ ਭਾਗਵਤ ਕਥਾ ਸੁਣਨ ਨਾਲ ਪ੍ਰਭੂ ਦਾ ਸਿਮਰਨ ਹੁੰਦਾ ਹੈ ਅਤੇ ਆਤਮਾ ਨੂੰ ਗਿਆਨ ਪ੍ਰਾਪਤ ਹੁੰਦਾ ਅਤੇ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਮੌਕੇ ਪ੍ਰਧਾਨ ਬਲਵਿੰਦਰ ਸ਼ਰਮਾ, ਸੀਨੀਅਰ ਉਪ ਪ੍ਰਧਾਨ ਸੋਮਨਾਥ ਵਰਮਾ, ਪਰਮ ਅਗਰਵਾਲ, ਕੇਸਰ ਚੰਦ, ਰਜੀਵ ਬਿੰਦਲ, ਗੁਰਮੀਤ ਸ਼ਰਮਾ, ਵਿਨੋਦ ਗਰਗ, ਭੋਲਾ ਕੁਲਾਰ ਅਤੇ ਹੋਰ ਮੌਜੂਦ ਸਨ।



# ਵਿਧਵਾ ਨਾਲ ਠੱਗੀ ਮਾਰਨ ਦੇ ਮਾਮਲੇ 'ਚ ਦੋ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** -ਇੱਕ ਵਿਧਵਾ ਔਰਤ ਨੂੰ ਉਸ ਦੇ ਮਰ ਚੁੱਕੇ ਪਤੀ ਦੇ ਮਹਿਕਮੇ ਤੋਂ ਬਕਾਇਆ ਰਾਸ਼ੀ ਅਤੇ ਕਲੇਮ ਵਗੈਰਾ ਦਵਾਉਣ ਦੇ ਨਾਂਅ 'ਤੇ ਉਸ ਨਾਲ 10 ਲੱਖ 35 ਹਜ਼ਾਰ ਰੁਪਏ ਦੀ ਠੱਗੀ ਮਾਰੇ ਜਾਣ ਦੇ ਕਥਿਤ ਮਾਮਲੇ 'ਚ ਥਾਣਾ ਅਮਲੋਹ ਦੀ ਪੁਲਸ ਵੱਲੋਂ ਚੰਡੀਗੜ੍ਹ ਵਿਖੇ ਰਹਿ ਰਹੇ ਇੱਕ ਵਿਆਹੁਤਾ ਜੋੜੇ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਔਰਤ ਨੇ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਸ ਦੇ ਪਤੀ ਦੀ ਮੌਤ ਹੋ ਜਾਣ ਮਗਰੋਂ ਉਨ੍ਹਾਂ ਦੀ ਥਾਂ ਉਸ ਨੂੰ ਪਾਵਰਕਾਮ 'ਚ ਨੌਕਰੀ ਮਿਲੀ ਸੀ।ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਹੈਪੀ ਸਿੰਘ ਅਤੇ ਕੁਲਵਿੰਦਰ ਕੌਰ ਨੇ ਉਸ ਦੇ ਪਤੀ ਦੇ ਮਹਿਕਮੇ ਤੋਂ ਬਕਾਇਆ ਰਾਸ਼ੀ ਦਿਵਾਉਣ ਅਤੇ ਹੋਰ ਕਲੇਮ ਵਗੈਰਾ ਦਿਵਾਉਣ ਦਾ ਝਾਂਸਾ ਦੇ ਕੇ ਉਸ ਤੋਂ 10 ਲੱਖ 35 ਹਜ਼ਾਰ ਰੁਪਏ ਠੱਗ ਲਏ।ਉਹ ਜਦੋਂ ਹੈਪੀ ਸਿੰਘ ਕੋਲ ਆਪਣੇ ਪੈਸੇ ਵਾਪਸ ਮੰਗਣ ਲਈ ਗਈ ਤਾਂ ਹੈਪੀ ਸਿੰਘ ਨੇ ਉਸ ਨੂੰ ਧਮਕੀਆਂ ਦਿੱਤੀਆਂ ਤੇ ਉਸ ਦੇ ਥੱਪੜ ਮਾਰੇ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਹੈਪੀ ਸਿੰਘ ਅਤੇ ਕੁਲਵਿੰਦਰ ਕੌਰ ਵਾਸੀਆਨ ਚੰਡੀਗੜ੍ਹ ਵਿਰੁੱਧ ਥਾਣਾ ਅਮਲੋਹ ਵਿਖੇ ਮੁਕੱਦਮਾ ਦਰਜ ਕਰਵਾ ਕੇ ਬੁੱਗਾ ਕਲਾਂ ਚੌਂਕੀ ਦੇ ਇੰਚਾਰਜ ਥਾਣੇਦਾਰ ਤਰਨਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਵੱਖ-ਵੱਖ ਜਥੇਬੰਦੀਆਂ ਵੱਲੋਂ ਮਜ਼ਦੂਰਾਂ ਦੇ ਘਰਾਂ ਨੂੰ ਨਸ਼ਾ ਤਸਕਰਾਂ ਵੱਲੋਂ ਸਾੜਨ ਦੀ ਘਟਨਾ ਦੀ ਨਿਖੇਧੀ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪਿੰਡ ਦਾਨ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ ਦੀ ਦਾਣਾ ਮੰਡੀ ਵਿੱਚ ਅੱਜ ਜ਼ਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਮਜ਼ਦੂਰਾਂ ਦੇ ਅੱਠ ਘਰਾਂ ਨੂੰ ਨਸ਼ਾ ਤਸਕਰਾਂ ਵਲੋਂ ਪੈਟਰੋਲ ਬੰਬਾਂ ਨਾਲ ਸਾੜਨ ਦੀ ਘਟਨਾ ਦੀ ਸਖਤ ਸਬਦਾਂ ਵਿੱਚ ਨਿਖੇਧੀ ਕੀਤੀ ਗਈ। ਪੁਲਿਸ ਵਲੋਂ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਗਿਰੋਹ ਨੂੰ ਬਚਾਉਣ ਲਈ ਇਸ ਨੂੰ ਦੋ ਗਰੁੱਪਾਂ ਦੀ ਲੜਾਈ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਅੱਜ ਪੁਲਿਸ ਨੇ ਸਾਰੀ ਮਜ਼ਦੂਰ ਬਸਤੀ ਨੂੰ ਘੇਰਾ ਪਾਇਆ ਹੋਇਆ ਸੀ। ਜੇਕਰ ਰੈਲੀ ਘਟਨਾ ਤੋਂ ਪਹਿਲਾਂ ਕੀਤੀ ਹੁੰਦੀ ਤਾਂ ਇਹ ਕਾਂਡ ਨਾ ਵਾਪਰਦਾ। ਰੈਲੀ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਮਾਸਟਰ ਸੇਵਕ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਮੱਖਣ ਸਿੰਘ ਤਲਵੰਡੀ, ਮਜ਼ਦੂਰ ਮੁਕਤੀ ਮੋਰਚਾ ਵੱਲੋਂ ਲਿਬਰੇਸ਼ਨ ਵਲੋਂ ਅਮੀ ਲਾਲ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ, ਰਾਜਵਿੰਦਰ ਸਿੰਘ ਰਾਣਾ ਸੂਬਾਈ ਪ੍ਰਧਾਨ ਏਕਟੂ, ਗੁਰਨਾਮ ਸਿੰਘ ਦਾਊਦ ਜਨਰਲ ਸਕੱਤਰ ਦਿਹਾਤੀ ਮਜ਼ਦੂਰ ਸਭਾ ਗੁਰਪ੍ਰੀਤ ਸਿੰਘ ਬੀ ਕੇ ਯੂ ਉਗਰਾਹਾਂ ਮਜ਼ਦੂਰ ਆਗੂ ਬਲਕਾਰ ਸਿੰਘ ਅਤੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਆਗੂਆਂ ਨੇ ਸੰਬੋਧਨ ਕੀਤਾ। ਸਾਰੇ ਹੀ ਆਗੂਆਂ ਵੱਲੋਂ ਪੁਲੀਸ ਨੂੰ ਸੂਚਿਤ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਾ ਕਰਨ ਲਈ ਪੁਲਿਸ ਦੀ ਨਿਖੇਧੀ ਕੀਤੀ। ਅਖੀਰ ਵਿੱਚ ਐਕਸ਼ਨ ਕਮੇਟੀ ਵੱਲੋਂ ਕੀਤੇ ਫੈਸਲੇ ਅਨੁਸਾਰ 28 ਜਨਵਰੀ ਨੂੰ ਬਠਿੰਡਾ ਵਿਖੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮਿੱਠੂ ਸਿੰਘ ਘੁੱਦਾ, ਸੁਰਜੀਤ ਸਿੰਘ ਸਰਦਾਰ ਗੜ੍ਹ, ਰਾਜਾ ਸਿੰਘ, ਰਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

